Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਸਿੱਖ ਤੇ ਸਿੱਖੀ

ਹਰਿੰਦਰ ਸਿੰਘ "ਰੂਪ"

ਕਰਤਾ—

"ਨਵੇਂ ਪੰਧ" "ਡੂੰਘੇ ਵਹਿਣ" ਪੰਜਾਬ ਦੀਆਂ ਵਾਰਾਂ
ਤੇ ਸ਼ਾਨਾਂ ਮੇਰੇ ਪੰਜਾਬ ਦੀਆਂ ਆਦਿ ।

ਪਤਾ—ਹਿੰਦ ਪਬਲਿਸ਼ਰਜ਼ ਲਿਮਿਟਿਡ ਲਾਹੌਰ

Digitized by Panjab Digital Library | www.panjabdigilib.org

ਕਰਤਾ ਦੀ ਆਗਿਆ ਨਾਲ ਕੇਵਲ ਏਹ ਇਕ ਐਡੀਸ਼ਨ
ਸ੍ਰ: ਖੀਵਾ ਸਿੰਘ ਮਾਲਕ–ਅਖਬਾਰ ਪੰਜਾਬ
ਕਟੜਾ ਬਘੀਆਂ ਵਾਲਾ ਅੰਮ੍ਰਿਤਸਰ ਨੇ ਛਾਪੀ ।

ਪਹਿਲੀ ਵਾਰ ਫਰਵਰੀ ੧੯੪੭
੬੦੦ ਕਾਪੀਆਂ

ਮੂਲ ੩)

'ਨਰਿੰਦ੍ਰ ਪ੍ਰਿੰਟਿੰਗ ਪ੍ਰੈਸ' ਕਟੜਾ ਜਲ੍ਹਿਆਂ ਵਾਲਾ ਅੰਮ੍ਰਿਤਸਰ ਵਿਚ
ਗਿ: ਗੁਰਚਰਨ ਸਿੰਘ 'ਸਾਖੀ' ਪ੍ਰਿੰਟਰ ਦੇ ਪ੍ਰਬੰਧ ਹੇਠ ਛਪਿਆ ।

Digitized by Panjab Digital Library | www.panjabdigilib.org

# ਦੋ ਤਸਵੀਰਾਂ
# ਲੇਖਾਂ ਦਾ ਵੇਰਵਾ


੧. ਬਾਬੇ ਕੇ ਬਾਬਰ ਕੇ ਦੋਊ ੯
੨. ਸਿੱਖ ਕਵੀਆਂ ਦੇ ਧਿਆਨ ਯੋਗ ੧੪
੩. ਸਿੱਖਾਂ ਦੇ ਉਪਕਾਰ ੧੯
੪. ਸਾਡਾ ਸਤਲੁਜ ੨੨
੫. ਜਰਨੈਲ ਮੋਹਨ ਸਿੰਘ ਨਾਲ ਗੱਲ ਬਾਤ ੨੬
੬. ਸਿੱਖਾ ਦੀ ਮੁੱਢਲੀ ਸਿਆਸਤ ੩੨
੭. ਸਿੱਖ ਕਰਮ ਯੋਗੀ ਹਨ ੩੫
੮. ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਮੋਹਰਾ ਕਸ਼ੀ ੪੦
੯. ਦਰਬਾਰ ਸਾਹਿਬ ਦੇ ਹੁਨਰਾਂ ਬਾਰੇ ੪੫
੧੦. ਹਰਿਮੰਦਰ ਸਾਹਿਬ ਦੇ ਹੁਨਰਾਂ ਨੂੰ ਬਚਾਓ ੫੨
੧੧. ਸਿੱਖ ਗੁਰੂ ਤੇ ਚਿਤ੍ਰ ਕਲਾ ੫੬
੧੨. ਗੁਰਬਾਣੀ ਦਾ ਪ੍ਰਚਾਰ ੬੦
੧੩. ਗੁਰਬਾਣੀ ਤੇ ਚਿਤ੍ਰਕਲਾ ੬੪
੧੪. ਕਾਲੀ ਕੋਇਲ ਤੂੰ ਕਿਤ ਗੁਣ ਕਾਲੀ ੭੨
੧੫. ਨੇੜੈ ਦਿਸੈ ਮਾਤ ਲੋਕ ਤੁਧ ਸੁਝੈ ਦੂਰ ੭੬
੧੬. ਜੇ ਤਉ ਪਿਰੀਆ ਦੀ ਸਿਕ ੭੯
੧੭. ਜੋਬਨ ਜਾਂਦੇ ਨਾ ਡਰਾ ੮੨
੧੮. ਮਨਿ ਜੀਤੈ ਜਗੁ ਜੀਤੁ ੮੬




Digitized by Panjab Digital Library | www.panjabdigilib.org

| | |
|---|---|
| ੧੯. ਇਨੀ ਨਿਕੀ ਜੰਘੀਐ ਥਲੁ ਡੂਗਰਿ ਭਵਿਓਮਿ | ੮੯ |
| ੨੦. ਭਿੰਨੀ ਰੈਨੜੀਐ ਚਮਕਣ ਤਾਰੇ | ੯੧ |
| ੨੧. ਨਦਰੀ ਪਵੈ ਅਕਿਰਤਘਣ ਮਤ ਹੋਇ ਵਿਣਾਸੁ | ੯੫ |
| ੨੨. ਗੁਰੂ ਨਾਨਕ ਦੀ ਤਸਵੀਰ | ੧੦੦ |
| ੨੩. ਨਮੋ ਸੋਗ ਸੋਗੇ | ੧੦੪ |
| ੨੪. ਮੁਸਲਮਾਨ ਤੇ ਸਿੱਖ | ੧੦੭ |
| ੨੫. ਸਿੱਖ ਤੇ ਹਿੰਦੂ | ੧੧੧ |
| ੨੬. ਸਿੱਖਾਂ ਵਿਚ ਇਲਮੀ ਘਾਟਾ | ੧੧੭ |
| ੨੭. ਸਿੱਖਾਂ ਦਾ ਦਰਦੀ | ੧੨੨ |
| ੨੮. ਸਿੱਖ ਤੇ ਫਿਲਮਾਂ | ੧੨੭ |
| ੨੯. ਪੰਥ ਦਾ ਮਸ਼ਹੂਰ ਨਕਾਸ਼ ਘਰਾਣਾ | ੧੩੧ |
| ੩੦. ਸਾਡੇ ਪ੍ਰਕਾਰਕ | ੧੩੭ |
| ੩੧. ਗੁਰਪੁਰਬ | ੧੪੧ |
| ੩੨. ਸਿਖਾਂ ਵਿਚ ਬੀਰਖਾ | ੧੪੫ |
| ੩੩. ਸਾਡੀਆਂ ਧਰਮਸਾਲਾਂ | ੧੫੧ |
| ੩੪ ਸਿੰਘਾਂ ਦਾ ਕਵੀ | ੧੫੫ |
| ੩੫ ਗਵਾਂਢੀਆਂ ਵੱਲ ਵੀ ਤੱਕੋ | ੧੬੦ |
| ੩੬ ਸਿੱਖ ਤੇ ਚਿਤ੍ਰਕਲਾ | ੧੬੫ |
| ੩੭ ਸਰਦਾਰ ਠਾਕਰ ਸਿੰਘ ਆਰਟਿਸਟ | ੧੭੦ |
| ੩੮ ਸਾਡੇ ਸ਼ਹੀਦ ਗੰਜ | ੧੭੬ |
| ੩੯ ਸੰਨ ਸਤਵੰਜਾ ਕਾ ਗ਼ਦਰ ਤੇ ਸਿੱਖ | ੧੭੯ |
| ੪੦ ਪੰਥ ਦਾ ਮਹਾਂ ਵਿਦਵਾਨ | ੧੮੨ |
| ੪੧ ਚਲੋ ਪੰਜਾਬੋਂ ਬਾਹਰ | ੧੯੩ |
| ੪੨ ਅਰਦਾਸ | ੧੯੭ |




Digitized by Panjab Digital Library | www.panjabdigilib.org

ਸਿਖ ਮਿਸ਼ਨ ਦੇ ਸੱਚੇ ਪ੍ਰਚਾਰਕ, ਸਿੱਖੀ ਆਦਰਸ਼ ਦੇ ਨਮੂਨੇ,
ਕਲਚਰ ਤੇ ਸਿਖ ਆਰਟ ਦੇ ਰਖਵਾਲੇ, ਪੰਥ ਦੇ ਮਹਾਂ ਵਿਦਵਾਨ,
ਸ਼੍ਰੀ ਭਾਈ ਸੰਤ ਸਿੰਘ ਜੀ ਗਿਆਨੀ

ਦੀ ਹਜ਼ੂਰੀ ਵਿੱਚ—

ਓਹਨਾਂ ਦੇ ਅੱਲ੍ਹੜ ਬੱਚੇ

—ਹਰਿੰਦਰ—

ਵੱਲੋਂ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਸਿੱਖ ਤੇ ਸਿੱਖੀ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org



ਭਾਈ ਕਿਸ਼ਨ ਸਿੰਘ ਚਿਤ੍ਰਕਾਰ ਦੇ ਹੁਨਰ ਦਾ ਨਮੂਨਾ

Digitized by Panjab Digital Library | www.panjabdigilib.org

# ਬਾਬੇ ਕੇ ਬਾਬਰ ਕੇ ਦੋਊ,
# ਆਪ ਕਰੇ ਪਰਮੇਸ਼ਰ ਸੋਊ

[ਦਸਮ ਗ੍ਰੰਥ]

ਕਈ ਵਾਰ ਮੁਸੱਵਰ ਕਾਲੇ ਦੇ ਸਾਹਮਣੇ ਚਿੱਟਾ, ਪੀਲੇ ਸਾਹਮਣੇ ਨੀਲਾ, ਇਕ ਦਮ ਦੂਸਰੇ ਰੰਗ ਨਾਲੋਂ ਵਖਰਾ ਰੰਗ ਲਾ ਕੇ, ਚੀਜ਼ ਨੂੰ ਉਘਾੜਦਾ ਹੈ। ਏਸੇ ਤਰ੍ਹਾਂ ਦੇ ਰੰਗੀ ਹੁਨਰ ਦਾ ਮਾਸਟਰ ਮੁਸੱਵਰ ਗੋਰਕ ਸ ਛੇ ਪੰਜਾਬ ਦੇ ਪਹਾੜਾਂ ਵਿਚ ਵੱਸਿਆ ਹੈ। ਓਹ ਕਈ ਵਾਰ ਅੱਗ ਦਾ ਸੀਨ ਲਾਲ ਪੀਲਾ ਦੇ ਕੇ, ਸਾਹਮਣੇ ਖਲੋਤੇ ਆਦਮੀਆਂ ਨੂੰ, ਕਾਲਾ ਕਰਕੇ, ਅੱਗ ਦੀ ਚੌਣੀ ਚਮਕ ਪੈਦਾ ਕਰਦਾ ਹੈ। ਈਕਣ ਹੀ ਸਾਹਿਤ ਵਿਚ ਮਹਾਂ ਕਵੀ ਆਪਣੇ ਨਾਇਕ ਨੂੰ ਸਵਾਰਨ ਵਾਸਤੇ, ਓਹਦੇ ਸਾਹਮਣੇ ਨਖਿੱਧ ਸੁਭਾ ਦਾ ਬੰਦਾ ਲਿਆ ਖਲਿਹਾਰਦਾ ਹੈ। ਕੈਦੋ ਲੰਙੇ ਤੋਂ ਵਾਰਸ ਸ਼ਾਹ ਨੇ ਏਹੋ ਕੰਮ ਲਿਆ ਹੈ। ਪਰਮੇਸ਼ਰ ਵੀ ਮਹਾਨ ਹੁਨਰਕਾਰ ਹੈ। ਦਿਨ ਦੀ ਬਰਕਤ ਦੱਸਣ ਲਈ ਰਾਤ ਬਣਾਈ ਸੂ। ਅੱਖੀਆਂ ਦੀ ਕਦਰ ਪਵਾਉਣ ਲਈ ਅੰਨ੍ਹਿਆਂ ਨੂੰ ਜਨਮ ਦਿਤਾ ਸੂ। ਗੱਲ ਕੀ, ਮੁਕਾਬਲੇ ਨਾਲ ਹਰ ਸ਼ੈ ਦੀ ਕਦਰ ਵਧਦੀ ਹੈ। ਏਸ ਤਰ੍ਹਾਂ ਬਾਬੇ ਕਿਆਂ ਦੀ, ਬਾਬਰ ਕਿਆਂ ਕਰਕੇ, ਇਤਿਹਾਸ ਨੂੰ ਕੀ, ਮਨੁਖਤਾ ਤੇ ਰੰਗਤ ਚੜ੍ਹੀ ਹੈ।

ਬਾਬਰ ਆਇਆ, ਗੁਰੂ ਨਾਨਕ ਦੇਵ ਜੀ ਨੂੰ ਵੀ ਚੱਕੀ ਪੀਹਣੀ ਪਈ। ਜਿਸ ਇਨਸਾਨ ਨੇ ਲੋਕ-ਸੇਵਾ ਦਾ ਬੀੜਾ ਚੁਕਿਆ ਸੀ, ਅਜ ਬੇਦੋਸ਼ਾ ਆਮ ਲੋਕਾਂ ਦੇ ਨਾਲ ਚੱਕੀ ਪੀਹ ਰਿਹਾ ਹੈ, ਏ. ਕਲਾਮ ਨਹੀਂ ਮੰਗੀ, ਕੋਈ ਰਿਆਇਤ ਨਹੀਂ ਲੋਚਦਾ; ਮਰਦਾਨੇ ਤੋਂ ਚਾਰ ਪਰਾਗੇ ਨਹੀਂ

ਕਢਾਏ, ਹਮੂੰ ਹਸੂੰ ਚਿਹਰੇ ਆਪ ਹੀ ਕੰਮ ਕੀਤਾ ਹੈ। ਪਾਪ ਦੀ ਜੰਞ ਚੜ੍ਹੀ ਹੋਈ ਸੀ। ਅੰਨ੍ਹੀ ਪਈ ਹੋਈ ਸੀ; ਕਿਸ ਨੂੰ ਕਹਿੰਦੇ? ਡੋਰਿਆਂ ਅੱਗੇ ਲੋਕ-ਹਿਤ ਦਾ ਰਾਗ ਗਉਂਕੇ ਕੀ ਫ਼ਾਇਦਾ ਸੀ? ਹਾਂ, ਆਪ ਨੇ ਓਸ ਨੂੰ ਕਿਹਾ, ਜਿਹੜਾ ਵੇਖਦਾ ਸੀ। ਓਸ ਨੂੰ ਸੁਣਾਇਆ, ਜਿਹੜਾ ਸੁਣ ਸਕਦਾ ਸੀ। ਓਸ ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ ਨੂੰ ਤਾਅਨਾ ਮਾਰਿਆ, ਜਿਸਦੀ ਅਸਲੀ ਰਈਅਤ ਰੋ ਰਹੀ ਸੀ।

ਪਾਣੀ-ਪੱਤ ਦੇ ਮੈਦਾਨ ਵਿਚ, ਇਬਰਾਹੀਮ ਲਧੀ ਨੇ, ਲੰਬੀ ਪਈ ਇੱਟ ਦੇ ਵਾਂਗ, ਫ਼ੌਜ ਖਲਿਹਾਰ ਦਿੱਤੀ। ਬਾਬਰ ਹੁਰਾਂ ਤੋਪਾਂ ਨਾਲ ਉਡਾਈ ਕਰਕੇ, ਪਹਿਰਾਂ ਵਿਚ ਰਣ ਸਾਂਭ ਲਿਆ ਤੇ ਦਗੜ ਦਗੜ ਕਰਦੇ ਦਿੱਲੀ ਤੇ ਜਾ ਝੰਡਾ ਗੱਡਿਆ। ਬਾਦਸ਼ਾਹ ਨੂੰ ਹਿੰਦ ਦੇ ਦਰਿਆ-ਮੈਦਾਨ ਭਾ ਗਏ। ਆਪਣਾ ਘਰ ਭੁਲ ਗਿਆ। ਨਿੱਤ ਦੇ ਡੇਰੇ ਲਾ ਲਏ। ਓਧਰ ਬਾਬਰ ਨੇ ਰਾਣਾ ਸਾਂਗਾ ਵਗ਼ੈਰਾ ਨੂੰ ਮਾਰਕੇ, ਰਾਜ ਵਧਾਇਆ, ਏਧਰ ਗੁਰਦੇਵ ਨੇ ਲੋਕਾਂ ਦੇ ਦਿਲਾਂ ਵਿਚ ਕਮਜ਼ੋਰੀ, ਬੇਅਣਖੀ ਤੇ ਝੂਠ ਦੇ ਔਗੁਣ ਦੱਸ, ਖਲਕਤ ਦਾ ਸੁਭਾ ਉਸਾਰਨਾ ਸ਼ੁਰੂ ਕਰ ਦਿਤਾ। ਦਵੇਂ ਧਿਰਾਂ ਆਪਣ ਆਪਣੇ ਆਹਰੇ ਲੱਗ ਗਈਆਂ।

ਬਾਦਸ਼ਾਹ ਬਾਬਰ ਗੁਜ਼ਰ ਗਿਆ। ਹੁਮਾਯੂੰ ਤਖਤ ਉੱਤੇ ਬੈਠਾ। ਸ਼ੇਰ ਸ਼ਾਹ ਸੂਰੀ ਨੇ ਅੱਗੇ ਲਾ ਲਿਆ। ਹੁਮਾਯੂੰ ਨੱਸਾ ਨੱਸਾ ਪੰਜਾਬ ਵਲ ਆਇਆ। ਬਿਆਸ ਟੱਪਿਆ। ਗੁਰੂ ਅੰਗਦ ਜੀ ਵਲ ਗਿਆ। ਆਪ ਆਪਣੇ ਧਿਆਨ ਵਿਚ ਮਗਨ ਸਨ। ਹੁਮਾਯੂੰ ਨੂੰ ਵਹਿਮ ਹੋਇਆ ਕਿ ਨਕਦਰੀ ਕੀਤੀ ਗਈ ਹੈ। ਮਿਆਨੋਂ ਤਲਵਾਰ ਧੂਹ ਲਈ। ਦੂਜੇ ਪਾਤਸ਼ਾਹ ਨੇ ਫੁਰਮਾਇਆ "ਚਲਣ ਵਾਲੀ ਥਾਂ ਤੇ ਤਲਵਾਰ ਚਲੀ ਨਹੀ। ਆਪਣਾ ਹੱਕ ਲੈਣ ਵਾਸਤੇ ਤੂੰ ਅੜਿਆ ਨਹੀਂ। ਬੇਮਤਲਬੀ ਤਲਵਾਰ ਖਿਚਣੀ ਕਮਜ਼ੋਰੀ ਹੈ, ਬਹਾਦਰੀ ਨਹੀਂ।' ਬਾਬੇ ਕਿਆਂ ਗੱਲ ਤਾਂ ਕੀਤੀ, ਜੇ ਬਾਬਰ ਕੇ ਬੇਸੁਰੇ ਸਿਰ ਤ ਚੜ੍ਹ ਆਏ। ਇਤਿਹਾਸ ਵਿਚ ਸੁਨਹਿਰੀ ਅੱਖਰ ਤਾਂ ਲਿਖੇ ਗਏ, ਜੇ ਬਾਬਰ ਕਿਆਂ ਲੋਹਿਆ ਚਮਕਾਣਾ ਚਾਹਿਆ। ਚਿੱਟੇ ਰੰਗ ਦੀ ਉਜਲਤਾਈ, ਤਾਂ ਵਾਹਵਾ ਚਮਕੀ, ਜੇ ਕਾਲਖ ਸਾਹਮਣੇ ਆਈ।



Digitized by Panjab Digital Library | www.panjabdigilib.org

ਸ਼ਹਿਨਸ਼ਾਹ ਅਕਬਰ ਸੁਘੜ ਸਿਆਣਾ ਸੀ। ਓਹ ਸਮਝਦਾ ਸੀ, ਜੇ ਰਈਅਤ ਸੁਖੀ ਰਹੇ, ਤਾਂ ਰਾਜਾ ਸੁਖੀ ਰਹਿ ਸਕਦਾ ਹੈ। ਏਸੇ ਗੁਰ ਉਤੇ ਚਲਦਾ ਸੀ। ਬਾਬੇ ਕਿਆਂ ਦੇ ਵੀ ਦਰਸ਼ਨ ਕੀਤੇ ਤੇ ਕਿਸੇ ਤਰ੍ਹਾਂ ਦਾ ਵਿਰੋਧ ਖੜਾ ਨਾ ਕੀਤਾ। ਗੁਰੂ ਕਿਆਂ ਲੰਗਰਾਂ ਵਿਚ, ਵਰਨ-ਭੇਦ ਤਿੱਤਰ ਹੋਣ ਲੱਗ ਪਿਆ। ਗਰੀਬਾਂ ਦੀ ਇਕ ਜਮਾਤ ਬਣਨ ਲਗ ਪਈ।

ਜਹਾਂਗੀਰ ਬਾਦਸ਼ਾਹ ਉਪਰਲੀਆਂ ਗੱਲਾਂ ਵੇਖਕੇ ਖਿੱਝ ਉਠਿਆ। ਓਸ ਆਪਣੀ ਜੀਵਨੀ ਵਿਚ ਗੁਰੂ ਅਰਜਨ ਦੇਵ ਦੇ ਵਿਰੁਧ ਕਾਫ਼ੀ ਲਿਖਿਆ, ਓਹਨੇ ਉਪਰਲਿਆਂ ਗੁਰੂਆਂ ਵਲ, ਭੈੜਾ ਇਸ਼ਾਰਾ ਕੀਤਾ ਹੈ। ਗਰੀਬਾਂ ਨੂੰ ਇਕ ਮੁਠ ਹੁੰਦਾ ਵੇਖ ਕੇ, ਸ਼ਹਿਨਸ਼ਾਹੀਅਤ ਜਰ ਨਹੀਂ ਸਕਦੀ। ਗ਼ਰੀਬ ਇਕ ਅਵਾਜ਼ ਕਰਕੇ ਆਪਣੀਆਂ ਮੰਗਾਂ ਕਰਦੇ ਹਨ ਤੇ ਬਾਦਸ਼ਾਹ ਨੂੰ ਮੰਗਾਂ ਦੇ ਕੇ, ਆਪਣਾ ਗਰਜ਼ੀ ਭੰਡਾਰਾ ਖਾਲੀ ਹੁੰਦਾ ਦਿਸਦਾ ਹੈ। ਸਿਖ ਵੀ ਜ਼ਿਆਦਾ ਗ਼ਰੀਬ ਸਨ। ਗੁਰੂ ਸਾਹਿਬਾਂ ਦੀ ਸੰਗਤ ਨਾਲ ਸਿਖਾਂ ਦੇ ਹਰ ਤਰ੍ਹਾਂ ਦੇ ਖਿਆਲ ਉਚੇ ਹੋ ਰਹ ਸਨ। ਜਹਾਂਗੀਰ ਨੂੰ ਡਰ ਸੀ ਕਿ ਸਿਖ ਜਮਾਤ ਦੀ ਸ਼ਕਲ ਵਿਚ ਹੋ ਗਏ ਹਨ ਤੇ ਦੂਜਾ ਹਰ ਗੱਲ ਦੀ ਸੂਝ ਹੋਣ ਲਗ ਪਈ ਹੈ। ਸ਼ਹਿਨਸ਼ਾਹੀਅਤ ਤੇ ਗ਼ਰੀਬੀ ਦਾ ਭੇੜ ਹੋਇਆ। ਭਾਂਤ ਭਾਂਤ ਦੀਆਂ ਵਿਓਂਤਾਂ ਨਾਲ ਗੁਰੂ ਜੀ ਨੂੰ ਸ਼ਹੀਦ ਕੀਤਾ। ਚੱਕੀ ਪੀਹਣ ਤੋਂ, ਤੱਤੀ ਲੋਹ, ਤੇ ਰਾਵੀ ਵਿਚ ਰੋੜ੍ਹਨ ਤੱਕ, ਗੱਲ ਪੁਜ ਗਈ। ਸ਼ਹਿਨਸ਼ਾਹ ਭਾਣੇ ਕੁਫਰ ਦੀ ਦੁਕਾਨ ਬੰਦ ਹੋ ਗਈ, ਪਰ ਭੋਲੇ ਨੂੰ ਕੁਫਰ ਤੇ ਸੱਚ ਦੇ ਅਰਥ ਆਉਂਦੇ ਨਹੀਂ ਸਨ। ਸੱਚ ਅਕਾਸ਼ ਜਿੰਨਾ ਖੁਲ੍ਹਾ ਹੈ, ਪਰ ਸ਼ਹਿਨ-ਸ਼ਾਹ ਮੋਰ ਜਿਨੀ ਵੀ ਉਡਾਰੀ ਨਾ ਲਾ ਸਕਿਆ। ਸੱਚ ਦਾ ਝਲਕਾਰ ਹੀ ਡਿੱਠਾ, ਉਹਨੂੰ ਹਿੱਕ ਵਿਚ ਨ ਸੰਭਾਲਿਆ। ਸ਼ਾਹ ਨੂੰ ਮਨੁਖਤਾ ਦਾ ਇਕ ਪਾਸਾ ਹੀ ਦਿੱਸਿਆ, ਓਹਨੂੰ ਮਨੁਖਤਾ ਗਰੀਬਾਂ ਵਿਚ ਨਾ ਦਿਸੀ। ਮਨੁਖਤਾ ਸ਼ਾਇਦ ਉਹਨੂੰ ਬੰਦਿਆਂ ਵਿਚ ਵੀ ਨ ਦਿੱਸੀ, ਜਿਨ੍ਹਾਂ ਲਈ ਇਨਸਾਫ਼ ਦਾ ਸੰਗਲ ਲਾਇਆ ਹੋਇਆ ਸੀ। ਸੰਗਲ ਵੀ ਸ਼ਹਿਨਸ਼ਾਹੀਅਤ ਦਾ ਚੋਜ ਸੀ। ਜਹਾਂਗੀਰ ਨੂੰ ਸ਼ਹਿਨਸ਼ਾਹੀਅਤ ਦੀ ਭੁੱਖ ਸੀ। ਏਸੇ ਕਰ ਕੇ ਮਾਣਸ ਖਾਣੀ ਆਦਤ ਆ ਗਈ। ਸਾਨੂੰ ਇਹ ਖੋ ਬੁਰੀ ਲਗਦੀ ਹੈ। ਜਹਾਂਗੀਰ



Digitized by Panjab Digital Library | www.panjabdigilib.org

ਨਾਲ ਵੈਰ ਨਹੀਂ। "ਬਦ ਤੋਂ ਨਹੀਂ, ਪਰ ਬਦੀਓਂ ਮੂੰਹ ਭੁਵਾਂਦੇ ਨੇ"। ਦੁਨੀਆਂ ਨੂੰ ਬਦੀ ਬੁਰੀ ਲਗਣੀ ਚਾਹੀਦੀ ਹੈ।

ਜਹਾਂਗੀਰ ਬਾਬੇਕਿਆਂ ਨਾਲ ਪੈਂਤੜਿਓਂ ਥਿੜਕ ਚੁਕਾ ਸੀ। ਗੁਰੂ ਹਰਿ ਗੋਬਿੰਦ ਨੂੰ ਕੈਦ ਵੀ ਕੀਤਾ ਤੇ ਮੇਲ ਵੀ ਰਖਿਆ। ਪਰ ਬਾਬੇ ਕਿਆਂ ਗ਼ਰੀਬ-ਪਿਆਰ ਨ ਛਡਿਆ। ਰਾਜਿਆਂ ਨੂੰ ਰਾਜੇ ਸਮਝਕੇ ਨਹੀਂ, ਦੁਖੀ ਜਾਣਕੇ ਹਿਤ ਕੀਤਾ। ਸ਼ਾਹ ਜਹਾਨ ਨਾਲ ਲੋਹਿਆ ਖੜਕਾਇਆ। ਸਤਵੇਂ ਗੁਰਦੇਵ ਵੇਲੇ ਠੰਢ ਪਈ ਰਹੀ। ਹਾਂ, ਰਾਮ ਰਾਇ ਜੀ ਨੂੰ ਦਿੱਲੀ ਜਾਣਾ ਪਿਆ। ਔਰੰਗਜ਼ੇਬ ਸਾਹਵੇਂ, 'ਮਿਟੀ ਮੁਸਲਮਾਨ' ਦੀ ਥਾਂ ਮਿੱਟੀ ਬੇਈਮਾਨ ਦੀ ਕਰ ਦਿੱਤੀ। ਬਾਬੇ ਕੇ ਨਾਰਾਜ਼ ਹੋਏ ਕਿ ਸ਼ਹਿਨਸ਼ਾਹੀਅਤ ਤੋਂ ਡਰ ਕੇ ਤੁਕਾਂ ਬਦਲੀਆਂ ਗਈਆਂ, ਤਾਂ ਪਿਛੇ ਕੀ ਰਿਹਾ? ਸਦੀਆਂ ਦੀ ਘਾਲ ਅਜਾਈਂ ਗਈ। ਰਾਮ ਰਾਇ ਜੀ ਨੂੰ ਸਜ਼ਾ ਮਿਲੀ ਕਿ ਗੁਰਦੇਵ ਦੇ ਮੱਥੇ ਨ ਲਗਣ।

ਬਾਬਰ ਕਿਆਂ ਨੌਵੇਂ ਗੁਰਦੇਵ ਨੂੰ ਸ਼ਹੀਦ ਕੀਤਾ। ਕਸੂਰ ਸੀ ਦੁਖੀਆਂ ਲਈ ਇਨਸਾਫ ਮੰਗਣ ਦਾ। ਔਰੰਗਜ਼ੇਬ ਕਟੜ ਬਣ ਗਿਆ ਸੀ; ਕਿਉਂਕਿ ਉਸ ਨੇ ਹਿੰਦੂ ਮੁਸਲਿਮ ਏਕੇ ਦੇ ਅਵਤਾਰ ਦਾਰਾ ਨੂੰ ਕੁਹਾਇਆ ਸੀ। ਕਾਜ਼ੀਆਂ ਮੌਲਾਣਿਆਂ ਨੂੰ ਭੜਕਾ ਕੇ ਆਪਣਾ ਉੱਲੂ ਸਿੱਧਾ ਕੀਤਾ ਸੀ। ਹੁਣ ਓਸ ਨੂੰ ਕੱਟੜ ਮੁਸਲਮਾਨ ਬਣਨਾ ਪੈ ਰਿਹਾ ਸੀ, ਪੰਡਿਤ ਸੁੰਦਰ ਲਾਲ ਜੀ, ਜਿਨ੍ਹਾਂ ਨੇ *'ਭਾਰਥ ਮੇਂ ਅੰਗ੍ਰੇਜ਼ੀ ਰਾਜ' ਕਿਤਾਬ ਲਿਖੀ ਹੈ। ਓਹ ਔਰੰਗਜ਼ੇਬ ਦੀ ਬੜੀ ਵਕਾਲਤ ਕਰਦੇ ਹਨ। ਓਹਨਾਂ ਨੂੰ ਵੀ ਔਰੰਗਜ਼ੇਬ ਅਦੂਰ-ਦਰਸ਼ੀ ਵਗ਼ੈਰਾ ਦਿਸਿਆ। ਹਾਂ, ਅਜਿਹੇ ਕਟੜ ਆਲਮਗੀਰ ਨੇ ਦਸਮੇਸ਼ ਨਾਲ ਟਕਰ ਲਾਈ। ਜੰਗ ਹੋਏ, ਦੋਨਾਂ ਧਿਰਾਂ ਦਾ ਨੁਕਸਾਨ ਹੋਇਆ। ਸ਼ਾਹ ਨੇ ਗੁਰਦੇਵ ਨੂੰ ਚਿੱਠੀ ਲਿੱਖੀ। ਸਮਝੌਤਾ ਕਰਨਾ ਚਾਹਿਆ। ਚਿਠੀ ਦਾ ਜਵਾਬ 'ਜ਼ਫਰ ਨਾਮੇ' ਦੀ ਸ਼ਕਲ

---

*ਇਹ ਕਿਤਾਬ ਸਰਕਾਰ ਨਾਲ ਲੁਕਣ ਮੀਟੀ ਖੇਡਦੀ ਰਹੀ ਹੈ, ਕਦੇ ਜ਼ਬਤੀ, ਕਦੇ ਜ਼ਬਤੀ ਦਾ ਆਰਡਰ ਮਨਸੂਖ ਹੋ ਜਾਂਦਾ ਹੈ।

ਵਿਚ ਦਿੱਤਾ। ਦਸਮੇਸ਼ ਦੀ ਜਿੱਤ ਸੀ। ਜੋ ਗੱਲ ਤਲਵਾਰ ਨੇ ਨ ਕੀਤੀ, ਕਲਮ ਕਰ ਗਈ। ਓਹਨੂੰ ਸਮਝਾ ਦਿੱਤਾ ਕਿ ਬੁਰਾਈਆਂ ਤੇ ਬੇਈਮਾਨੀਆਂ ਕਰਕੇ ਵਧਾਣ ਵਧਿਆ ਹੈ। ਦੋਹਾਂ ਦੀ ਮੁਲਾਕਾਤ ਹੋਣੀ ਸੀ, ਪਰ ਅਫਸੋਸ ਆਲਮਗੀਰ ਨੂੰ ਮੌਤ ਨੇ ਦਬਾ ਲਿਆ, ਨਹੀਂ ਤਾਂ ਬਾਬੇ ਕਿਆਂ ਬਾਬਰ ਕਿਆਂ ਕੋਲੋਂ, ਹਿੰਦ ਦੀ ਕਿਸਮਤ ਪਲਟਾ ਲੈਣੀ ਸੀ। ਆਲਮਗੀਰ ਤੋਂ ਬਾਅਦ ਗੱਦੀ ਦਾ ਰੌਲਾ ਪਿਆ। ਬਾਬੇ ਕਿਆਂ ਬਹਾਦਰ ਸ਼ਾਹ ਦਾ ਸਾਥ ਦਿਤਾ। ਬਹਾਦਰ ਸ਼ਾਹ ਕੌਲੋਂ ਫਿਰਨ ਲੱਗਾ। ਦਸਮੇਸ਼ ਨੇ ਬੈਰਾਗੀ ਨੂੰ ਸਿੰਘ ਸਜਾ ਕੇ ਪੰਜਾਬ ਵਲ ਘਲ ਦਿਤਾ। ਮਾਲੂਮ ਹੁੰਦਾ ਹੈ, (ਗੁਰਦੇਵ ਨਾਲ ਜੋ ਭਾਣਾ ਵਰਤਿਆ, ਉਹ ਬਾਬਰ ਕਿਆਂ ਕਰਕੇ ਹੀ ਸੀ। ਖ਼ੈਰ) ਬੰਦਾ ਧਾਰਮਿਕ ਆਗੂ ਨਹੀਂ ਸੀ, ਜਰਨੈਲ ਸੀ। ਬਾਬਰ ਕਿਆਂ ਨੂੰ ਚਣੇ ਚਬਾਏ। ਹੁਣ ਬਾਬੇ ਕਿਆਂ ਰਾਜ ਸੰਭਾਲਣਾ ਸਿਖਿਆ। ਦੋਵੇਂ ਤਾਕਤਾਂ ਢਹਿੰਦੀਆਂ ਢਾਂਹਦੀਆਂ ਰਹੀਆਂ। ਅੰਤ ਵਧੀਕੀਆਂ ਕਰਨ ਵਾਲੇ ਨੀਵੇਂ ਹੋਏ। ਅੱਤ ਕਈ ਵਾਰ ਆਤਮ-ਘਾਤ ਕਰ ਬਹਿੰਦੀ ਹੈ। ਬਾਬਰ ਕਿਆਂ ਨਾਲ ਇਹੋ ਹੋਈ ਤੇ ਸਾਂਈਂ ਬੁਲ੍ਹੇ ਸ਼ਾਹ ਨੇ ਪਤੇ ਦੀ ਗੱਲ ਆਖੀ:—

ਮੁਗ਼ਲਾਂ ਜ਼ਹਿਰ ਪਿਆਲੇ ਪੀਤੇ।
ਭੂਰਿਆਂ ਵਾਲੇ ਰਾਜੇ ਕੀਤੇ।

———

# ਸਿੱਖ ਕਵੀਆਂ ਦੇ ਧਿਆਨ ਯੋਗ

ਗੁਰੂ ਸਾਹਿਬ ਤੋਂ ਛੁੱਟ, ਸਿੱਖ ਇਤਿਹਾਸ ਵਿਚ ਅਜਿਹੀ ਕੋਈ ਨਿੱਗਰ ਘਟਨਾ ਨਹੀਂ ਜਿਸ ਵਿਚ ਕਿਸੇ ਸਿੱਖ ਕਵੀ ਦਾ ਚੋਖਾ ਹੱਥ ਹੋਵੇ। ਉਂਞ ਵੀ ਕਵਿਤਾ ਸਿਖਾਂ ਦੇ ਹਿੱਸੇ ਘੱਟ ਹੀ ਆਈ ਹੈ, ਜਿਹੜੀ ਆਈ ਹੈ, ਉਹ ਬ੍ਰਿਜ ਭਾਸ਼ਾ ਸੀ। ਪੰਜਾਬੀ ਵਲ ਕਿਸੇ ਖਾਸ ਧਿਆਨ ਨਹੀਂ ਦਿੱਤਾ। ਖਲਕਤ ਨੂੰ ਮਾਤ-ਭਾਸ਼ਾ ਵਿਚ ਲਿਖੀ ਚੀਜ਼ ਹੀ ਹਲੂਣਾ ਦੇ ਸਕਦੀ ਹੈ।

ਸਿੱਖ ਕਵੀਆਂ ਦਾ ਦੌਰ, ਭਾਈ ਵੀਰ ਸਿੰਘ ਤੋਂ ਚੱਲਿਆ ਹੈ, ਸਿੰਘ ਸਭਾ ਵੇਲੇ ਪੰਜਾਬੀ ਦਾ ਬੂਟਾ ਲੱਗਾ ਹੀ ਸੀ, ਸੰਗਤਾਂ ਨੇ ਇਹਦੀ ਛਾਂ ਨ ਮਾਣੀ।

ਪੰਜਾਬੀ ਕਵਿਤਾ ਨੇ ਅਕਾਲੀ ਲਹਿਰ ਨੂੰ ਜ਼ੋਰਾਂ ਨਾਲ ਚੜ੍ਹਾਇਆ, ਪਰ ਅਜਿਹਾ ਕਵੀ ਇਕ ਵੀ ਨਹੀਂ, ਜਿਸਦੇ ਸਿਰ ਕਾਮਯਾਬੀ ਦਾ ਸਿਹਰਾ ਹੋਵੇ।

ਹੁਣ ਦੇਸ ਤੇ ਪੰਥ ਦੀ ਸੇਵਾ ਕਰਨ ਦਾ ਵੇਲਾ ਹੈ, ਅਜਾਈਂ ਜਾ ਰਹੇ ਸੁਆਸ,ਆਪਣੀ ਬੋਲੀ ਨੂੰ ਚਮਕਾਉਣ ਲਈ ਲਾਏ ਜਾ ਸਕਦੇ ਹਨ। ਇਹ ਸਮਾਂ ਆਪਣੀਆਂ ਰਵਾਇਤਾਂ ਕਾਇਮ ਰਖਣ ਦਾ ਹੈ। ਇਹ ਵਕਤ ਆਪਣੀ ਤਹਿਜ਼ੀਬ ਦੀਆਂ ਨੀਹਾਂ ਭਰਨ ਦਾ ਹੈ। ਸਾਨੂੰ ਹਿੰਦੂ ਮੁਸਲਮਾਨ ਵੀਰਾਂ ਤੋਂ ਪਹਿਲਾਂ ਨਿਤਰਨ ਦੀ ਲੋੜ ਹੈ। ਦੂਜੇ ਵੀਰ ਸਾਡੀਆਂ ਲੀਹਾਂ ਤੇ ਚੱਲਣ ਤਾਂ ਸਵਾਦ ਹੈ। ਅਸੀਂ ਕਿਰਪਾਨਾਂ ਫੜ ਕੇ ਆਪਣਿਆਂ ਵੀਰਾਂ ਦੀ ਰੱਖਿਆ ਕੀਤੀ ਸੀ। ਅਸੀਂ ਹੀ ਕਲਮਾਂ ਚੁੱਕ ਕੇ ਸੁੱਤਿਆਂ ਨੂੰ ਜਗਾਈਏ, ਤਾਂ ਮਜ਼ਾ ਹੈ।

ਸਾਡਾ ਹੱਕ ਹੈ, ਅਸੀਂ ਆਪਣੀਆਂ ਰਚਨਾਵਾਂ ਵਿਚ ਪੰਜਾਬ ਦੇ



Digitized by Panjab Digital Library | www.panjabdigilib.org

ਸੂਰਬੀਰਾਂ, ਸਖੀਆਂ, ਦਾਤਿਆਂ, ਫਕੀਰਾਂ, ਪੀਰਾਂ ਦੇ ਤੇ ਹੋਰ ਉੱਘੀਆਂ ਹਸਤੀਆਂ ਦੇ ਹਵਾਲੇ ਦੇਵੀਏ। ਤਸ਼ਬੀਹਾਂ ਤੇ ਦ੍ਰਿਸ਼ਟਾਂਤਾਂ ਵਿਚ ਵਰਤੀਏ, ਇਹ ਮਸਾਲਾ ਸਿਖ ਇਤਿਹਾਸ ਵਿਚੋਂ ਹੀ ਮਿਲ ਸਕਦਾ ਹੈ। ਏਸ ਲਈ ਸਿੱਖਾਂ ਦਾ ਫਰਜ਼ ਹੈ ਕਿ ਏਧਰ ਧਿਆਨ ਦੇਣ। ਇਹ ਸਿਖੀ ਰੰਗਤ ਨਹੀਂ ਕਹਾ ਸਕਦੀ। ਕਿਉਂਕਿ ਸਿੱਖ ਇਤਿਹਾਸ ਦੇਸ ਵਾਸੀਆਂ ਦਾ ਅਮੁੱਲਾ ਖਜ਼ਾਨਾਂ, ਹੈ ਇਹਨੂੰ ਸਾਰੇ ਵਰਤ ਸਕਦੇ ਹਨ। ਸਿੱਖ ਇਤਿਹਾਸ ਜਾਂ ਪੰਜਾਬ ਦੀ ਹਿਸਟਰੀ ਦੀਆਂ ਘਟਨਾਵਾਂ ਹੀ ਪੰਜਾਬੀਆਂ ਨੂੰ ਚੰਗੀ ਤਰ੍ਹਾਂ ਅਪੀਲ ਕਰ ਸਕਦੀਆਂ ਹਨ। ਸ਼ਾਹ ਮੁਹਮਦ ਨੇ ਸ਼ਹੀਦ ਸ਼ਾਮ ਸਿਘ ਨੂੰ ਕਿਸ਼ ਤਰ੍ਹਾਂ ਸਾਂਝਾ ਹੀਰੋ ਬਣਾਇਆ ਹੈ:—

'ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ,
ਬੰਨ੍ਹ ਸ਼ਸਤਰੀਂ ਤੋੜ ਵਿਛੋੜ ਦਿੱਤੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਗ ਨਿੰਬੂਆਂ ਲਹੂ ਨਚੋੜ ਦਿੱਤੇ।

ਦੁੱਲੇ ਭੱਟੀ ਦਾ ਹਵਾਲਾ ਵੀ ਦੇਂਦਾ ਹੈ—

'ਦੁੱਲੇ ਭੱਟੀ ਨੂੰ ਗਾਂਵਦਾ ਜੱਗ ਸਾਰਾ।'

ਸਰਦਾਰ ਹਰੀ ਸਿੰਘ ਨਲੂਏ ਦਾ ਨਾਂ ਲੀਤਿਆਂ, ਕਈ ਵੀਰਾਂ ਨੂੰ ਫਿਰਕੂ ਚੀਕ ਸੁਣਾਈ ਦੇਂਦੀ ਹੈ, ਪਰ ਸਰਦਾਰ ਦੀ ਮੌਤ ਨੂੰ ਕਲਮ ਰਾਹੀਂ ਮਹਿਸੂਸਣ ਵਾਲਾ ਕੇਵਲ ਇਕੋ ਮੁਸਲਮਾਨ ਕਵੀ ਹੀ ਸੀ। ਸਿੱਖ ਜਰਨੈਲ ਮੁਸਲਮਾਨਾਂ ਦਾ ਵੈਰੀ ਨਹੀਂ ਸੀ। ਸਿਖ ਰਾਜ ਦੀ ਮੁਸਲਿਮ ਵੱਸੋਂ ਉੱਤੇ ਉਹਨੇ ਕੋਈ ਕਹਿਰ ਨਹੀਂ ਗੁਜ਼ਾਰੇ। ਸਰਦਾਰ ਨੂੰ ਸਰਹੱਦ ਦਾ ਡਰ ਰਹਿੰਦਾ ਸੀ, ਓਥੇ ਕੋਈ ਵੀ ਹੁੰਦਾ, ਜ਼ੋਰ ਨਾਲ ਹੀ ਕੰਮ ਲੈਣਾ ਪੈਣਾ ਸੀ। ਨਿੱਤ ਦੇ ਭੂਹੇ ਹਏ ਲੋਕ, ਪੰਜਾਬ ਨੂੰ ਮੁੜ ਹੜੱਪਣਾ ਚਾਹੁੰਦੇ ਸਨ। ਏਧਰ ਹੁਣ ਹੋਰ ਜ਼ਮਾਨਾ ਸੀ। ਇੱਟ ਦਾ ਜਵਾਬ ਪੱਥਰ ਨਾਲ ਦੇਣ ਵਾਲੇ ਆ ਬੈਠੇ ਸਨ। ਸਰਦਾਰ ਜੋ ਕੁਝ ਕਰਦਾ ਸੀ, ਪੰਜਾਬੀਆਂ ਲਈ ਕਰਦਾ ਸੀ। ਨਲੂਆ ਬੀਰ ਸਾਡਾ ਸਾਂਝਾ ਬਹਾਦੁਰ ਹੈ, ਪੰਜਾਬ ਦਾ ਅਣਖੀਲਾ ਜਰਨੈਲ ਹੈ। ਜਿੱਥੇ ਕਿਤੇ ਉਪਕਾਰੀ ਜੋਧਾ ਦਿਖਾਉਣਾ ਹੋਵੇ, ਓਥੇ ਅਸੀਂ



Digitized by Panjab Digital Library | www.panjabdigilib.org

ਸਰਦਾਰ ਜੀ ਦਾ ਨਾਂ ਬੜੇ ਆਦਰ ਸਤਿਕਾਰ ਤੇ ਮਾਣ ਨਾਲ ਲੈ ਸਕਦੇ ਹਾਂ।

ਸਾਂਝੇ ਰਾਜੇ ਦੀ ਮਿਸਾਲ ਮਹਾਰਾਜਾ ਰਣਜੀਤ ਸਿੰਘ ਤੋਂ ਚੰਗੇਰੀ ਨਹੀਂ ਮਿਲ ਸਕਦੀ। ਸ਼ਾਹ ਮੁਹੱਮਦ ਬੜੇ ਚਾਅ ਤੇ ਉਤਸ਼ਾਹ ਨਾਲ ਮਹਾਰਾਜੇ ਨੂੰ ਯਾਦ ਕਰਦਾ ਹੈ। ਪੰਜਾਬ ਦੇ ਸਿੱਖ ਕਵੀਆਂ ਲਈ ਸ਼ਾਹ ਮੁਹੰਮਦ ਤੇ ਕਵੀ ਕਾਦਰ ਯਾਰ ਸੋਹਣਾ ਰਾਹ ਬਣਾ ਗਏ ਹਨ, ਪਰ ਅਸੀਂ ਰਾਹ ਉਤੇ ਪੈਣਾ ਫਿਰਕੂ-ਪੁਣਾ ਸਮਝ ਰਹੇ ਹਾਂ।

ਜਿਹੜੇ ਦੇਸ ਲਈ ਜਿੰਦਾਂ ਘੁਮਾ ਗਏ ਹਨ, ਅਸੀਂ ਉਹਨਾਂ ਦੀਆਂ ਮਸਾਲਾਂ ਸਾਂਝੀ ਬੋਲੀ ਦੀ ਸ਼ਾਨ ਚਮਕਾਉਣ ਲਈ ਦੇ ਸਕਦੇ ਹਾਂ। ਡਾਕਟਰ ਮੁਹੱਮਦ ਇਕਬਾਲ ਨੇ ਪੰਜਾਬ ਦੇ ਇਤਿਹਾਸ ਵਲ ਕੁਝ ਘੱਟ ਖਿਆਲ ਰਖਿਆ ਜਾਪਦਾ ਹੈ। ਜਿਥੇ ਡਾਕਟਰ ਜੀ, ਨਾਨਕ' 'ਰਾਮ ਤੀਰਥ' ਨੂੰ ਯਾਦ ਕਰਦੇ ਹਨ, ਆਪਣਿਆਂ ਨੂੰ ਕਦੀ ਭੁਲਾ ਹੀ ਨਹੀਂ ਸਕਦੇ ਸਨ। ਪਰਦੇਸੀ ਲੁਟੇਰੇ ਦੁਰਾਨੀਆਂ ਨਾਲ ਇਕ ਪੰਜਾਬੀ ਧੜ ਲੜਦਾ ਵੇਖਕੇ, ਜ਼ਿੰਦਗੀ ਲੋੜਨ ਵਾਲੇ ਇਕਬਾਲ ਨੇ ਕਿਸ ਤਰ੍ਹਾਂ ਛੱਡ ਜਾਣਾ ਸੀ? ਦੇਸ ਦੀ ਆਜ਼ਾਦੀ ਚਾਹੁਣ ਵਾਲੇ ਕਵੀ ਸਭਰਾਵਾਂ ਤੇ ਚੇਲੀਆਂ ਵਾਲੇ ਦੇ ਮੈਦਾਨ ਕਿਸ ਤਰ੍ਹਾਂ ਅੱਖੀਉਂ ਪਰਖੇ ਕਰ ਸਕਦੇ ਹਨ? ਕੁਝ ਕਸੂਰ ਸਿੱਖ ਸਿਆਣਿਆਂ ਦਾ ਵੀ ਹੈ। ਅਸੀਂ ਅਜਿਹੀਆਂ ਅਮੋਲਕ ਘਟਨਾਵਾਂ ਨੂੰ, ਸਿੱਖ ਇਤਿਹਾਸ ਕਹਿ ਕੇ, ਦਾਇਰਾ ਕੁਝ ਸੌੜਾ ਕਰ ਰਹੇ ਹਾਂ।

ਕੀ ਕਵੀਆਂ ਨੂੰ ਦੇਸ ਦੇ ਦੋ ਚਾਰ ਸਦੀਆਂ ਦੇ ਇਤਿਹਾਸ ਵਿਚੋਂ ਹੀ ਹਰ ਰਸ ਦੇ ਲਈ ਮਸਾਲਾ ਨਹੀਂ ਮਿਲ ਸਕਦਾ? ਕੀ ਕਰੁਣਾ ਰਸੀਆ ਕਵੀ, ਮਾਣਕਿਆਲੇ ਵਿਚ ਚੁੰਮ ਚੁੰਮ ਕੇ ਤਲਵਾਰਾਂ ਸੁਟਦੇ ਹੋਏ ਫ਼ੌਜੀਆਂ ਨੂੰ ਢਾਹਾਂ ਮਾਰਦੇ ਸੁਣਕੇ, ਸੱਜਰ ਵਿਆਹੀਆਂ ਝਟ ਵਿਧਵਾ ਹੋਈਆਂ ਮੁਟਿਆਰਾਂ ਨਾਲੋਂ, ਵਧੇਰੇ ਦੁਖੀ ਨਹੀਂ ਸਮਝਦਾ ਤੇ ਕੀ ਲਿਖ ਨਹੀਂ ਸਕਦਾ?

ਕੀ ਰੌਦਰ ਰਸੀਆ ਕਵੀ, ਬਾਘੇ ਫੰਦੇ ਨੂੰ ਤੀਰ ਚੜ੍ਹਾਈ ਦਿਖਾ ਨਹੀਂ ਸਕਦਾ ਤੇ ਕੀ ਫ਼ੌਜਾਂ ਨੂੰ ਜਿਗਰਾ ਦੇਣੀ ਤਕਰੀਰ ਨਹੀਂ ਸੁਣਾ ਸਕਦਾ ?

ਕੀ ਭਿਆਨਕ ਰਸੀਆ, ਚਮਕੌਰ ਦੇ ਪਰਲੋ–ਰੰਗੇ ਮੈਦਾਨ ਦਾ ਨਜ਼ਾਰਾ ਨਹੀਂ ਖਿੱਚ ਸਕਦਾ ?

ਕੀ ਹਾਸ ਰਸੀਆ, ਹਾਸ ਰਸ ਦੇ ਅਵਤਾਰ ਸਾਈਂ ਸੁਥਰੇ ਦੇ ਚੋਜ ਕਲਮ ਨਾਲ ਦਰਸਾਉਣ ਜੋਗਾ ਨਹੀਂ ?

ਕੀ ਵਿਭਤਸ ਰਸ ਵਾਲਾ, ਚੇਲੀਆਂ ਵਾਲੇ ਵਿਚ ਰੁਲ ਰਹੀਆਂ ਤੇ ਕਟੀ ਡੱਕਰੇ ਹਟੀਆਂ ਪਈਆਂ ਗੋਰੇ ਤੇ ਪੂਰਬੀ ਭਈਆਂ ਦੀਆਂ ਮਿੱਝ ਤੇ ਲਹੂ ਨਾਲ ਲੱਥ ਪੱਥ ਲਥਾਂ ਦਾ ਸੀਨ ਨਹੀਂ ਬੰਨ੍ਹ ਸਕਦਾ ?

ਕੀ ਸ਼ਾਂਤ ਰਸੀਆ, ਸ਼ਾਂਤੀ ਦੇ ਅਵਤਾਰ ਗੁਰੂ ਅਰਜਨ ਜੀ ਨੂੰ ਵਿਸਾਰ ਸਕਦਾ ਹੈ ? ਸਾਹਿਬ ਰਾਮ ਕੌਰ ਨੂੰ, ਜੋ ਆਪਣੇ ਅੰਦਰਾਪੇ ਨਾਲ ਇਕ ਹੋ ਚੁਕੇ ਸਨ, ਓਹਨਾਂ ਨੂੰ ਕਿਵੇਂ ਭੁਲਾ ਸਕਦਾ ਹੈ ? ਕੀ ਅਸੀਂ ਸ਼ਾਹ ਹੁਸੈਨ ਜੀ ਦੀ ਸੂਫੀਆਨਾ ਸ਼ਾਂਤੀ ਦਾ ਜ਼ਿਕਰ ਨਹੀਂ ਕਰ ਸਕਦੇ ?

ਕੀ ਅਸੀਂ, ਗੁਰੂ ਨਾਨਕ ਦਾ ਬਰਫ਼ਾਂ ਜੰਮਿਆਂ ਪਰਬਤਾਂ ਉੱਤੇ ਜਾਣਾ, ਅਲੌਕਿਕ ਚਸ਼ਮਿਆਂ ਨੂੰ ਲੰਘਣਾ ਤੇ ਹੈਰਾਨ ਕਰਨ ਵਾਲੀਆਂ ਜ਼ਹਿਰ ਮੋਹਰੀਆਂ ਅਕਾਸੀ ਤਵਾਸ਼ੀਰੀ, ਤੇ ਨੀਲਮੀ ਭਾ ਵਾਲੀਆਂ ਕੂਲ੍ਹਾਂ ਨੂੰ ਅਖਰੀ ਰੰਗਾਂ ਨਾਲ ਸਵਾਰ ਨਹੀ ਸਕਦੇ ? ਗੁਰਦੇਵ ਦੀਆਂ ਅਦਭੁਤ ਜੋਗੀਆਂ ਨਾਲ ਹੋਈਆਂ ਗੱਲਾਂ ਸੁਣ ਕੇ ਤੇ ਲਿਖ ਕੇ, ਅਦਭੁਤ ਰਸ ਦੀਆਂ ਧਾਰਾਂ ਵਹਾ ਹੀ ਨਹੀਂ ਸਕਦੇ ?

ਸੂਫੀਆਨਾ ਤੇ ਰੱਬੀ ਸ਼ਿੰਗਾਰ ਤਾਂ ਬਹੁਤ ਹੈ, 'ਹੀਰ ਸੋਹਣੀ' ਤੋਂ ਬਿਨਾਂ, ਨਵੇਂ ਸ਼ਿੰਗਾਰ ਰਸ ਨੂੰ ਵੀ ਥਾਂ ਦੇ ਸਕਦੇ ਹਾਂ । ਮਹਾਰਾਜਾ ਰਣਜੀਤ ਸਿੰਘ ਦਾ ਰਾਣੀ ਜਿੰਦ ਕੌਰ ਨੂੰ "ਮਹਿਬੂਬਾ" ਕਹਿਣਾ, ਸ਼ਿੰਗਾਰ ਰਸ ਦਾ ਸੂਤਰ ਹੈ । ਇਹਦਾ ਜਿੰਨਾ ਟੀਕਾ ਕਰੀ ਜਾਈਏ, ਥੋੜ੍ਹਾ ਹੈ । ਸ਼ਿੰਗਾਰ ਰਸ ਤੋਂ ਕਈ ਤ੍ਰਹਿੰਦੇ ਰਹਿੰਦੇ ਹਨ, ਪਰ ਇਹ ਰਸ ਸਮਝਦਾਰ ਦਿਮਾਗਾਂ ਨਾਲ ਸੰਬੰਧ ਰਖਦਾ ਹੈ,ਜੀਵਨ ਨੂੰ ਘੱਟੇ ਕੌਡੀਆਂ ਵਿਚ ਨਹੀਂ ਰੁਲਾਉਂਦਾ;



Digitized by Panjab Digital Library | www.panjabdigilib.org

ਏਹ ਤਾਂ ਸਗੋਂ ਇਕ ਅਕਹਿ ਹੁਲਾਰਾ ਦਿਵਾਉਂਦਾ ਹੈ। ਹਰ ਦੇਸ ਦਾ ਮਹਾਂ ਕਵੀ ਸ਼ਿੰਗਾਰ ਰਸ ਲਿਖਦਾ ਹੈ।ਸਾਨੂੰ ਸ਼ਿੰਗਾਰ ਰਸ ਦਾ ਬਹੁ ਪਤਾ ਨਹੀਂ।

ਪੀਰ ਮੁਰੀਦ ਦਾ ਪਿਆਰ ਬੁਲ੍ਹੇ ਤੇ ਸ਼ਾਹ ਅਨਾਇਤ ਕਾਦਰੀ ਦਾ ਦਿਖਾ ਕੇ, ਇਹ ਸਾਬਤ ਕਰ ਦੇਣਾ ਚਾਹੀਦਾ ਹੈ ਕਿ ਸਾਨੂੰ ਕਿਸੇ ਨਾਲ ਦ੍ਵੈਖ ਨਹੀਂ।

ਭਾਈ ਨੰਦ ਲਾਲ ਦਾ ਸ਼ਿੰਗਾਰ ਵੀ ਅਨੋਖਾ ਹੈ। ਅਸੀਂ ਓਸ ਤੇ ਖੁਲ੍ਹੇ ਦਿਲ ਨਾਲ ਕਲਮ ਚਲਾ ਸਕਦੇ ਹਾਂ।

ਅਸੀਂ ਯਜ਼ੀਦ ਦੀ ਥਾਂ ਤੇ ਨੌਂ ਸਾਲੇ ਬੱਚੇ ਕੰਵਰ ਪਰਤਾਪ ਸਿੰਘ ਦਾ ਸਿਰ ਲਾਹੁਣ ਵਾਲਿਆਂ ਦਾ ਨਾਂ ਲੈ ਸਕਦੇ ਹਾਂ। ਰਾਜਾ ਹੀਰਾ ਸਿਘ ਦਾ ਨਾਂ ਲੈ ਸਕਦੇ ਹਾਂ, ਜਿਸ ਨੇ ਭਾਈ ਬੀਰ ਸਿੰਘ ਨੌਰੰਗਾਬਾਦੀਏ ਦੇ ਤਕਰੀਬਨ ਸੱਤ ਸੌ ਸਾਥੀਆਂ ਨੂੰ ਬਿਨਾਂ ਲੜਾਈਓਂ, ਤੋਪਾਂ ਅਗੇ ਉਡਵਾ ਦਿੱਤਾ।

ਲੂਣ ਹਰਾਮੀਆਂ ਲਈ ਗੰਗੂ, ਰਾਜਾ ਤੇਜਾ ਸਿੰਘ ਤੇ ਇਹਦੇ ਸਾਥੀਆਂ ਦਾ,ਨਾਂ ਬਿਨਾਂ ਡਰ ਭਉ ਤੋਂ ਲੈ ਸਕਦੇ ਹਾਂ। ਏਸੇ ਤਰ੍ਹਾਂ ਉਪਮਾ ਦ੍ਰਿਸਟਾਂਤ ਉਤਪ੍ਰੇਛਾ ਵਗ਼ੈਰਾ ਲਈ ਸਾਨੂੰ ਇਤਿਹਾਸਕ ਮੈਟਰ ਮਿਲ ਸਕਦਾ ਹੈ ਤੇ ਗਿਣੀਆਂ ਗੱਲਾਂ ਤੋਂ ਵਧੇਰੇ ਅਗਾਂਹ ਜਾ ਕੇ ਨਵਾਂ ਰੰਗ ਲਿਆ ਸਕਦੇ ਹਾਂ।

ਸਾਨੂੰ ਹਿੰਦੁਸਤਾਨੀ ਤਾਰੀਖ਼ ਤੋਂ ਫਾਇਦਾ ਉਠਾਉਣਾ ਚਾਹੀਦਾ ਹੈ ਤੇ ਹੋਰ ਬਾਹਰਲੀਆਂ ਮਿਸਾਲਾਂ ਤੋਂ ਵੀ ਮੂੰਹ ਫੇਰਨ ਦੀ ਲੋੜ ਨਹੀਂ। ਪਰ ਏਹਦਾ ਇਹ ਮਤਲਬ ਨਹੀਂ ਕਿ ਅਸੀਂ ਆਪਣਾ ਯਕੀਨੀ ਕਾਮਯਾਬੀ ਦੇਣ ਵਾਲਾ ਹਥਿਆਰ ਛੱਡਕੇ ਦਰ ਦਰ ਘੁੰਮੀਏ।

ਜੇ ਅਸੀਂ ਖਿਆਲੀ ਸ਼ਾਇਰੀ ਕਰਨੀ ਹੈ, ਤਾਂ ਸਾਨੂੰ "ਅਣਕਾ" "ਛਾਇਆ ਗ੍ਰਹਿਣੀ" ਦੀ ਥਾਂ ਆਪਣੀਆਂ ਚੀਜ਼ਾਂ ਬਣਾਉਣੀਆਂ ਪੈਣਗੀਆਂ। ਘੇਰਾ ਵੀ ਖੁਲ੍ਹ ਜਾਏਗਾ ਤੇ ਅਸਰ-ਪਾਊ ਰੰਗ ਆ ਜਾਵੇਗਾ।

—o—



Digitized by Panjab Digital Library | www.panjabdigilib.org

# ਸਿੱਖਾਂ ਦੇ ਉਪਕਾਰ

ਸਿੱਖਾਂ ਦਾ ਨਿਰਾ ਇਹੀ ਉਪਕਾਰ ਨਹੀਂ ਕਿ ਓਹਨਾਂ ਸਾਰੇ ਹਿੰਦ ਨੂੰ, ਖ਼ੂਨੀ ਲੁਟੇਰਿਆਂ ਤੋਂ, ਜਿੰਦਾਂ ਹੂਲ ਕੇ ਬਚਾਇਆ। ਸਿੱਖ ਨਿਰੇ ਜੋਧੇ ਹੀ ਨਹੀਂ, ਸਗੋਂ ਏਹਨਾਂ ਨੇ ਕਈ ਤਰ੍ਹਾਂ ਨਾਲ ਦੇਸ ਵਾਸੀਆਂ ਨੂੰ ਜੀਵਨ-ਜਾਚ ਸਿਖਾਈ।

ਸਭ ਤੋਂ ਪਹਿਲਾਂ, ਗੁਰੂ ਸਾਹਿਬਾਨ ਨੇ ਦੇਸ ਦੀ ਹਾਲਤ ਵੇਖਦਿਆਂ ਸੁਭਾ ਉਸਾਰੀ ਵਲ ਖ਼ਿਆਲ ਕੀਤਾ। ਇਨਸਾਨ ਨੂੰ ਇਨਸਾਨ ਬਣਾਉਣਾ ਚਾਹਿਆ। "ਸੁਣਿਐ ਅੰਧੇ ਪਾਵਹਿ ਰਾਹੁ" ਵਾਲੀ ਗੱਲ ਹੋਈ। ਰੋਜ਼ ਦੋ ਵੇਲੇ ਦੀਵਾਨ ਸਜਦੇ ਤੇ ਸੰਗਤਾਂ ਉਪਦੇਸ਼ ਲੈਣ ਲੱਗੀਆਂ। ਏਸ ਤਰ੍ਹਾਂ ਹਰ ਵਰਨ ਦੇ ਲੋਕ ਇਕੱਠੇ ਬਹਿਣ ਲੱਗੇ। ਮੁਸਲਮਾਨ ਵੀ ਆ ਜਾਂਦੇ ਸਨ, ਇਹ ਗਲ 'ਤੁਜ਼ਕਿਜਹਾਂਗੀਰੀ' ਵਿਚ ਬਾਦਸ਼ਾਹ ਆਪ ਲਿਖਦਾ ਹੈ। ਮੁਕਦੀ ਗੱਲ, ਗੁਰੂਆਂ ਮਿਲਕੇ ਬਹਿਣਾ ਸਿਖਾਇਆ। ਵਾਕ ਵੀ ਹੈ:—

ਮਿਲਬੇ ਕੀ ਮਹਿਮਾ ਵਰਨ ਨ ਸਾਕਉ

ਉਪਰਲੀਆਂ ਜ਼ਾਤਾਂ ਦੀ ਆਪਾ ਵਧਾਊ ਬਿਰਤੀ ਤੇ ਨੀਵੀਆਂ ਜ਼ਾਤਾਂ ਦੀ ਆਪਾ ਘਟਾਊ ਬਿਰਤੀ ਦੂਰ ਹੋ ਗਈ। ਸਭ ਆਪਣੇ ਆਪ ਨੂੰ ਇਕੋ ਜਿਹੇ ਸਮਝਣ ਲੱਗ ਪਏ। ਖਾਣ ਪੀਣ ਵੇਲੇ ਪੰਗਤਾਂ ਇਕੱਠੀਆਂ ਲਗਣ ਲੱਗੀਆਂ। ਲੰਗਰਾਂ ਤੋਂ, ਛੋਹ ਉਡਾਉਣ ਦਾ ਸਿੱਖਾਂ ਨੇ ਕਾਫ਼ੀ ਕੰਮ ਲਿਆ। ਕਬੀਰ ਸਾਹਿਬ ਨੇ ਵਰਨ ਜ਼ਾਤ ਦੇ ਖਿਲਾਫ ਭਰਕੇ ਸ਼ਬਦ ਲਿਖੇ। ਪਰ ਸਿੱਖਾਂ ਕਿਹਾ ਤੇ ਕਰਕੇ ਵੀ ਦੱਸਿਆ। ਪੰਜਾਬ ਵਿਚ ਛੋਹ ਛਹ ਛਾਹ ਦਾ ਭਰਮ ਕਾਫ਼ੀ ਮਿਟਿਆ। ਦੇਸ ਉੱਤੇ ਇਹ ਪਹਿਲਾ ਉਪਕਾਰ ਸੀ। ਏਸੇ ਕਰਕੇ ਅਸੀਂ ਇਕ ਮੁੱਠ ਹੋਏ ਤੇ ਇਕ ਦੂਜੇ ਦੇ ਦੁੱਖ



Digitized by Panjab Digital Library | www.panjabdigilib.org

ਨੂੰ ਆਪਣਾ ਦੁੱਖ ਜਾਣ ਕੇ, ਜਦ ਦੇਸ ਤੇ ਭੀੜ ਬਣੀ, ਅਸੀਂ ਤਲੀਆਂ ਤੇ ਸਿਰ ਰਖੀ ਰਣ ਵਿਚ ਗੱਜੇ। ਛੋਹ ਦੂਰ ਕਰਨ ਨਾਲ ਸਾਡਾ ਪਾਲੇਟਿਕਸ ਸਿੱਧਾ ਹੋ ਗਿਆ। ਛੋਹ ਦੂਰ ਕਰਨ ਨਾਲ ਸਿੱਖ ਸਮਾਜ ਬਣਿਆ, ਜਿਸ ਨੇ ਦੇਸ ਵਿਚ ਪੰਚਾਇਤੀ ਰਾਜ ਦਾ ਰੰਗ ਗੂੜ੍ਹਾ ਕੀਤਾ। ਸੋ ਪਹਿਲਾ ਉਪਕਾਰ ਵਰਨ-ਭੇਦ ਗਵਾਉਣਾ ਸੀ, ਜਿਸ ਨਾਲ ਆਪਸ ਵਿਚ ਪਿਆਰ ਤੇ ਹਿੱਤ ਵਧਿਆ।

ਦੂਜਾ ਉਪਕਾਰ ਪੰਚਾਇਤੀ ਰਾਜ ਨੂੰ ਪੱਕਾ ਕਰਨ ਦਾ ਸੀ। ਗੁਰਦੇਵ ਉਪਦੇਸ਼ ਦੇਕੇ, ਫੇਰ ਸੰਗਤਾਂ ਦੇ ਝਗੜੇ ਨਿਬੇੜਦੇ ਸਨ। ਅਸਾਂ ਸਿਆਸਤਦਾਨਾਂ ਨੂੰ ਸੂਝ ਕਰਾ ਦਿੱਤੀ ਸੀ ਕਿ ਜਨਤਾ ਨੂੰ ਉਠਾਉਣਾ ਹੋਵੇ, ਤਾਂ ਹਕੂਮਤ ਦੇ ਮੁਕਾਬਲੇ ਉੱਤੇ ਆ ਕੇ ਸੁਖ ਦੇ ਰਾਹ ਕੱਢੋ। ਪੰਜਾਬ ਵਿਚ ਪਰਚਾਰ ਕਾਫ਼ੀ ਹੋ ਰਿਹਾ ਸੀ। ਏਸੇ ਲਈ ਪੰਜਾਬ ਸਭ ਸੂਬਿਆਂ ਨਾਲੋਂ ਅਗਾਂਹ ਰਿਹਾ, ਸਿਰਫ ਪੰਚਾਇਤੀ ਰਾਜ ਦੇ ਸਿਰ ਸਦਕੇ। ਹੋਰ ਸੂਬੇ ਉੱਦਮ ਮਣਸ ਚੁਕੇ ਸਨ। ਆਪ ਤਾਂ ਨ ਉੱਠੇ, ਪੰਜਾਬ ਦੇ ਉਠਣ ਕਰਕੇ ਬਚੇ ਰਹੇ।

ਤੀਜਾ ਉਪਕਾਰ, ਅਸਾਂ ਬਹੁਤਿਆਂ ਇਲਾਕਿਆਂ ਦੀਆਂ ਬੋਲੀਆਂ ਵਿਚ ਪਰਚਾਰ ਕੀਤਾ, ਜਿਸ ਤੋਂ ਅਨਪੜ੍ਹ ਜਨਤਾ ਨੂੰ ਸੂਝ ਹੋ ਗਈ, ਬੇਇਲਮਿਆਂ ਪੱਲੇ ਕੁਝ ਪੈ ਦਾ ਗਿਆ। ਉਹ ਪਿੱਛੇ ਲਗ ਤੁਰੇ ਤੇ ਸਾਡੇ ਪੈਰ ਜੰਮਦੇ ਗਏ। ਲੋਕਾਂ ਦੀ ਸੂਝ ਲਈ ਹੋਰ ਇਲਾਕਿਆਂ ਦੇ ਭਗਤਾਂ ਦੀ ਬਾਣੀ ਇਕੱਠੀ ਕੀਤੀ, ਅਦਬ ਕੀਤਾ ਤੇ ਕਰਾਇਆ। ਇਲਾਕੇ ਤੇ ਬੋਲੀ ਦਾ ਵਿਤਕਰਾ ਨਾ ਰੱਖਿਆ। ਅਸੀਂ ਚਾਹੁੰਦੇ ਸਾਂ ਲੋਕਾਂ ਨੂੰ ਸੁਧਾਰਨਾ, ਉਸ ਵਾਸਤੇ ਹਰ ਹੀਲਾ ਕਰਦੇ ਸਾਂ। ਅਸਾਂ ਆਪਣੇ ਹੀ ਬੰਦਿਆਂ ਦੇ ਖਿਆਲ ਨਹੀਂ ਪਰਚਾਰੇ, ਸਗੋਂ ਜਿਨ੍ਹਾਂ ਦੇ ਆਪਣੇ ਜਿਹੇ ਖਿਆਲ ਸਨ, ਓਹਨਾਂ ਦਾ ਵੀ ਪਰਚਾਰ ਕੀਤਾ। ਭਗਤ ਵੱਖੋ ਵੱਖ ਇਲਾਕਿਆਂ ਦੇ ਸਨ ਤੇ ਵਖਰੀਆਂ ਬੋਲੀਆਂ ਵੀ ਸਨ। ਅਸਾਂ ਹਰ ਥਾਂ ਦੇ ਬੰਦੇ ਵਾਸਤੇ ਮਸਾਲਾ ਇਕੱਠਾ ਕੀਤਾ। ਏਸ ਤਰ੍ਹਾਂ ਸਾਰੇ ਭਾਰਤ ਨੂੰ ਆਪਣਾ ਸਮਝਿਆ ਤੇ ਅਖੰਡ ਰਖਣਾ ਚਾਹਿਆ। ਚੌਥਾ ਉਪਕਾਰ ਸਿੰਘ ਬਾਣਾ ਸਜਾ ਕੇ ਦੇਸ ਦੀ



Digitized by Panjab Digital Library | www.panjabdigilib.org

ਹਾਲਤ ਸੁਧਾਰੀ। ਅਸੀ ਪਹਿਲਾਂ ਤੋਂ ਹੀ ਖੁਦਾਈ ਖਿਦਮਤਗਾਰ ਸਾਂ। ਸਮੇਂ ਨੇ ਅਜਿਹਾ ਪਲਟਾ ਖਾਧਾ, ਜੇ ਪਰਤੱਖ ਵਖਰੇ ਹੋਕੇ ਦੁੱਖਾਂ ਦਾ ਟਾਕਰਾ ਨ ਕਰਦੇ, ਤਾਂ ਨ ਅਸੀਂ ਰਹਿੰਦੇ,ਨਾ ਹੀ ਉਹ ਰਹਿਣੇ ਸਨ, ਜਿਨ੍ਹਾਂ ਉਤੇ ਅਸਾਂ ਉਪਕਾਰ ਕੀਤੇ। ਜਦ ਦੇਸ ਉੱਤੇ ਬਿਪਤਾ ਦੇ ਹੜ੍ਹ ਆਉਂਦੇ ਤਾਂ ਕੁਝ ਜਿਗਰੇ ਵਾਲੇ ਸਿੰਘ ਅੱਗਾਂਹ ਆ ਖਲੋਂਦੇ ਸਨ। ਓਹਨਾਂ ਦੀ ਧਾਗੇ ਵਿਚ ਪ੍ਰੋਤੇ ਮਣਕਿਆਂ ਵਾਂਗ ਤਰਤੀਬ ਹੁੰਦੀ ਸੀ। ਉਹ ਅੱਛੀ ਤਰ੍ਹਾਂ ਅੜਦੇ ਸਨ। ਏਹਨਾਂ ਸਦਕਾ ਆਮ ਖਲਕਤ ਬਚ ਜਾਂਦੀ ਸੀ। ਜੇ ਅਸੀਂ ਵੱਖਰਾ ਰੂਪ ਨ ਧਾਰਦੇ ਤਾਂ ਫ਼ਰੁੱਖਸੀਅਰ ਵੇਲੇ ਏਨੀ ਸੇਵਾ ਨਹੀਂ ਸੀ ਹੋਣੀ, ਜਿੰਨੀ ਕਿ ਹੋਈ।

ਪੰਜਵਾਂ ਉਪਕਾਰ, ਬਾਬੇ ਬੰਦੇ ਵੇਲੇ ਅਸਾਂ ਦਿਖਾਇਆ ਕਿ ਕਦੇ ਕਦੇ ਜ਼ੁਲਮ ਕਰੜੀ ਤਰ੍ਹਾਂ ਹੀ ਜਾਂਦਾ ਹੈ। ਨਿਰਾ ਸ਼ਾਂਤੀ ਨਾਲ ਜਾਂ ਫੌਜਾਂ ਨਾਲ ਫੌਜਾਂ ਭਿੜਾ ਕੇ ਗੱਲ ਨਹੀਂ ਬਣਦੀ। ਇਹ ਵੀ ਦੱਸਿਆ, ਪਈ ਜਿਸ ਨੇ ਸਿਆਸਤ ਕਰਨੀ ਹੈ, ਓਸ ਨੂੰ ਮੁਲਕ ਸੰਭਾਲਣਾ ਚਾਹੀਦਾ ਹੈ ਤੇ ਥਾਂ ਥਾਂ ਠਾਣੇ ਬਹਾਣੇ ਚਾਹੀਦੇ ਹਨ। ਮਤਲਬ ਇਹ ਕਿ ਬਾਬੇ ਬੰਦੇ ਵੇਲੇ ਰਾਜਨੀਤੀ ਦੇ ਖੁਲ੍ਹੇ ਅਰਥ ਦੇਸ ਨੂੰ ਦੱਸੇ। ਛੇਵਾਂ ਉਪਕਾਰ ਲਾਹੌਰ ਵਿਚ ਝੰਡਾ ਲਾ ਕੇ ਵੀ ਮੁਸਲਮਾਨਾਂ ਦੇ ਸਿਰਾਂ ਦਾ ਮੁਲ ਨ ਪਾਇਆ, ਜਿਵੇਂ ਕਿ ਕੁਝ ਚਿਰ ਪਹਿਲਾਂ ਸਿਖਾਂ ਦੇ ਸਿਰਾਂ ਦਾ ਮੁਲ ਪੈਂਦਾ ਰਿਹਾ ਸੀ। ਸਤਵਾਂ ਉਪਕਾਰ, ਜੋ ਕੌਮ ਕੋਮਲ ਹੁਨਰਾਂ ਨਾਲ ਪਿਆਰ ਕਰੇ, ਦਾ ਆਉਣ ਵਾਲੀਆਂ ਪੀੜ੍ਹੀਆਂ ਉਪਕਾਰ ਮੰਨਦੀਆਂ ਹਨ। ਹਰਿਮੰਦਰ ਤੇ ਹੋਰ ਗੁਰਦਵਾਰਿਆਂ ਵਿਚ ਵੀ ਕਵਿਤਾ, ਸੰਗੀਤ (ਸ਼ਬਦ ਕੀਰਤਨ) ਤੇ ਤੀਸਰਾ ਹੁਨਰ ਚਿਤ੍ਰਕਾਰੀ, ਹਾਲੀ ਤਕ ਦਿੱਸ ਰਿਹਾ ਹੈ।

ਅਸਾਂ ਉਪਕਾਰਾਂ ਨੂੰ ਤੱਕ ਤੱਕ ਕੇ ਜੀਊਣਾ ਨਹੀਂ, ਆਪਣੇ ਵਿਚ ਉਹ ਤਾਕਤ ਪੈਦਾ ਕਰਨੀ ਹੈ, ਜਿਸ ਕਰ ਕੇ ਇਹ ਕਾਰਨਾਮੇ ਕਰ ਗੁਜ਼ਰੇ ਸਾਂ।

----



Digitized by Panjab Digital Library | www.panjabdigilib.org

# ਸਾਡਾ ਸਤਲੁਜ

ਸਤਲੁਜ ਪੰਜਾਬ ਦਾ ਸਭ ਤੋਂ ਪੁਰਾਣਾ ਦਰਿਆ ਹੈ। ਸਤਲੁਜ ਨਾਂ ਸੱਤਲੁਦਰ ਤੋਂ ਬਣਿਆ ਹੈ। ਏਹ ਇਕ ਗੱਲ ਨਹੀਂ ਦਸਦਾ, ਸ਼ਾਇਦ ਸ਼ਰਮ ਆਉਂਦੀ ਸੂ। ਮੈਂ ਪੁਛਦਾ ਹਾਂ ਕਿ ਪਹਿਲੇ ਵਸਨੀਕਾਂ ਨਾਲ ਆਰੀਆਂ ਕੀ ਕੀਤਾ? ਤੂੰ ਕਿਧਰ ਦਾ ਸਾਥ ਦਿਤਾ? ਸੁਣ ਕੇ ਘੁੰਮਣ ਘੇਰਾਂ ਵਿਚ ਪੈ ਜਾਂਦਾ ਹੈ ਤੇ ਤਸਵੀਰ ਵਾਂਗ ਹੋ ਜਾਂਦਾ ਹੈ, ਜਿਵੇਂ ਕਿਸੇ ਵਡੇ ਚਿੱਤ੍ਰਕਾਰ ਨੇ ਵਡੇ ਸਾਰੇ ਕਾਗਜ਼ ਉਤੇ ਮੂਰਤ ਵਾਹੀ ਹੋਵੇ। ਉੱਤਰ ਨਹੀਂ ਦੇਂਦਾ, ਜਾਬਰਾਂ ਦਾ ਸਾਥ ਦਿੱਤਾ ਹੋਵੇਗਾ। ਅਸਲੀ ਹਿੰਦੀ ਵਸਨੀਕਾਂ ਨੂੰ ਭੁਲਾ ਦਿੱਤਾ ਹੋਵੇਗਾ। ਖਬਰੇ ਪਾਣੀ ਦੀ ਫੂਹੀ ਤਕ ਵੀ ਮੂੰਹ ਵਿਚ ਨ ਚੋਈ ਹੋਵੇ। ਨਿਤਾਣਿਆਂ ਦਾ ਕੌਣ ਸਾਥ ਦੇਂਦਾ ਹੈ? ਇਹ ਵੀ ਛੋਟਿਆਂ ਪੱਥਰਾਂ ਨੂੰ ਰੋੜ੍ਹ ਘੱਤਦਾ ਹੈ। ਵਡਿਆਂ ਪੱਥਰਾਂ ਨੂੰ ਕੀ ਮਜਾਲ, ਰੱਤੀ ਭਰ ਹਿਲਾ ਸਕੇ। ਛੋਟਿਆਂ ਗ਼ਰੀਬੜਿਆਂ ਨੂੰ ਅਗੇ ਧੱਕਣਾ ਚਾਹੁੰਦਾ ਹੈ। ਬਸ, ਆਰੀਆਂ ਨਾਲ ਏਹਦੀ ਦਾਲ ਗਲ ਗਈ। ਓਹਨਾਂ ਅਸਲੀ ਹਿੰਦੀਆਂ ਨੂੰ ਮਾਰ ਭਜਾਇਆ। ਦੋਵੇਂ ਜ਼ੋਰਾਵਰ ਇਕ ਦੂਏ ਉੱਤੇ ਡੁਲ੍ਹ ਪਏ। ਜ਼ੋਰ ਦਾ ਗੁਣ ਸਾਂਝਾ ਸੀ, ਇਸ ਸਾਂਝ ਤੋਂ ਮਿੱਤ੍ਰਤਾ ਵਧੀ। ਹੌਲੇ ਹੌਲੇ ਪਹਿਲੇ ਸਾਥੀਆਂ ਦੀ ਮਦਦ ਨ ਕਰਨ ਕਰ ਕੇ ਝੁਰਿਆ ਹੋਵੇਗਾ। ਨਵਿਆਂ ਨੂੰ ਇਕਾਂਤ ਵਿਚ ਬਹਾ ਕੇ ਪਛਤਾਵਾ ਲਾਉਂਦਾ ਹੋਵੇਗਾ। ਪਹਿਲਾਂ ਤਾਂ ਆਰੀਆਂ "ਜ਼ੋਰ" ਵਾਲੇ ਸਾਂਝੇ ਗੁਣ ਤੇ ਯਰਾਨਾ ਰਖਿਆ। ਫੇਰ ਯਾਰ ਦੇ ਵਧੇਰੇ ਗੁਣ ਤੱਕੇ। ਹਰਿਆ ਭਰਿਆ ਮੈਦਾਨ ਡਿੱਠਾ, ਸੰਘਣੀਆਂ ਛਾਵਾਂ ਤੱਕੀਆਂ, ਠੰਢਾ ਨਿਰਮਲ ਪਾਣੀ ਪੀਤਾ। ਅਕਹਿ ਸ਼ਾਂਤੀ ਦੇਖੀ। ਦਿਲ ਖਿਚਵੇਂ ਤੇ ਰੂਹ ਝੁਮਾਉਣੇ ਨਜ਼ਾਰੇ ਤੱਕਦੇ ਹੋਏ ਦਰਿਆ ਉੱਤੇ ਢੇਰੀ



Digitized by Panjab Digital Library | www.panjabdigilib.org

ਹੋ ਗਏ। ਏਹਦੀਆਂ ਤ੍ਰੰਗਾਂ ਨੇ ਮਨ ਤ੍ਰੰਗ ਬਾਹਰ ਲਿਆਂਦੇ ਤੇ ਮੰਤਰ ਬਣੇ । ਏਹਦੀਆਂ ਲਹਿਰਾਂ ਤੋਂ ਰੂਹ ਨੇ ਮੌਜਾਂ ਮਾਣੀਆਂ ਤੇ ਵੇਦ ਰਿਚਾਂ ਬਣੀਆਂ ।

ਸਦੀਆਂ ਬੀਤ ਗਈਆਂ, ਗ਼ਜ਼ਨੀ ਦਾ ਸ਼ੋਰ ਸ਼ਰਾਬਾ ਏਸ ਨੇ ਸੁਣਿਆ। ਮੁਲਕ ਦੇ ਬਾਕੀ ਦਰਿਆ ਭਰਾਵਾਂ ਵਾਂਗ, ਦੜ ਵਟ ਕੇ ਚਲਦਾ ਰਿਹਾ। ਜਰਵਾਣਿਆਂ ਦੇ ਸਦੀਆਂ ਤਕ ਘੋੜੇ ਹਿਣਕਦੇ ਸੁਣੇ, ਪਰ ਰੋਕੇ ਨਾ। ਜ਼ੋਰਾਵਰਾਂ ਦਾ ਸਾਥ ਕਰਨਾ ਪਿਆ। ਨਿਕਾਰਿਆਂ ਨੂੰ ਕਿਸ ਤਰ੍ਹਾਂ ਉਠਾਉਂਦਾ ? ਹਿੰਮਤ ਵਾਲਿਆਂ ਦੀ ਹੀ ਰੱਬ ਵੀ ਮਦਦ ਕਰਦਾ ਹੈ। ਏਹਨੇ ਬੇਤਾਕਤੇ ਹਿੰਦੀਆਂ ਨੂੰ ਕਿਸ ਤਰ੍ਹਾਂ ਚੁੱਕਣਾ ਸੀ ?

ਕੁਝ ਸਦੀਆਂ ਮਗਰੋਂ ਬਾਬਰ ਦੀਆਂ ਗੱਡੀਆਂ ਵਿਚ ਲੱਦੀਆਂ ਹੋਈਆਂ ਤੋਪਾਂ, ਆਂਪਣੀ ਹਿੱਕ ਤੋਂ ਲੰਘਾਈਆਂ। ਲੋਧੀਆਂ ਤੇ ਹੀਰੇ ਜਿਹਾ ਹਿੰਦ ਭੰਗ ਦੇ ਭਾੜੇ ਜਾਂਦਾ ਤੱਕਿਆ, ਹੁਮਾਯੂੰ ਦੀ ਫੌਜ ਨੂੰ ਭਾਜੜ ਪੈਂਦੀ ਵੇਖੀ, ਪਰ ਅਮਨ ਭਰਿਆ ਅਕਬਰੀ ਰਾਜ ਵੀ ਡਿੱਠਾ ।

ਰਾਵੀ ਕੰਢੇ ਸ਼ਹਿਨਸ਼ਾਹ ਜਹਾਂਗੀਰ ਦਾ ਮਕਬਰਾ ਬਣਿਆ ਸੁਣ ਕੇ, ਤੇ ਜਮਨਾ ਕੰਢੇ ਰੌਜ਼ਾ ਤਾਜ ਮਹੱਲ ਦਾ ਹਾਲ ਸੁਣ, ਉਦਾਸਿਆ ਨਾ, ਖ਼ੁਸ਼ ਹੋਇਆ "ਮੇਰੇ ਕੰਨੀ ਵਗਾਰੀਆਂ ਦੀਆਂ ਚੀਕਾਂ ਨਹੀਂ ਪਾਈਆਂ।"

ਅਖ਼ੀਰ ਗੁਰੂ ਤੇਗ਼ ਬਹਾਦਰ ਜੀ ਦੇ ਦਰਸ਼ਨ ਕੀਤੇ। ਮਾਖੋਵਾਲ ਦਾ ਨਾਂ ਆਨੰਦਪੁਰ ਹੋਂਦਾ ਸੁਣਿਆ। ਪੰਥ ਆਉਂਦੇ ਤੱਕੇ। ਨੌਵੇਂ ਪਾਤਸ਼ਾਹ ਦੀਨਾਂ ਲਈ ਦਿੱਲੀ ਜਾਂਦੇ ਦੇਖੇ। ਹਜ਼ੂਰ ਦਾ ਸੀਸ ਆਇਆ ਤੱਕਿਆ, ਸੀਸ ਦੇ ਸਸਕਾਰ ਦੀ ਅੱਗ ਉਮਲਦੀ ਹੋਈ ਬੁਝੀਆਂ ਛਾਤੀਆਂ ਵਿਚ ਭੜਕਦੀ ਡਿੱਠੀ। ਦਸਵੇਂ ਪਾਤਸ਼ਾਹ ਨੂੰ ਆਪਣੇ ਕੰਢੇ ਬਹਾਉਂਦਾ ਤੇ ਪਹਿਰਾਂਤੀਕ ਓਹਨਾਂ ਨੂੰ ਜ਼ੁਲਮ ਉਡਾਊ ਪ੍ਰੋਗਰਾਮ ਬਣਾਉਂਦਿਆਂ,ਮਹੀਨਿਆਂ ਬੱਧੀ ਦੇਖਦਾ ਰਿਹਾ। ਸ੍ਰੀ ਬੁੱਧ ਜੀ, ਸੱਚ ਦੀ ਭਾਲ ਥਾਂ ਥਾਂ ਤੇ ਜਾ ਕੇ ਕਰਦੇ ਸਨ। ਹਜ਼ੂਰ ਨੂੰ ਘੁੰਮਣ ਦੀ ਲੜ ਨਹੀਂ ਸੀ। ਅੰਦਰੋਂ ਸਕੀਮ ਨੂੰ ਤਰੀਕੇ ਨਾਲ ਬਾਹਰ ਲਿਆਉਣਾ ਸੀ। ਏਸ ਖ਼ਜ਼ਾਨੇ ਵਿਚ ਮੋਤੀ ਪਏ ਹੋਏ ਸਨ। ਜ਼ਰਾ ਜੁਗਤ ਨਾਲ ਬਾਹਰ ਕੱਢਣੇ ਸਨ। ਜੀਵਨ-ਮਜ਼ਮੂਨ

ਦਿਮਾਗ਼ ਵਿਚ ਫਿਰਦਾ ਸੀ। ਰਤੀ ਕੁ ਸੋਚ ਕੇ, ਅਮਲ ਦੇ ਕਾਗ਼ਜ਼ ਉੱਤੇ ਲਿਆ ਧਰਨਾ ਸੀ ਤੇ ਬੱਸ।

ਅੰਤ ਓਹ ਵਿਸਾਖੀ ਦਾ ਦਿਹਾੜਾ ਵੀ ਦਰਿਆ ਨੇ ਦੇਖਿਆ, ਪੰਜ ਪਿਆਰੇ ਨਿੱਤਰੇ ਵੇਖੇ। ਹਜ਼ੂਰ ਨੂੰ ਅੰਮ੍ਰਿਤ ਛਕਦਿਆਂ ਤੱਕਿਆ ਤੇ ਸਤਲੁਜ ਦੇ ਭਾਵ ਨੂੰ ਕਵੀ ਨੇ ਇੰਜ ਬਿਆਨ ਕੀਤਾ—

ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ ॥

ਹਿੰਦੁਸਤਾਨ ਵਿਚ ਪਹਿਲੀ ਮਿਸਾਲ ਸੀ, ਸੇਵਕਾਂ ਤੋਂ ਗੁਰੂ ਨੇ ਸਿਖਿਆ ਲਈ। ਇਹ ਰਸਮ ਤੱਕਣ ਦਾ ਮਾਨ ਸਾਡੇ ਸਤਲੁਜ ਨੂੰ ਮਿਲਿਆ। ਦੁਨੀਆ ਸੁਧਰਦੀ ਦੇਖੀ, ਅਨਪੜ੍ਹ ਪੜ੍ਹਦੇ ਦੇਖੇ, ਕਾਇਰ ਜੋਧੇ ਬਣਦੇ ਤੱਕੇ, ਜੋਧੇ ਹਾਥੀਆਂ ਨੂੰ ਪਛਾੜਦੇ ਡਿੱਠੇ। ਡਿੱਠਾ ਫਾਰਸੀ ਦਾ ਕਵੀ ਗੁਰੂ ਸਾਹਿਬ ਉਤੋਂ ਜਿੰਦ ਘੁਮਾਉਂਦਾ, ਪ੍ਰੇਮ ਵਿਚ ਬਉਰਾ ਹੋਂਦਾ, ਜਿਸ ਤਰ੍ਹਾਂ ਸ੍ਰੀ ਰਾਧਾ ਸ੍ਰੀ ਕ੍ਰਿਸ਼ਨ ਤੇ ਮੋਹਤ ਸੀ। ਤੱਕਿਆ ਉਸ ਕਵੀ ਨੂੰ ਇਸ਼ਕ ਮਜਾਜ਼ੀ ਦਾ ਝੁਲਿਆ ਦੇ ਕੇ ਇਸ਼ਕ ਹਕੀਕੀ ਦੇ ਵਹਿਣ ਵਿਚ ਗਰਕ ਹੋਂਦਾ, ਗਰਕ ਹੋ ਕੇ ਤਰਦਾ ਤੇ ਸੰਗਤਾਂ ਨੂੰ ਤਾਰਦਾ। ਸਾਡੇ ਸ਼ਹੁ ਦੀ ਹਿੱਕ ਉਤੇ ਓਸ ਕਵੀ ਦਾ ਵੀ ਨਾਂ ਲਿਖਿਆ ਹੋਇਆ ਹੈ। ਪਾਣੀ ਵਿਚ ਲਕੀਰ ਨਹੀਂ ਟਿਕਦੀ, ਪਰ ਪ੍ਰੇਮੀ ਦੀ ਪ੍ਰੇਮ—ਕਥਾ ਦਰਿਆ ਨਹੀਂ ਭੁੱਲਦੇ। ਕੀ, ਝਨਾਂ ਸੋਹਣੀ ਦੀ ਘਟਨਾ ਭੁਲਾ ਸਕਦਾ ਹੈ? ਜਮਨਾ ਦਰਿਆ ਸ੍ਰੀ ਕ੍ਰਿਸ਼ਨ ਦੀਆਂ ਰਾਸਾਂ ਵਿਸਾਰ ਸਕਦਾ ਹੈ? ਜਮਨਾ ਲਈ ਨੰਦ ਲਾਲ ਜੀ ਸਭ ਤੋਂ ਵਡੇ ਸਨ। ਸਤਲੁਜ ਲਈ ਏਹਦੇ ਨੰਦ ਲਾਲ ਜੀ ਵਡੇ ਹੋਂਦੇ ਛੋਟੇ। ਆਸ਼ਕ ਛੋਟਾ ਹੋਂਦਾ ਹੈ ਤੇ ਉਹਦਾ ਪਿਆਰਾ ਵੱਡਾ। ਜਮਨਾ ਦੇ ਨੰਦ ਲਾਲ ਜੀ ਦੇ ਪ੍ਰੇਮ ਫ਼ਲਸਫ਼ੇ ਨੂੰ ਵੈਸ਼ਨਵਾਂ ਨੇ ਖ਼ੂਬ ਸਮਝਿਆ। ਸ੍ਰੀ ਵਲਭਾਚਾਰੀਆ ਤੇ ਅਸ਼ਟ ਸਖਾ ਨੇ ਅਮਿੱਟ ਸਾਹਿੱਤ ਪੈਦਾ ਕੀਤਾ, ਪਰ ਸਤਲੁਜ ਦੇ ਨੰਦ ਲਾਲ ਜੀ ਦੀ ਪ੍ਰੀਤ-ਫ਼ਲੋਸਫ਼ੀ ਨੂੰ ਕਿਸੇ ਸੋਚਿਆ ਨਹੀਂ, ਵਾਚਿਆ ਨਹੀਂ, ਲਿਖਿਆ ਨਹੀਂ।

ਸਤਲੁਜ ਦੀ ਲਹਿਰ ਲਹਿਰ ਉਤੇ ਸਾਡਾ ਇਤਿਹਾਸ ਸੂਰਜ ਦੀਆਂ ਕਿਰਨਾਂ ਵਾਂਗ ਚਮਕ ਰਿਹਾ ਹੈ। ਅਸੀਂ ਇਲਮ ਤੇ ਸੂਝ ਦੇ ਕੈਮਰੇ



Digitized by Panjab Digital Library | www.panjabdigilib.org

ਨਾਲੇ ਫੋਟੋ ਲਾਹੁਣ ਜੋਗੇ ਨਹੀਂ। ਚਾਹੁੰਦੇ ਹਾਂ, ਸਤਲੁਜ ਮਨੁੱਖ ਬਣ ਕੇ ਆਏ ਤੇ ਆਪ ਇਤਿਹਾਸ ਸੁਣਾਏ। ਅਸੀਂ ਬਿਨਾਂ ਸੋਚੇ, ਮੱਖੀ ਉਤੇ ਮੱਖੀ ਮਾਰੀ ਜਾਵੀਏ। ਲੰਘ ਗਿਆ ਸਤਜੁਗ, ਜਦੋਂ ਹਰ ਸ਼ੈ ਰੂਪ ਧਾਰ ਕੇ ਬੋਲਣ ਲੱਗ ਪੈਂਦੀ ਸੀ। ਇਹ ਕਲਜੁਗ ਹੈ, ਇਸ ਵਿਚ ਤਾਂ ਆਪਣੀ ਕਰਨੀ ਦਾ ਫਲ ਮਿਲਣਾ ਹੈ।

ਸਤਲੁਜ ਦਾ ਤੇ ਸਾਡਾ ਪੱਕਾ ਰਿਸ਼ਤਾ ਸਭਰਾਵਾਂ ਦੇ ਮੈਦਾਨ ਲਾਗੇ ਹੋਇਆ। ਸਾਡੇ ਆਪਣਿਆਂ ਨੇ ਬੇੜੀਆਂ ਦਾ ਪੁਲ ਤੋੜਿਆ। ਸਾਡੇ ਧ੍ਰੋਹੀ ਫੌਜਾਂ ਮੋੜ ਲਿਆਏ। ਅਸੀਂ ਥੋੜ੍ਹੇ ਰਹਿ ਗਏ, ਅਖੀਰ ਧਕੀਣੇ ਸ਼ੁਰੂ ਹੋ ਗਏ, ਲੜਦੇ ਲੜਦੇ ਵਿਚ ਸਤਲੁਜ ਦੇ। ਪਿਆਰੇ ਸਤਲੁਜ ਨੇ ਲਹਿਰਾਂ ਦੇ ਨਾਲ ਸਾਨੂੰ ਢਕਣਾ ਚਾਹਿਆ, ਪਰ ਪੇਸ਼ ਨਹੀਂ ਸੀ ਜਾਂਦੀ। ਉਤੋਂ ਅੰਗ੍ਰੇਜ਼ ਸ਼ੇਰ ਬਣਿਆ ਹੋਇਆ ਸੀ। ਗੋਲੀ ਸਾਹ ਨਹੀਂ ਸੀ ਲੈਂਦੀ। ਅਸੀਂ ਸਤਲੁਜ ਦੇ ਵਿਚ ਹੀ ਲੋਥਾਂ ਦੀਆਂ ਤਹਿਆਂ ਲਾ ਦਿਤੀਆਂ। ਹਰੀ ਕੇ ਪੱਤਣੋਂ ਲੈ ਕੇ ਸਭਰਾਵਾਂ ਤਕ, ਸਤਲੁਜ ਲਾਲੋ ਲਾਲ ਹੋ ਗਿਆ। ਵਿਚਾਰਾ ਪਰਦਾ ਕੀ? ਅਖੀਰ ਠੰਢਾ ਹੋ ਗਿਆ। ਅਸੀਂ ਏਹਦੇ ਲਈ ਮੋਏ ਸਾਂ। ਏਸ ਸਚੇ ਦਿਲੋਂ ਸਾਡੀ ਸੁਖ ਮੰਗੀ।

ਗੰਗਾ ਵਿਚ ਮੋਇਆਂ ਦੇ ਫੁਲ ਪੈਂਦੇ ਹਨ, ਪਰ ਸਾਡੇ ਜੀਉਂਦਿਆਂ ਦੇ ਹਜ਼ਾਰਾਂ ਜੁੱਸੇ, ਇਸ ਵਿਚ ਪਏ। ਫੇਰ ਸਾਨੂੰ ਕਿਵੇਂ ਘਟ ਪਿਆਰਾ ਹੋ ਸਕਦਾ ਹੈ? ਅਸੀਂ ਹਰੀ ਕੇ ਪੱਤਣ, ਕਿਉਂ ਨ ਸਤਲੁਜ ਵਿਚ ਫੁਲ ਪਾਵੀਏ?

----



Digitized by Panjab Digital Library | www.panjabdigilib.org

# ਜਰਨੈਲ ਮੋਹਨ ਸਿੰਘ ਨਾਲ ਗੱਲ ਬਾਤ

ਅਗਸਤ ਸੰਨ ਛਤਾਲੀ ਵਿਚ ਕਸੌਲੀ ਤੋਂ ਮੈਂ ਤੇ ਗਿਆਨੀ ਗੁਰਮੁਖ ਸਿੰਘ ਜੀ ਕਾਰ ਵਿਚ ਸ਼ਿਮਲੇ ਚਲੇ। ਸਾਡੇ ਨਾਲ ਆਜ਼ਾਦ ਹਿੰਦ ਫ਼ੌਜ ਦੇ ਮੋਢੀ ਜਰਨੈਲ ਮੋਹਨ ਸਿੰਘ ਜੀ ਤੇ ਜਰਨੈਲਨੀ ਸਾਹਿਬਾ ਵੀ ਸਨ। ਓਸ ਦਿਨ ਗੱਲਾਂ ਮੁਸਾਫ਼ਰ ਸਾਹਿਬ ਨਾਲ ਹੀ ਹੋਈਆਂ। ਜਿਹੜਾ ਕੁਝ ਦਿਨ ਪਹਿਲਾਂ, ਕਾਰ ਦਾ ਹਾਦਸਾ ਹੋਇਆ ਸੀ, ਓਹਦੀ ਚਰਚਾ ਹੋਂਦੀ ਰਹੀ। ਸ਼ਿਮਲੇ ਜਾਣ ਵਾਲੀ ਕਾਰ ਵਿਚ ਤਿੰਨ ਸਵਾਰੀਆਂ ਹਾਦਸੇ ਵਾਲੀ ਕਾਰ ਵਾਲੀਆਂ ਹੀ ਸਨ। ਸੁਖ ਨਾਲ ਚੌਥੀ ਸਵਾਰੀ ਓਪਰੀ ਸਵਾਰੀ ਮੈਂ ਹੀ ਸਾਂ। ਜਰਨੈਲ ਸਾਹਿਬ ਨੇ ਦਸਿਆ ਕਿ ਪਹਾੜ ਵਿਚ ਕਾਰ ਚਲਾਉਣੀ ਬੜਾ ਕਠਨ ਕੰਮ ਹੈ; ਕਿਉਂਕਿ ਲੜਾਈ ਵਿਚ ਓਹਨਾਂ ਟੈਂਕਾਂ ਵਗ਼ੈਰਾ ਦੇ ਹਥੋਂ-ਕੰਮ ਕਢਿਆ ਹੋਇਆ ਸੀ, ਏਸੇ ਕਰਕੇ ਡਰਾਈਵਰ ਦੀਆਂ ਮਹੀਨ ਤੋਂ ਮਹੀਨ ਉਕਾਈਆਂ ਦਾ ਖ਼ਿਆਲ ਰਖਦੇ ਸਨ। ਓਹਨਾਂ ਆਪਣੇ ਡਰਾਈਵਰ ਨੂੰ ਸੋਲਨ ਚਾਹ ਪਿਆਈ ਤੇ ਕਿਹਾ। 'ਪਹਾੜ ਵਿਚ ਕਾਰ ਚਲਾਉਣ ਵਾਲੇ ਨੂੰ ਪੰਦਰਾਂ ਮੀਲ ਉਤੇ ਚਾਹ ਪੀਣੀ ਚਾਹੀਦੀ ਹੈ।' ਇਹ ਗੱਲ ਕੂੜਪਤੀ ਸਰਦਾਰ ਵਾਂਗ ਨਹੀਂ ਕਹਿ ਛੱਡੀ ਸੀ, ਸਗੋਂ ਸਚੇ ਮਨੁੱਖਤਾ ਦੇ ਪਿਆਰੇ ਇਨਸਾਨ ਵਾਂਗ ਕਿਹਾ ਸੀ। ਦਿਲੀ ਹਿਤ ਨਾਲ ਚਾਹ ਪੀਣ ਉਤੇ ਮਜਬੂਰ ਕੀਤਾ ਸੀ। ਉਂਜ ਤਾਂ ਪਹਿਲਾਂ ਹੀ ਮੈਨੂੰ ਸ਼ਹਿਰੀਏ ਨੂੰ, ਆਪ ਦਾ ਸ਼ਹਿਰੀਆਂ ਵਰਗਾ ਕੱਦ, ਸੋਹਣਾ ਲੱਗ ਚੁਕਾ ਸੀ। ਭਾ ਚੁੱਕਾ ਸੀ ਗਠਵਾਂ ਚੁਸਤ ਸਰੀਰ, ਸੋਹਣੀਆਂ ਲੱਗ ਚੁਕੀਆਂ ਸਨ ਗੱਲਾਂ ਸਮਝਾਂਦੀਆਂ ਅੱਖੀਆਂ ਤੇ ਡੂੰਘੇ ਭਾਵ ਸੁਲਝਾਂਦੀਆਂ ਦਸੇ ਉਂਗਲਾਂ। ਏਹਨਾਂ ਸਾਰੀਆਂ ਸੁੰਦਰ ਸ਼ੈਆਂ ਤੋਂ ਵਡੇਰੀ ਸੋਹਣੀ ਸ਼ੈ ਲੱਗੀ ਹਿਤ ਭਰੀ ਆਦਤ।

ਮੈਨੂੰ ਆਪਣੇ ਦੇਸ ਦੇ ਬਜ਼ੁਰਗਾਂ ਦਾ ਲੋਕ-ਹਿਤ ਯਾਦ ਆ ਗਿਆ, ਇਕ ਮਾੜੀ ਜਿਹੀ ਝੁਣਝੁਣੀ ਆਈ। ਮੈਂ ਆਪਣੇ ਆਪ ਨੂੰ ਕਾਰ ਵਿਚ ਬੈਠਾ ਨ ਜਾਤਾ, ਜਾਣ ਲਿਆ ਕਿ ਇਕ ਵਿਦਿਆਰਥੀ ਹਾਂ, ਜਿਸ ਨੇ ਇਨਸਾਨੀਅਤ ਦੀ ਕਿਤਾਬ ਦਾ ਸਾਦਾ, ਪਰ ਬੜਾ ਗੰਭੀਰ ਸਫਾ ਪੜ੍ਹਿਆ ਹੈ। ਰੱਬ ਕਰੇ, ਇਹ ਭੁਲੇ ਨਾ।

ਅਸੀਂ ਸ਼ਿਮਲੇ ਪੁਜੇ। ਅਗੋ ਸਰਦਾਰ ਪ੍ਰਤਾਪ ਸਿੰਘ ਕੈਰੋਂ ਗਲਵਕੜੀ ਪਾ ਕੇ ਮਿਲੇ, ਜਿਵੇਂ ਦਰਿਆ ਗੰਗਾ ਤੇ ਜਮਨਾ ਮਿਲਦੇ ਹਨ। ਮਨੂੰ ਯਕੀਨ ਹੋਇਆ, ਬੀਰਤਾ ਤੇ ਸਿਆਸਤ ਦੇ ਸੰਗਮ ਤੇ ਇਕ ਨਵਾਂ ਪਰਿਆਗ ਬਣੇਗਾ। ਸਾਈਂ ਉਹ ਦਿਨ ਦਿਖਾਵੇ।

ਤਿੰਨ ਕੁ ਦਿਨਾਂ ਪਿਛੋਂ 'ਮੁਸਾਫਰ' ਜੀ ਤੋਂ ਛੁਟ ਅਸੀਂ ਤਿੰਨੇ ਕਸੌਲੀ ਨੂੰ ਤੁਰ ਪਏ। ਹਾਲੀਂ ਕਾਰ, ਦੋ ਚਾਰ ਫ਼ਰਲਾਂਗ ਹੀ ਚੱਲੀ ਹਵੇਗੀ, ਮੇਰੇ ਦਿਲ ਵਿਚ ਆਈ, ਮਨਾ, ਕਰ ਲੈ ਖ਼ਾਂ ਗੱਲਾਂ, ਲਾਹ ਲੈ ਚਾਅ, ਅੱਜ ਵੇਲਾ ਈ। ਤਹਿਜ਼ੀਬ ਦੀ ਵਾੜ ਵਿਚ ਖਲੋ ਕੇ, ਨਿੱਕੀ ਜਿਹੀ ਖੰਘੂਰੀ ਮਾਰ ਕੇ, ਮੈਂ ਅਗਲੀ ਸੀਟੋਂ ਪਿਛਲੇ ਬੰਨੇ ਮੂੰਹ ਕਰ ਕੇ ਕਿਹਾ, ਕੀ ਹੋਰਾਂ ਨਾਲੋਂ ਸਿਖਾਂ ਵਿਚ ਜ਼ਿਆਦਾ ਈਰਖਾ ਨਹੀਂ ?

ਕਿਤੇਂ ?

ਮੈਂ ਕਿਹਾ ਉਂਜ ਤਾਂ ਈਰਖਾ ਹਰ ਇਨਸਾਨ ਵਿਚ ਹੈ ਤੇ ਹਰ ਫਿਰਕੇ ਵਿਚ ਹੋਂਦੀ ਹੈ, ਪਰ ਸਿਖਾਂ ਵਿਚ ਬਹੁਤ ਜ਼ਿਆਦਾ ਦਿਸਦੀ ਹੈ। ਅਸਾਂ ਰਾਜ ਈਰਖਾ ਕਰ ਕੇ ਗਵਾਇਆ ਸੀ। ਡੋਗਰਿਆਂ ਹਥ ਤਾਕਤ ਈਰਖਾ ਨੇ ਦਿਵਾਈ ਸੀ। 'ਜਿਹੜਾ ਬਹੇ ਗੱਦੀ ਉਹ ਨੂੰ ਮਾਰ ਦੇਂਦੇ' ਮੀਆਂ ਸ਼ਾਹ ਮੁਹੱਮਦ ਨੇ ਸਾਡੀ ਈਰਖਾ ਦਾ ਨਕਸ਼ਾ ਖਿਚਿਆ ਹੈ।

ਅਕਾਲੀ ਲਹਿਰ ਵੇਲੇ ਵੀ ਈਰਖਾ ਆ ਚਮਕੀ ਸੀ। ਪਹਿਲਾਂ ਅਸੀਂ ਰਾਜਾ ਬਦਲਦੇ ਸਾਂ ਤੇ ਹੁਣ ਅਸਾਂ ਲੀਡਰ ਲਾਹੇ। ਬਾਬਾ ਖੜਕ ਸਿੰਘ, ਸਰਦਾਰ ਬਹਾਦਰ ਮਹਿਤਾਬ ਸਿੰਘ ਤੇ ਹੋਰ ਕਈ ਨਾਂ ਲੀਤੇ ਜਾ ਸਕਦੇ ਹਨ। ਓਸ ਵੇਲੇ ਜੱਟ ਤੇ ਗ਼ੈਰ ਜੱਟ ਦੀ ਈਰਖਾ ਨੇ ਵੀ ਅੱਖਾਂ ਖੋਲ੍ਹ ਲਈਆਂ ਸਨ। ਮੈਂ ਕਿਹਾ ਹੁਣ ਵੀ ਅਕਾਲੀਆਂ ਵਿਚ ਧੜੇ ਬਣੇ

ਹੋਏ ਹਨ। ਅਕੀਰਲੀ ਗੱਲ ਉਤੇ ਮੋਹਨ ਸਿੰਘ ਜੀ ਬੋਲੇ 'ਪਾਰਟੀ-ਬਾਜ਼ੀ ਆ ਨੇ ਆਪਣੇ ਖਿਆਲ ਦਾ ਪ੍ਰਚਾਰ ਕਰ ਵਾਸਤੇ ਹੈ। ਆਪਣੇ ਖਿਆਲ ਮੁਤਾਬਿਕ ਹਰ ਇਕ ਧਿਰ ਸਿਖਾਂ ਦੀ ਸੇਵਾ ਕਰਨੀ ਚਾਹੁੰਦੀ ਹੈ। ਆਪਣੇ ਅਸੂਲ ਜਾਂ ਖਿਆਲ ਦੀ ਪਾਬੰਦੀ, ਮਨੁਖ, ਘਰ ਤੇ ਕੌਮ ਦੀ ਤਰੱਕੀ ਨੂੰ ਰੋਕ ਲੈਂਦੀ ਹੈ। ਸਾਨੂੰ ਹਰ ਇਕ ਪਾਰਟੀ ਨੂੰ ਖੁਲ੍ਹ ਦੇਣੀ ਚਾਹੀਦੀ ਹੈ ਕਿ ਉਹ ਆਪਣੀ ਰਾਇ ਡੰਕੇ ਦੀ ਚੋਟ ਨਾਲ ਦੇਵੇ। ਮੇਰੀ ਜਾਚੇ ਇਹ ਪਾਰਟੀਆਂ ਈਰਖਾ ਦੀ ਕਾਰ ਵਿਚ ਨਹੀਂ ਆ ਸਕਦੀਆਂ।'

ਮੈਂ—'ਏਥੇ ਨਾਹੀ ਸਹੀ' ਕਹਿ ਕੇ ਕਿਹਾ, 'ਪਰ ਪੰਜਾਬੀ ਦੇ ਸਿਖ ਲਿਖਾਰੀ, ਜਿਹਨਾਂ ਦਾ ਨਿਸ਼ਾਨਾ ਇਕੋ ਹੈ, ਉਹ ਚੰਗੀਆਂ ਕਿਤਾਬਾਂ ਮੰਨਦੇ ਹੋਏ ਵੀ, ਚੰਗੀਆਂ ਪੁਸਤਕਾਂ ਇਮਤਿਹਾਨਾਂ ਵਿਚ ਨਹੀ ਲਾਉਂਦੇ। ਸਾਡੇ ਇਕ ਵਡੇ ਲਿਖਾਰੀ ਨੇ ਇਕ ਮਹਾਨ ਸ਼ਖਸੀਮਤ ਦਾ ਹਾਲ ਲਿਖਦਿਆਂਦਸਿਆਸੀ ਕਿ ਫਲਾਨੇ ਦੀ ਔਲਾਦ ਅੱਜ ਕੱਲ ਅੰਮ੍ਰਿਤਸਰਵਿਚ ਹੈ। ਜਿਸ ਸ਼ਖਸ ਵਲ ਇਸ਼ਾਰਾ ਸੀ, ਓਸ ਸ਼ਖਸ ਨਾਲ ਲਿਖਾਰੀ ਦੀ ਚੰਗੀ ਜਾਣ ਪਛਾਣ ਸੀ। ਉਹ ਪੁਰਸ਼ ਸ਼ਹਿਰ ਦਾ ਪਤਿਵੰਤਾ ਤੇ ਪੰਜਾਬੀ ਦਾ ਨਾਟਕਕਾਰ ਸੀ। ਇਸ ਬਜ਼ੁਰਗ ਦਾ ਮਹਾਂ ਲਿਖਾਰੀ ਨੇ ਨਾਂ ਇਸ ਲਈ ਨਹੀਂ ਦਿਤਾ ਸੀ ਕਿ ਮਹਾਂ ਵਿਦਵਾਨ ਦੀ ਔਲਾਦ ਕਹਿਣ ਨਾਲ ਆਪਣੇ ਅੰਮ੍ਰਿਤਸਰੀਏ ਵਾਕਿਫ ਦੀ ਗੁੱਡੀ ਨ ਚੜ੍ਹ ਜਾਏ। ਖੈਰ, ਇਹੋ ਜਿਹੀਆਂ ਕੁਝ ਸਹੀ ਮਿਸਾਲਾਂ ਮੈਂ ਦਿਤੀਆਂ, ਏਹਨਾਂ ਨੂੰ ਓਹਨਾਂ ਨੇ ਈਰਖਾ ਦੇ ਘੇਰੇ ਵਿਚ ਮੰਨਿਆ। ਹਰ ਗੱਲਾਂ ਵੀ ਹੋਈਆਂ, ਜਿਨ੍ਹਾਂ ਦਾ ਨਚੋੜ ਮੈਂ ਆਪਣਿਆਂ ਲਫਜ਼ਾਂ ਵਿਚ ਦੇਂਦਾ ਹਾਂ।

ਸਿੱਖ ਅਗਾਂਹ ਵਧੂ ਹਨ, ਈਰਖਾ ਖਾਸ ਨਹੀਂ। ਮੁਲਕ ਉੱਤੇ ਏਹਨਾਂ ਬੇਕਾਰੀ ਨਹੀ ਵਧਾਈ; ਕਿਉਂ ਕਿ ਹੱਥੀਂ ਕਾਰ ਕਰਦੇ ਹਨ। ਭਾਵੇਂ ਸਾਰਾ ਦਿਨ ਟੈਕਸੀ ਘੁਕਾਈ ਜਾਣ, ਹੌਸਲਾ ਹੈ, ਜਿਗਰਾ ਹੈ। ਦੁਸ਼ਮਨ ਜਾਂ ਗਵਾਂਢੀ ਦਾ ਦੁੱਖ ਨਹੀਂ ਦੇਖ ਸਕਦੇ। ਆਪਣੀ ਆਬਾਦੀ ਮੂਜਬ, ਏਹਨਾਂ ਦੇ ਲੀਡਰ ਹਨ। ਜੇ ਤੀਹ ਕ੍ਰੋੜ ਵਿਚੋਂ ਇਕ ਪੰਡਤ ਜਵਾਹਰ ਲਾਲ ਜੀ ਹਨ ਤਾਂ ਸਿੱਖਾਂ ਵਿਚੋਂ ਓਨੇ ਸਮੇਂ ਤੇ ਓਸੇ ਗਿਣਤੀ ਦੇ ਲਿਹਾਜ਼ ਨਾਲ



Digitized by Panjab Digital Library | www.panjabdigilib.org

ਹੀ ਬੰਦਾ ਆਉਣਾ ਹੋਇਆ। ਸਿੱਖਾਂ ਵਿਚ ਔਸਤ ਦੇ ਲਿਹਾਜ਼ ਨਾਲ ਲੀਡਰ ਚੰਗੇ ਹਨ। ਅਨਪੜ੍ਹ ਜਨਤਾ ਨੇ ਅਨਪੜ੍ਹ ਲੀਡਰ ਵੀ ਚੁਣੇ ਹੋਏ ਹਨ, ਪਰ ਤਜਰਬਾਕਾਰ ਹੋਣ ਕਰਕੇ, ਕੁਝ ਪੜ੍ਹਿਆਂ ਨੂੰ ਵੀ ਹੱਕੀ ਤੁਰੇ ਜਾਂਦੇ ਹਨ। ਸਿੱਖਾਂ ਵਿਚ ਲੋਕ ਪਿਆਰ ਹੈ, ਸੇਵਾ ਦੀ ਚਾਹ ਹੈ, ਹਿੰਦੂ ਮੁਸਲਿਮ ਨਾਲ ਵੈਰ ਨਹੀ। ਆਜ਼ਾਦੀ ਲਈ ਆਜ਼ਾਦ ਹਿੰਦ ਫੌਜ ਵਾਂਗ, ਬੜੀ ਮਦਦ ਦੇ ਸਕਦੇ ਹਨ। ਜਰਨੈਲ ਸਾਹਿਬ ਸਿੱਖਾਂ ਵਲੋਂ ਨਿਰਾਸ ਨਹੀਂ। ਉਂਜ ਵੀ ਆਪ ਕੱਟੜ ਆਸ਼ਾ ਵਾਦੀ ਹਨ।

ਏਨੇ ਵਿਚ ਅਸੀ ਸੋਲਨ ਅਪੜ ਗਏ। ਡਰਾਈਵਰ ਨੂੰ ਚਾਹ ਪਿਆਈ ਤੇ ਪਹਿਲੇ ਵਾਂਗ ਦੂਜੇ ਅੱਜ ਦੇ ਡਰਾਈਵਰ ਨੂੰ ਵੀ ਪੰਜ ਕਪੜੇ ਦਿਤੇ, ਇਹ ਬਖ਼ਸ਼ੀਸ਼ ਵਜੋਂ ਨਹੀਂ ਸਨ।

ਕਸੌਲੀ ਇਕ ਦਿਨ ਸੈਰ ਕਰਦਿਆਂ ਮਿਲੇ। ਮੈਂ ਦੂਜੇ ਦਿਨ ਲਈ ਅੱਧੇ ਘੰਟੇ ਦਾ ਵਕਤ ਮੰਗਿਆ। ਦੂਜੇ ਦਿਹਾੜੇ ਵੇਲ ਸਿਰ ਅੱਪੜ ਗਿਆ। ਏਹ ਗੱਲ ਤਾਂ ਮੈਂ ਤਾੜ ਗਿਆ ਸਾਂ ਕਿ ਆਪ ਜੀ ਬਹੁਤਿਆਂ ਨੁਕਤਿਆਂ ਉਤੇ ਬੋਲ ਸਕਦੇ ਹਨ। ਅੱਜ ਮੈਂ ਆਪਣੇ ਮੱਸ ਦਾ ਸਵਾਲ ਕੀਤਾ। ਫੌਜੀ ਨਾਲ, ਸਾਹਿਤ ਦਾ ਕਿੰਨਾ ਸੰਬੰਧ ਹੈ? ਇਥੇ ਮੈ ਆਪਣਿਆਂ ਲਫ਼ਜ਼ਾਂ ਵਿਚ ਨਚੋੜ ਹੀ, ਦਿਆਂਗਾ। ਏਨੀ ਗੱਲ ਜ਼ਰੂਰ ਹੈ ਕਿ ਆਪ ਆਪਣੇ ਨੁਕਤੇ ਤੋਂ ਨਹੀ ਖਿੜਕਦੇ। ਜਿਵੇਂ ਸਿਆਣਾ ਚਿਤ੍ਰਕਾਰ ਜਾਂ ਕਵੀ, ਕਈ ਚੀਜ਼ਾਂ ਦੱਸ ਕੇ ਆਪਣੇ ਨਾਇਕ ਨੂੰ ਉਘਾੜ ਲੈਂਦਾ ਹੈ, ਇਵੇਂ ਆਪਣੇ ਨੁਕਤੇ ਨੂੰ ਚਮਕਾ ਜਾਂਦੇ ਹਨ।

ਫੌਜੀ ਦੇਸ ਦਾ ਪਿਆਰਾ ਹੋਂਦਾ ਹੈ, ਖ਼ਲਕਤ ਦਾ ਸੇਵਾਦਾਰ ਹੋਂਦਾ ਹੈ। ਇਹ ਗੱਲਾਂ ਓਹਨੂੰ ਸਾਹਿਤ ਵਿਚੋਂ ਮਿਲਦੀਆਂ ਹਨ। ਕਿਉਂਕਿ ਸੱਚਾ ਸਾਹਿਤ ਹੀ ਦੇਸ ਦੀ ਰਾਖੀ ਕਰਨ ਵਾਲਾ ਪੈਦਾ ਕਰਦਾ ਹੈ ਤੇ ਗਰੀਬਾਂ ਨਾਲ ਪਿਆਰ ਕਰਾਉਂਦਾ ਹੈ। ਅੰਗਰੇਜ਼ ਦੇਸੀ ਫੌਜੀ ਨੂੰ ਬਿਲਕੁਲ ਪੜ੍ਹਨ ਨਹੀਂ ਦੇਂਦਾ ਸੀ। ਕਿਉਂਕਿ ਪੜ੍ਹਾਈ ਨਾਲ ਸੂਝ ਆ ਜਾਂਦੀ ਹੈ, ਖ਼ੁਦੀ ਜਾਗਦੀ ਹੈ ਤੇ ਮਨੁਖ ਆਪਣੇ ਆਪ ਨੂੰ ਅਗਾਂਹ ਲੈ ਜਾਣਾ ਚਾਹੁੰਦਾ ਹੈ। ਅੰਗਰੇਜ਼ਾਂ ਨੇ ਦੇਸੀ ਸਿਪਾਹੀ ਤੋਂ ਆਪਣਾ ਉੱਲੂ ਸਿੱਧ ਕਰਾਉਣਾ ਸੀ,



Digitized by Panjab Digital Library | www.panjabdigilib.org

ਫੌਜੀ ਨੂੰ ਪੜ੍ਹਾ ਕੇ ਆਪਣੀ ਜੜ੍ਹਾਂ ਤੇ ਕਿਉਂ ਕੁਹਾੜਾ ਚਲਾਂਦਾ? ਲਿਟ੍ਰੇਚਰ ਜਾਂ ਸੁੱਚੀ ਵਿਦਿਆ, ਮਨੁਖ ਸੁਭਾਅ ਦੀ ਸੋਝੀ ਕਰਾਉਂਦੀ ਹੈ। ਏਹੋ ਗੱਲ ਸਾਡੀ ਤਾਲੀਮ ਵਿਚ ਘੱਟ ਆਈ ਹੈ ਤੇ ਫੌਜੀਆਂ ਨੂੰ ਤਾਂ ਇਲਮ ਲਾਗੇ ਛੋਹਣ ਹੀ ਨਾ ਦਿਤਾ ਗਿਆ। ਹਾਂ, ਹਿੰਦੁਸਤਾਨੀ ਅਫਸਰ ਕੁਝ ਪੜ੍ਹੇ ਹਏ ਸਨ। ਪਰਦੇਸੀ ਸਾਹਿੱਤਾਂ ਦਾ ਥੋੜ੍ਹਾ ਬਹੁਤਾ ਗਿਆਨ ਓਹਨਾ ਨੂੰ ਹੋਇਆ ਹੋਇਆ ਸੀ। ਓਹ ਆਜ਼ਾਦ ਹਿੰਦ ਫੌਜ ਬਣ ਗਏ। ਆਪਣੀ ਹਸਤੀ ਕਾਇਮ ਕਰ ਗਏ, ਗਰੀਬਾਂ ਲਈ ਜੀਵਨ ਲਾ ਗਏ। ਸਾਹਿਤ ਨਾਲ, ਓਹਨਾਂ ਦੀ ਜ਼ਬਾਨ ਵਿਚ ਰਸ ਆਇਆ ਹੋਇਆ ਸੀ। ਦਿਲ ਦੀ ਦਸਣ ਦੀ ਜਾਚ ਆ ਗਈ, ਓਹ ਜਾਚ, ਅਨਪੜ੍ਹਾਂ ਨੂੰ ਹੌਲੇ ਹੌਲੇ ਆਪਣੇ ਵਲ ਲੈ ਗਈ।

ਆਜ਼ਾਦ ਹਿੰਦ ਫੌਜ ਵਿਚ, ਓਹੋ ਬੰਦੇ ਸਨ, ਜਿਨ੍ਹਾਂ ਮਾਰਸ਼ਲ-ਲਾ, ਅਕਾਲੀ, ਖਿਲਾਫ਼ਤ ਤੇ ਨ ਮਿਲਵਰਤਨ ਲਹਿਰਾਂ ਵੇਖੀਆਂ ਹੋਈਆਂ ਸਨ। ਓਹਨਾਂ ਘਟਨਾਵਾਂ ਨੇ ਓਹਨਾਂ ਦੇ ਦਿਲਾਂ ਵਿਚ ਘਰ ਕੀਤਾ ਹੋਇਆ ਸੀ। ਓਹ ਲੋਕ ਨਾ ਤਾਂ ਆਪਣੇ ਖਿਆਲਾਂ ਨੂੰ ਰੁਖ਼ ਸਿਰ ਬਿਆਨ ਕਰ ਸਕਦੇ ਸਨ ਤੇ ਨਾ ਹੀ ਓਹਨਾਂ ਗੱਲਾਂ ਨੂੰ ਚੰਗੀ ਤਰ੍ਹਾਂ ਵਿਚਾਰ ਕੇ ਅਸਲੀ ਰਸਤੇ ਉਤੇ ਆ ਸਕਦੇ ਸਨ। ਓਹਨਾਂ ਨੂੰ ਖ਼ੁਦੀ ਵਾਲੇ ਅਫਸਰ ਮਿਲ ਗਏ, ਓਹ ਅਫਸਰ ਅਕਲ ਮੁਤਾਬਿਕ ਕੰਮ ਰੋੜ੍ਹ ਗਏ।

ਸਾਡੇ ਦੇਸ ਵਿਚ ਮਹਾਂ ਆਲਿਮ ਤੇ ਭਾਰੇ ਜਰਨੈਲ ਗੁਰੂ ਗੋਬਿੰਦ ਸਿੰਘ ਜੀ ਹੀ ਹੋਏ ਹਨ। ਆਪ ਨੇ ਅੰਮ੍ਰਿਤ ਵਿਚ ਖੰਡਾ (ਬੀਰਤਾ) ਤੇ ਬਾਣੀ (ਸਾਹਿੱਤ) ਨੂੰ ਇਕ ਮਿਕ ਕਰ ਦਿਤਾ ਸੀ। ਮਹਾਂ ਸਕੰਦਰ ਦਾ ਉਸਤਾਦ ਮਹਾਂ ਵਿਦਵਾਨ ਅਰਸਤੂ ਸੀ, ਸਕੰਦਰ ਜਰਨੈਲ ਵੀ ਗ਼ਜ਼ਬ ਦਾ ਤਾਂ ਹੀ ਹੋਇਆ ਕਿ ਓਹਦੇ ਪਿਛੇ ਇਲਮ ਦਾ ਕਮਾਂਡਰ ਇਨਚੀਫ਼ ਖਲੋਤਾ ਸੀ। ਬਾਬਰ ਪੜ੍ਹਿਆ ਹੋਇਆ ਜੋਧਾ ਸੀ, ਏਸੇ ਕਰ ਕੇ ਪਰਦੇਸ ਵਿਚ ਸਦੀਆਂ ਲਈ ਆਪਣੇ ਘਰਾਣੇ ਦਾ ਰਾਜ ਕਾਇਮ ਕਰ ਗਿਆ।

ਮੋਹਨ ਸਿੰਘ ਜੀ ਦੇ ਖਿਆਲ ਵਿਚ, ਅਫ਼ਸਰ ਤਾਂ ਕਾਫ਼ੀ ਪੜ੍ਹਿਆ ਹੋਇਆ ਹੋਣਾ ਚਾਹੀਦਾ ਹੈ। ਕਿਉਂਕਿ ਜੇ ਉਹ ਉਚੇ ਸਾਹਿਤ ਦਾ ਰਸੀਆ



Digitized by Panjab Digital Library | www.panjabdigilib.org

ਹੋਵੇ ਤਾਂ ਸ਼ਰਣ ਪਏ ਸ਼ਤਰੂ ਦੀ ਜਾਨ, ਜਾਣ ਨਹੀਂ ਦੇਵੇਗਾ। ਪੋਰਸ ਵੀ ਪੜ੍ਹਿਆ ਹੋਇਆ ਸੀ ਤੇ ਸਕੰਦਰ ਭੀ ਪੜ੍ਹਿਆ ਹੋਇਆ। ਦੋਹਾਂ ਦੀ ਗੱਲ ਬਾਤ ਹੀ ਸਾਹਿਤ ਹੈ। ਅਸ਼ੋਕ ਸਾਹਿੱਤ ਰਸੀਆ ਸੀ, ਇਸੇ ਲਈ ਅਖੀਰ ਸਾਹਿਤ ਕਾਰਗਰ ਹੋਇਆ।

ਫੌਜੀ ਦੇ ਅਰਥ ਜਲਾਦ ਦੇ ਨਹੀਂ। ਜੇ ਫੌਜੀ ਵਿਚ ਅਧਿਆਤਮਿ ਰੰਗਤ ਨ ਹੋਵੇ, ਤਾਂ ਉਹ ਦੁਨੀਆਂ ਦਾ ਰਖਵਾਲਾ ਨਹੀਂ ਹੋ ਸਕਦਾ। ਜਰਨੈਲ ਸਾਹਿਬ ਬਹੁਤ ਜ਼ਿਆਦਾ ਆਸਤਕ ਹਨ। ਉਹ, ਕਈ ਨ ਬਚਣ ਵਾਲੀਆਂ ਥਾਵਾਂ ਤੋਂ ਬਚੇ ਹਨ। ਇਸ ਲਈ ਓਹਨਾਂ ਨੂੰ ਅਣਡਿੱਠੇ ਹਥ ਉਤੇ ਪੂਰਾ ਯਕੀਨ ਹੈ,ਜਿਸਨੇ ਓਹਨਾਂ ਦੀ,ਕਈ ਵਾਰੀ ਰਖਿਆ ਕੀਤੀ।

ਆਪ ਵੀ ਸਾਹਿਤ ਰਸੀਏ ਹਨ, ਜਿਹੜੀ ਡਾਇਰੀ ਆਪ ਨੇ ਲਿਖੀ ਹੈ, ਉਹ ਆਪ ਦੇ ਸਾਹਿਤ ਪ੍ਰੇਮੀ ਹੋਣ ਦਾ ਪੱਕਾ ਸਬੂਤ ਹੈ। ਉਸ ਵਿਚ ਫਲਾਸਫ਼ੀ ਦੀ ਵੀ ਰੰਗਤ ਹੈ। ਕਿਉਂਕਿ ਉਸ ਵਿਚ ਓਹਨਾਂ ਦੀ ਆਪਣੀ ਜ਼ਿੰਦਗੀ ਦਾ ਜ਼ਿਆਦਾ ਹਿੱਸਾ ਹੈ। ਇਹ ਫੁਰਨਾ ਇਸ ਲਈ ਫੁਰਿਆ ਕਿ ਇਨਸਾਨ ਸੱਖਣਾ ਜਿਹਾ ਹੋ ਕੇ, ਆਪਣੀ ਜ਼ਿੰਦਗੀ ਕਿਵੇਂ ਤੇ ਕਿਉਂ ਗੁਜ਼ਾਰਦਾ ਹੈ ?

ਅਖੀਰ ਵਿਚ ਆਪ ਦਾ ਇਹ ਵੀ ਭਾਵ ਸੀ ਕਿ ਪੜ੍ਹਿਆਂ ਫੌਜੀਆਂ ਨੇ ਹੀ, ਚਰਚਲ ਨੂੰ ਗੱਦੀਓਂ ਉਲਟਾਇਆ। ਓਹਨਾਂ ਦੀ ਸਿਆਣਪ ਕਰ ਕੇ ਹੀ ਲੇਬਰ ਸਰਕਾਰ ਆਈ, ਜਿਸ ਕਰਕੇ ਪੰਡਤ ਨਹਿਰੂ ਪਹਿਲੇ ਵਜ਼ੀਰ ਬਣੇ ਹਨ।

----

# ਸਿੱਖਾਂ ਦੀ ਮੁੱਢਲੀ ਸਿਆਸਤ

ਸਿਆਸਤ ਦੇ ਮੋਟੇ ਅਰਥ, ਰਾਜ ਸੰਭਾਲਣ ਦੇ ਹੋ ਸਕਦੇ ਹਨ। ਦੂਜਿਆਂ ਲਫ਼ਜ਼ਾਂ ਵਿਚ ਹਾਕਮ ਬਣਨਾ ਤੇ ਹਾਕਮ ਬਣਾਉਣਾ ਜਾਂ ਹਾਕਮ ਦੇ ਜ਼ੁਲਮ ਤੋਂ ਬਚਣਾ ਵੀ ਸਿਆਸਤ ਹੈ।

ਜਦੋਂ ਬਾਬਰ ਲੋਧੀਆਂ ਉੱਤੇ ਚੜ੍ਹਿਆ, ਤਦੋਂ ਪੰਜਾਬ ਤੇ ਡਾਢੀ ਭੀੜ ਬਣੀ। ਗੁਰ ਨਾਨਕ ਦੇਵ ਦਾ ਦਿਲ ਪੰਘਰਿਆ,ਆਪਨੇ ਬਾਬਰਵਾਣੀ ਵਿਰੁਧ ਆਵਾਜ਼ ਉਠਾਈ। ਆਵਾਜ਼ ਉਠਾਉਣੀ ਹੀ ਮੁੱਢਲੀ ਸਿਆਸਤ ਸੀ। ਏਸ ਤੋ ਅਗਲੀ ਸਿਆਸਤ ਜ਼ੁਲਮ ਤੋਂ ਬਚਣ ਦਾ ਉਪਾ ਹੈ। ਗੁਰੂ ਸਾਹਿਬਾਂ ਨੇ ਹਾਕਮਾਨਾ ਵਧੀਕੀਆਂ ਤੋਂ ਬਚਣ ਲਈ, ਸੁਭਾ ਦੀ ਉਸਾਰੀ ਸ਼ੁਰੂ ਕੀਤੀ। ਸਿਆਸਤ ਵਿਚ ਜਿੰਨੀਆਂ ਬਾਹਵਾਂ ਜਾਂ ਜਿੰਨੇ ਜਣੇ ਆਪਣੇ ਖਿਆਲਾਂ ਦੇ ਹੋਣ, ਓੱਨੀ ਹੀ ਸਫਲਤਾ ਓਦੀ ਹੈ। ਲੋਕਾਂ ਨੂੰ ਆਪਣਿਆਂ ਖਿਆਲਾਂ ਦੇ ਕਰਨ ਲਈ, ਓਹਨਾਂ ਨਾਲ ਪਿਆਰ ਕਰਨਾ ਜ਼ਰੂਰੀ ਹੁੰਦਾ ਹੈ। ਗੁਰਦੇਵ ਨੇ ਲੋਕਾਂ ਨਾਲ ਪੁਜ ਕੇ ਹਿਤ ਕੀਤਾ, ਜੀਊਣ ਲਈ ਉਕਸਾਇਆ ਤੇ ਉਭਾਰਿਆ। ਸਭ ਨੂੰ ਸਮਝਾਇਆ ਪਈ ਕੁਦਰਤ ਦੀ ਹਰ ਸ਼ੈ ਤੋਂ ਫਾਇਦਾ ਲੈਣਾ, ਹਰ ਬੰਦੇ ਦਾ ਹੱਕ ਹੈ। ਸਭ ਬੰਦੇ ਭਰਾ ਹਨ। ਇਕ ਸਿਰਜਣਹਾਰ ਦੇ ਪੈਦਾ ਕੀਤੇ ਜੋ ਹੋਏ। ਭਰਾ ਭਰਾ ਨੂੰ ਤੰਗ ਕਿਉਂ ਕਰੇ? ਏਸ ਕਿਉਂ ਦਾ ਜਵਾਬ ਵੀ, ਸਿਆਸਤ ਹੀ ਕਿਹਾ ਜਾ ਸਕਦਾ ਹੈ।

ਮਲਕ ਭਾਗੋ ਗਰੀਬਾਂ ਨੂੰ ਤੰਗ ਕਰਦਾ ਸੀ ਤੇ ਆਪ ਨੇ ਉਹਦੇ ਘਰ, ਖਾਣਾ ਖਾਣ ਤੋਂ ਇਨਕਾਰ ਕਰ ਦਿਤਾ। ਮਲਕ ਦੀ ਪੂਰੀ ਕਚੌਰੀ ਵਿਚ ਗਰੀਬਾਂ ਦਾ ਲਹੂ ਦੱਸਿਆ, ਨਹੱਕੀ ਕਮਾਈ ਜੋ ਕਰਦਾ ਸੀ।



Digitized by Panjab Digital Library | www.panjabdigilib.org

ਛਲ ਫਰੇਬ ਨਾਲ ਪੈਸਾ ਖਿਚਦਾ ਸੀ। ਪਹਿਲੇ ਪਾਤਸ਼ਾਹ, ਹੱਕ ਦੀ ਕਮਾਈ ਨੂੰ ਦੁੱਧ ਸਮਝਦੇ ਸਨ, ਸ੍ਰੀ ਕ੍ਰਿਸ਼ਨ ਜੀ ਨੇ ਬਿਦਰ ਦੇ ਘਰ ਅਲੂਣਾ ਸਾਗ ਖਾ ਕੇ ਭਗਤ-ਪਿਆਰ ਦਿਖਾਇਆ। ਗੁਰਦੇਵ ਨੇ ਭਾਈ ਲਾਲੋ ਦੇ ਘਰ ਕੋਧਰੇ ਦਾ ਪ੍ਰਸ਼ਾਦਾ ਛਕ ਕੇ, ਸਿਆਸਤ ਦਾ ਰੰਗ ਦੱਸਿਆ। ਏਸੇ ਸਿਆਸਤ ਨੇ ਆਮ ਖਲਕਤ ਦਾ ਝੁਕਾ ਆਪ ਵਲ ਜਲਦੀ ਕਰ ਦਿੱਤਾ। ਗ਼ਰੀਬੀ ਮਹਾਂ ਪਾਪ ਹੈ, ਗ਼ਰੀਬ ਨਾਲ ਪ੍ਰੀਤ ਕਰਨੀ, ਮਹਾਂ ਪੁਰਸ਼ ਦੇ ਹੀ ਹਿੱਸੇ ਆਉਂਦੀ ਹੈ। ਏਧਰ ਇਸ ਪ੍ਰੀਤ ਵਿਚ ਇਕ ਸਿਆਸਤ ਸੀ। ਓਹੋ ਸਿਆਸਤ ਕਾਰਲ ਮਾਰਕਸ ਨੇ ਕਈ ਸਦੀਆਂ ਪਿੱਛੋਂ ਚਲਾਈ ਜਾਂ ਇੰਜ ਕਹੋ ਪਈ ਏਸ ਸਿਆਸਤ ਦੀ ਢੁਕਵੀਂ ਟੀਕਾ ਟਿਪਣੀ ਮਾਰਕਸ ਨੇ ਬੜੇ ਧਿਆਨ ਨਾਲ ਕੀਤੀ। ਸਾਡੇ ਇਤਿਹਾਸ ਵਿਚ, ਸਤਿਗੁਰਾਂ ਦੇ ਲੰਗਰ ਲਾਉਣ ਦਾ ਬੜਾ ਜ਼ੋਰ ਹੈ। ਲੰਗਰ ਭੁੱਖ ਨੂੰ ਦੂਰ. ਕਰਨ ਦਾ ਪਹਿਲਾ ਉਪਰਾਲਾ ਸੀ। ਦੇਸ ਵਿਚੋਂ ਭੁੱਖ ਦੂਰ ਕਰਨੀ, ਸਿਆਸਤ ਹੈ। ਲੰਗਰ ਕਰ ਕੇ ਪੰਗਤਾਂ ਲਗਦੀਆਂ ਸਨ।ਪੰਗਤਾਂ ਕਰ ਕੇ ਉੱਚੇ ਨੀਵੇਂ ਦਾ ਖਿਆਲ ਜਾਂਦਾ ਰਹਿੰਦਾ ਸੀ ਤੇ ਆਪਸ ਵਿਚ ਪ੍ਰੇਮ ਪਿਆਰ ਵਧਦਾ ਸੀ, ਇਕ ਦੂਜੇ ਲਈ ਹਿਤ ਜਾਗਦਾ ਸੀ, ਇਕ ਦੂਜੇ ਦੇ ਦੁਖੜੇ ਦੂਰ ਕਰਨ ਦੀ ਚਿੱਤ ਵਿਚ ਉਮੰਗ ਹੋਂਦੀ ਸੀ। ਇਹ ਸਾਰਾ ਸਿਹਰਾ ਲੰਗਰ ਦੇ ਸਿਰ ਹੀ ਸੀ।

ਲੋਕੀ, ਹਾਕਮਾਂ ਦੀਆਂ ਵਧੀਕੀਆਂ ਤੋਂ ਜਿੱਚ ਹੋਏ ਹੋਏ ਸਨ। ਸੰਗਤਾਂ ਨੇ ਸਤਿਗੁਰਾਂ ਦਾ ਵਰਤਾਰਾ ਵੇਖਿਆ। ਉਪਦੇਸ਼ ਤੋਂ ਬਿਨਾਂ, ਨਿਜ ਦੇ ਅਮੁੱਕ-ਝਗੜੇ ਵੀ ਨਿਬੜ ਜਾਂਦੇ ਸਨ। ਸਤਿਗੁਰ, ਵੈਰ-ਵਿਰੋਧ, ਈਰਖਾ ਤੇ ਲੈਣ ਦੇਣ ਦੇ ਮੁਕੱਦਮੇ ਘੜੀਆਂ ਪਲਾਂ ਵਿਚ ਨਜਿਠ ਦੇਂਦੇ ਸਨ। ਏਸੇ ਲਈ ਸੰਗਤਾਂ ਸਤਿਗੁਰਾਂ ਨੂੰ ਸੱਚਾ ਪਾਤਸ਼ਾਹ ਕਹਿਣ ਲੱਗ ਪਈਆਂ। ਸੱਚਾ ਪਾਤਸ਼ਾਹ ਕਹਿਣ ਨਾਲ ਓਹ ਹਾਕਮ ਨਿੰਦੇ ਗਏ, ਜੋ ਤਲਵਾਰ ਦੇ ਜ਼ੋਰ ਨਾਲ ਆਪਣੇ ਫੈਸਲੇ ਮਨਵਾਉਂਦੇ ਸਨ। ਇਉਂ ਸਾਡੇ ਵਿਚ ਪੱਕੀ ਤਰ੍ਹਾਂ ਪੰਚਾਇਤੀ ਰਾਜ ਆਇਆ। ਗੁਰਦੇਵ ਪੰਚ ਹੋਂਦੇ ਸਨ। ਇਹ ਪੰਚ ਸਰਕਾਰ ਤੋਂ ਡਰਦੇ ਨਹੀਂ ਸਨ, ਨਾ ਹੀ ਵੇਲੇ ਦੇ ਬਾਦਸ਼ਾਹ ਤੋਂ ਕੋਈ ਮਾਨ ਮਰਤਬੇ ਦੀ ਚਾਹ ਰਖਦੇ ਸਨ। ਏਸੇ ਰਾਜ ਤੋਂ ਸ਼ਹਿਨਸ਼ਾਹ ਜਹਾਂਗੀਰ



Digitized by Panjab Digital Library | www.panjabdigilib.org

ਤ੍ਰਹਿਕਿਆ ਸੀ। ਓਹ ਆਪ ਸਿਆਸਤਵਾਨ ਸੀ; ਹੋਣ ਵਾਲੀ ਗੱਲ, ਪਹਿਲਾਂ ਦੇਖ ਲੈਂਦਾ ਸੀ। ਆਪਣੇ ਦਿਲ ਵਿਚ ਕੰਘੀ ਮਾਰ, ਆਪਣੇ ਰਾਜ ਦਾ ਤੇ ਗੁਰੂਆਂ ਦੇ ਫਕੀਰਾਨਾ ਰਾਜ ਦਾ ਮੁਕਾਬਲਾ ਕਰ ਚੁੱਕਾ ਸੀ। ਓਸ ਦੇਖ ਲਿਆ ਸੀ ਕਿ ਹਿੰਦੂ ਤਾਂ ਛੱਡੋ, ਮੁਸਲਮਾਨ ਵੀ ਗੁਰੂ ਅਰਜਨ ਵਲ ਝੁਕ ਰਹੇ ਹਨ। ਓਹ ਡਰ ਗਿਆ ਕਿ ਕਿਤੇ ਬਿਆਸਾ ਤੋਂ ਉੱਠੀ ਲਹਿਰ, ਦਿੱਲੀ ਆਗਰੇ ਨੂੰ ਰੋੜ੍ਹ ਨ ਦੇਵੇ। ਸ਼ਹਿਨਸ਼ਾਹ ਨੇ ਪੰਜਵੇਂ ਗੁਰਦੇਵ ਨੂੰ ਆਪਣੀ ਹੱਥੀਂ ਕਾਫ਼ਰ ਲਿਖਿਆ ਤੇ ਮਜ਼ਹਬੀ ਰੰਗ ਚਾੜ੍ਹ ਕੇ ਸ਼ਹੀਦ ਕਰਵਾਇਆ, ਤਾਂ ਜੋ ਕੋਈ ਨੇਕ ਮੁਸਲਮਾਨ, ਸ਼ਹਾਦਤ ਵਿਰੁੱਧ ਰੌਲਾ ਨ ਪਾਵੇ। ਪੀਰ ਮੀਆਂ ਮੀਰ ਦਾ ਰੋਸ ਵੀ ਕੱਖ ਨ ਕਰ ਸਕਿਆ ਤੇ ਬਾਦਸ਼ਾਹ ਏਸ ਚਾਲ ਵਿਚ ਕਾਮਯਾਬ ਰਿਹਾ।

ਜਹਾਂਗੀਰ ਨੇ 'ਤੁਜ਼ਕਿ ਜਹਾਂਗੀਰੀ' ਵਿਚ ਜੋ ਜੀ ਆਇਆ, ਲਿਖਿਆ, ਪਰ ਅਸਲ ਵਿਚ ਘਬਰਾਇਆ ਹੋਇਆ ਸੀ ਟਾਕਰੇ ਦੀ ਅਦਾਲਤ ਤੋਂ। ਜਿਸ ਨੂੰ ਅਸੀਂ ਪੈਰੇਲਲ ਗਵਰਨਮੈਂਟ (ਮੁਕਾਬਲੇ ਦੀ ਸਰਕਾਰ) ਦਾ ਮੁੱਢ ਕਹਿ ਸਕਦੇ ਹਾਂ। ਪੰਡਿਤ ਨਹਿਰੂ ਨੇ ਸੰਨ ੪੬ ਵਿਚ, ਯੂ. ਪੀ. ਦੇ ਇਕ ਗਿਰਾਂ ਵਿਚ ਤਕਰੀਰ ਕਰਦਿਆਂ ਪੈਰੇਲਲ ਗਵਰਨਮੈਂਟ ਦਾ ਖਿਆਲ ਦਿੱਤਾ ਸੀ। ਏਸ ਹਕੂਮਤ ਵਿਚ ਸਿੱਕੇ, ਨੋਟ ਵਗ਼ੈਰਾ ਚਲਾਏ ਜਾਂਦੇ ਹਨ ਤੇ ਹਰ ਇਕ ਗੱਲ ਸਰਕਾਰ ਦੇ ਮੁਕਾਬਲੇ ਦੀ ਹੋਂਦੀ ਹੈ। ਖੈਰ, ਗੁਰੂ ਅਰਜਨ ਦੇਵ ਨੇ ਸ਼ਹੀਦੀ ਵੇਲੇ, ਕਿਸੇ ਨੂੰ ਹੱਥ ਚੁੱਕਣ ਦੀ ਇਜਾਜ਼ਤ ਨ ਦਿੱਤੀ। ਸ਼ਾਂਤ-ਮਈ ਜੰਗ ਡਰੂਆਂ ਦਾ ਨਹੀਂ। ਜਦੋਂ ਚੁਪ ਚਾਪ ਬੰਦੇ ਨੂੰ ਸ਼ਹੀਦ ਹੋਂਦਾ ਤਕੀਏ ਜਾਂ ਸੁਣੀਏ, ਤਾਂ ਦਿਲ ਵਿਚ ਸ਼ਹੀਦ ਕਰਨ ਵਾਲੇ ਦੇ ਖਿਲਾਫ ਇਕ ਨਫਰਤਦਾ ਡੂੰਘਾ ਜਜ਼ਬਾ ਹੋਂਦਾ ਹੈ ਤੇ ਆਪਣੇ ਆਪ ਸ਼ਹੀਦ ਦੇ ਖਿਆਲ ਦਾ ਪਰਚਾਰ ਹੋਂਦਾ ਰਹਿੰਦਾ ਹੈ। ਏਸਲਈ ਗੁਰਦੇਵ ਨੇ ਸ਼ਾਂਤਮਈ ਜੰਗ, ਸਿੱਖ ਸਿਆਸਤ ਦਾ ਜ਼ਰੂਰੀ ਅੰਗ ਬਣਾਇਆ। ਗੁਰੂ ਹਰਿਗੋਬਿੰਦ ਜੀ ਵੇਲੇ ਸਾਡੀ-ਸਿਆਸਤ ਨੇ ਪਲਟਾ ਖਾਧਾ, ਜਿਸ ਦਾ ਏਸ ਲੇਖ ਨਾਲ ਸੰਬੰਧ ਨਹੀਂ।

----

# ਸਿੱਖ ਕਰਮ ਯੋਗੀ ਹਨ

ਕਰਮ ਯੋਗ ਕੰਮ ਕਰਨ ਦਾ ਨਾਂ ਹੈ। ਉੱਦਮ ਹਿੰਮਤ ਦਾ ਤੱਤ ਹੈ, ਜੀਵਨ ਦਾ ਆਸਰਾ ਹੈ। ਏਹਦੇ ਵਿਚ ਅਗਾਂਹ ਵਧਾਊ ਤਾਕਤ ਹੈ, ਨਵਾਂ ਰੰਗ ਅਪਣਾਉਣ ਦੀ ਸੱਤਿਆ ਹੈ। ਕਰਮ ਯੋਗ, ਰਾਜ ਨੂੰ ਉਲਟ ਪੁਲਟ ਕਰਨ ਨੂੰ ਹੀ, ਨਹੀਂ ਕਹਿੰਦੇ, ਦੂਜਿਆਂ ਲਫਜ਼ਾਂ ਵਿਚ ਕਰਮ ਯੋਗ ਹੱਥਾਂ ਪੈਰਾਂ ਨਾਲ ਹੀ ਸੰਬੰਧ ਨਹੀਂ ਰਖਦਾ, ਏਹਦਾ ਰਿਸ਼ਤਾ ਦਿਮਾਗ਼ ਨਾਲ ਵੀ ਹੈ। ਸ਼ੰਕਰਾਚਾਰੀਆ ਨੂੰ ਦਿਮਾਗ਼ੀ ਕਰਮ ਯੋਗੀ ਕਹਿ ਸਕਦੇ ਹਾਂ। ਓਹਨੇ ਦਿਮਾਗ਼ ਲੜਾਇਆ, ਲੋਕਾਂ ਨੂੰ ਆਪਣੇ ਵਲ ਖਿੱਚਿਆ ਤੇ ਬੋਧਾਂ ਨੂੰ ਉਲਟਾਇਆ। ਕਈ ਦਿਮਾਗ਼, ਤਸੱਵਰ ਵਿਚ ਰਹਿਣਾ ਚਾਹੁੰਦੇ ਹਨ, ਜਾਂ ਖ਼ਿਆਲੀ ਮਹਿਲਾਂ ਵਿਚ ਹੀ ਵਸਣਾ ਲੋੜਦੇ ਹਨ, ਦੁਨੀਆਂ ਨੂੰ ਗੁੰਝਲਾਂ ਵਿਚ ਪਾ ਦੇਂਦੇ ਹਨ। ਓਹ ਕਰਮ ਯੋਗੀ ਕੀ ਹੋਏ? ਸਾਹ ਲੈਣੀਆਂ ਲੋਥਾਂ ਸਮਝੋ।

ਸਿੱਖਾਂ ਦਾ ਫਲਸਫ਼ਾ ਹੀ ਕਰਮ ਯੋਗ ਹੈ। ਏਹ ਦਿਮਾਗ ਤੋਂ ਜ਼ਰਾ ਸੂਝ ਲੈਕੇ, ਬਸ ਓਸ ਉੱਤੇ ਤਨ, ਮਨ ਤੇ ਧਨ ਕਰਕੇ ਲਗ ਜਾਂਦੇ ਹਨ। ਏਹਨਾਂ ਦੇ ਕਰਮ ਯੋਗ ਦੇ ਦੋ ਟੀਚੇ ਹਨ। ਪਹਿਲਾਂ ਆਪਣੇ ਆਪ ਨੂੰ ਸੁਧਾਰਨਾ ਤੇ ਦੂਜਾ ਸਰਬੱਤ ਦਾ ਭਲਾ ਕਰਨਾ। ਗੁਰੂ ਸਾਹਿਬਾਨ ਵੇਲੇ ਸਿੱਖਾਂ ਦਾ ਚਾਲ ਚਲਣ ਉੱਚਾ ਹ ਚੁਕਾ ਸੀ, ਪਿੱਛੋਂ ਵੀ ਖ਼ਾਸ ਡਿੱਗਾ ਨਹੀਂ। ਅਬਦਾਲੀ ਦੇ ਨਾਲ ਓਹ ਦਾ ਇਤਿਹਾਸਕਾਰ ਕਾਜ਼ੀ ਨੂਰ ਮੁਹੰਮਦ ਵੀ ਸੀ। ਸਿੱਖਾਂ ਦਾ ਵੈਰੀ ਹੋਂਦਾ ਹੋਇਆ ਵੀ, ਏਹਨਾਂ ਦੇ ਚਾਲ ਚਲਣ ਨੂੰ ਖੁਲ੍ਹੇ ਦਿਲ ਨਾਲ ਸਲਾਹ ਗਿਆ।

ਦੂਜੀ ਗੱਲ, ਸਰਬੱਤ ਦਾ ਭਲਾ। ਪਹਿਲੀ ਪਾਤਸ਼ਾਹੀ ਨੇ ਸਮੇਂ



Digitized by Panjab Digital Library | www.panjabdigilib.org

ਅਨੁਸਾਰ ਲੋਕ ਸੇਵਾ ਦੀ ਸੋਹਣੀ ਸਨ, ਪਿਰਤ ਪਾਈ। ਲੰਗਰ ਲਾਉਦੇ, ਦੀਵਾਨ ਸਜਾਉਂਦੇ ਸਨ। ਏਹ ਸਭ ਗੱਲਾਂ, ਸਰਬੱਤ ਦੇ ਭਲੇ ਲਈ, ਹੀਲੇ ਸਨ। ਅਖੀਰ ਏਸ ਟੀਚੇ ਤੇ ਅਪੜਨ ਲਈ, ਆਪਣੀਆਂ ਜਾਨਾਂ ਵੀ ਕੁਰਬਾਨ ਕੀਤੀਆਂ। ਗੁਰੂ ਸਾਹਿਬਾਨ ਹੀ ਨਹੀਂ, ਸਗੋਂ ਸਿੱਖ ਤੇ ਮਿਸਲਾਂ ਵਾਲੇ ਬੀਰ ਵੀ ਕਮਜ਼ੋਰਾਂ ਲਈ ਲੜੇ। ਮਹਾਰਾਜਾ ਰਣਜੀਤ ਸਿੰਘ ਦਾ ਨਿਸ਼ਾਨਾ ਵੀ ਬਹੁਤ ਹੱਦ ਤਕ, ਲੋਕ ਭਲਾਈ ਜਾਂ ਸਰਬੱਤ ਦਾ ਭਲਾ ਕਰਨਾ ਹੀ ਸੀ। ਏਸ ਵੇਲੇ ਸਾਡੇ ਵਿਚ ਕੁਝ ਲੋਭ ਤੇ ਕੁਝ ਈਰਖਾ ਨੇ ਆ ਪਥਾੜਾ ਪਾਇਆ। ਮਤਲਬ ਕੀ ਕਿ ਸਾਡੇ ਸੁਭਾ ਵਿਚ ਗਿਰਾਵਟ ਆਉਣ ਲੱਗੀ,-ਜਾਂ ਇਉਂ ਸਮਝੋ ਪਈ ਅਸੀਂ ਕਰਮ ਯੋਗ ਤੋਂ ਹਟਣ ਲੱਗੇ। ਸਿੱਟਾ ਨਿਕਲਿਆ, ਰਾਜ ਦੀ ਬਰਬਾਦੀ।

ਸਾਡਾ ਕਰਮ ਯਗੀ ਇਤਿਹਾਸ, ਓਸ ਦਰਿਆ ਵਾਂਗ ਹੈ, ਜੋ ਪਹਿਲਾਂ ਕਿਰਨਾਂ ਦੇ ਨਿਘ ਨਾਲ ਵਹਿੰਦਾ। ਥੋੜ੍ਹਾ ਥੋੜ੍ਹਾ ਚਲਦਿਆਂ ਸੋਹਣਾ ਲਗਦਾ ਹੈ। ਬਹੁਤਿਆਂ ਨੂੰ ਏਹ ਨਹੀਂ ਪਤਾ ਲਗਦਾ ਪਈ ਏਹਨੇ ਵੱਡੇ ਵੀ ਹੋਣਾ ਹੈ, ਪਰ ਨਾਲਾ ਕਰਮ ਯੋਗੀ ਹੁੰਦਾ ਹੈ, ਓਹਨੇ ਟੀਚਾ ਮਿੱਥ ਲਿਆ ਹੋਂਦਾ ਹੈ। ਜਿਹੜਾ ਆਪਣੇ ਨਿਸ਼ਾਨੇ ਉੱਤੇ ਜਾਣ ਵਿਚ, ਕਾਮਯਾਬ ਹੋਈ ਜਾਵੇ, ਓਹਨੂੰ ਮਿਤ੍ਰ ਵੀ ਦੇਖ ਕੇ ਈਰਖਾ ਕਰਦੇ ਤੇ ਢੰਗ ਨਾਲ ਹਟਕਣਾ-ਹੋੜਨਾ ਚਾਹੁੰਦੇ ਹਨ। ਨਾਲਾ, ਲਕ-ਹਿਤ ਦਾ ਨਾਅਰਾ ਲਾਂਦਾ, ਪੱਥਰ ਚੀਰਦਾ ਤੇ ਸਿਲਾਂ ਪਟਕਾਂਦਾ ਹੋਇਆ, ਮੁੜ ਮੁੜਾਕੇ ਅਗਾਂਹ ਵਧਦਾ ਹੈ। ਅਖੀਰ ਦਰਿਆ ਬਣ ਕੇ, ਉਜੜੇ ਥੇਹ ਵਸਾਉਂਦਾ ਹੈ।

ਹੁਣ, ਤੁਸੀਂ ਸਾਹਿਬ ਗੁਰੂ ਨਾਨਕ ਵਲ ਧਿਆਨ ਧਰੋ। ਲੋਕ ਹਿਤ ਦੀ ਗਰਮੀ ਨਾਲ ਹਿਰਦਾ ਪੰਘਰਿਆ, ਖੁਦਾਈ-ਖਿਦਮਤ ਦੇ ਟੀਚੇ ਵਲ ਵਹਿਣ ਲੱਗੇ। ਪੰਜਾਂ ਗੁਰੂਆਂ ਤਕ, ਹਾਕਮਾਂ ਨੂੰ ਨਿੱਕਾ ਜਿਹਾ ਨਾਲਾ ਸੋਹਣਾ ਲੱਗਾ। ਹੁਣ ਇਹ ਜ਼ੋਰ ਨਾਲ ਚਲਣ ਲੱਗ ਪਿਆ। ਸਰਬੱਤ ਦਾ ਭਲਾ ਉੱਚੀ ਉੱਚੀ ਕੂਕਣ ਲੱਗ ਪਿਆ। ਰਾਹ ਵਿਚ ਅਟਕਾ ਆਏ, ਪਰ ਦੁਖ ਸਹਿ ਸਹਿ ਵਹਿੰਦਾ ਗਿਆ। ਬਿਖੜੇ ਪੈਂਡੇ ਪਹਾੜੀ ਰਾਜੇ,



Digitized by Panjab Digital Library | www.panjabdigilib.org

ਪਬਰਾਂ ਵਾਂਗ ਆਏ, ਏਹ ਚੀਰਦਾ ਅਗਾਂਹ ਵਧਿਆ। ਰਣਜੀਤ ਸਿੰਘ ਵੇਲੇ ਦਰਿਆ ਬਣ ਗਿਆ। ਸਾਡਾ ਕਰਮ ਯੋਗ ਰਣਜੀਤ ਸਿੰਘ ਤੋੜੀ ਸਾਫ਼ ਰਿਹਾ। ਪਿਛੋਂ ਸੂਬਾ ਡਿੱਗੇ, ਸਮਝੋ ਸਿਆਲੇ ਦੀ ਰੁੱਤ ਆਈ, ਏਹ ਸੁੱਕ ਗਿਆ। ਏਹ ਦੋ ਧਾਰਾਂ ਮੁੜ ਚਲੀਆਂ, ਇਕ ਤਾਂ ਸ਼ਾਮ ਸਿੰਘ ਅਟਾਰੀਏ ਦੀ ਸ਼ਹਾਦਤ ਸੀ ਤੇ ਦੂਜੀ ਚੇਲੀਆਂ ਵਾਲੇ ਦੀ ਜਿਤ। ਮਗਰੋਂ ਅਸੀਂ ਕਰਮ ਯੋਗੀ ਨ ਰਹੇ। ਆਪਣਿਆਂ ਪੈਰਾਂ ਤੋਂ ਥਿੜਕ ਚੁੱਕੇ ਸਾਂ ਤੇ ਹੁਣ ਅਸਾਂ ਸਰਬੱਤ ਦਾ ਭਲਾ ਕੀ ਕਰਨਾ ਸੀ?

ਸਵਾਮੀ ਦਇਆ ਨੰਦ ਦਾ ਜ਼ੋਰ ਹੋਇਆ। ਅਸੀਂ ਵੀ ਜਾਗੇ, ਪਰ ਆਪਣੇ ਲਈ, ਵੱਡੇ ਟੀਚਿਓਂ ਖੁੰਝ ਚੁੱਕੇ ਸਾਂ। ਅਕਾਲੀ ਲਹਿਰ ਵੇਲੇ ਸਾਡਾ ਟੀਚਾ ਕੁਝ ਖੁਲ੍ਹਾ ਹੋਇਆ; ਕਿਉਂਕਿ ਅਸੀ ਕਰਮ ਯੋਗੀ ਹਾਂ, ਸਾਡੀ ਬਿਰਤੀ ਨਵੇਂ ਖਿਆਲ ਵਲ ਝੁਕਦੀ ਗਈ। ਏਸੇ ਕਰਕੇ ਸਾਡੇ ਵਿਚ ਕਮਿਊਨਿਸਟਾਂ ਦਾ ਪਰਚਾਰ ਸਭ ਨਾਲੋਂ ਵਧੇਰੇ ਸੀ, ਪਰ ਜਿਸ ਵੇਲੇ ਉਹ ਪਿਛਾਂਹ ਖਿੱਚੂ ਧੜੇ ਨਾਲ ਮਿਲਦੇ ਤੱਕੇ, ਤਾਂ ਅਸਾਂ ਅਸੈਂਬਲੀ ਦੀ ਇਕ ਸੀਟ ਵੀ ਓਹਨਾਂ ਦੇ ਪੱਲੇ ਨ ਪਾਈ; ਭਾਵੇਂ ਹੋਰ ਸੂਬਿਆਂ ਵਿਚ, ਓਹਨਾਂ ਦਾ ਨਾਮ ਮਾਤ੍ਰ ਦਾਲ-ਦਲੀਆ ਹੋ ਹੀ ਗਿਆ।

ਕੁਝ ਸਾਲਾਂ ਤੋਂ, ਕੁਝ ਅਕਾਲੀ ਸਿੰਘ ਢਿੱਲੇ ਹੋ ਗਏ ਸਨ। ਕਰਮ ਯੋਗੀ ਸਿੱਖਾਂ, ਬਰਖਿਲਾਫ਼ ਅਵਾਜ਼ ਉਠਾਈ। ਅਖੀਰ ਸਾਰੇ ਸਿੱਖ ਕਰਮ ਯੋਗੀ ਹੀ ਹਨ। ਕਰਮ ਯੋਗੀ ਹਰ ਵਕਤ ਜ਼ੁਲਮ ਵਿਰੁਧ ਹੁੰਦਾ ਹੈ, ਜ਼ੁਲਮ ਵਿਚ ਜ਼ਾਲਮ ਦੀ ਮਨ ਮਰਜ਼ੀ ਹੋਂਦੀ ਹੈ। ਮਨ ਮਰਜ਼ੀ ਜਾਂ ਖੁਦ ਗਰਜ਼ੀ ਲੋਕ-ਭਲਾਈ ਜਾਂ ਸਰਬੱਤ ਦਾ ਭਲਾ ਨਹੀਂ ਕਰ ਸਕਦੀ। ਸਿੱਖ ਏਸੇ ਕਰ ਕੇ ਪਾਕਸਤਾਨ ਦੇ ਖਿਲਾਫ਼ ਹਨ। ਕਿਉਂਕਿ ਉਸ ਵਿਚ ਇਕ ਧੜੇ ਨੇ ਮਨ ਮਰਜ਼ੀ ਕਰਨੀ ਹੈ।

ਪਿੱਛੇ ਦੱਸਿਆ ਜਾ ਚੁਕਾ ਹੈ ਕਿ ਕਰਮ ਯੋਗ ਨਵਾਂ ਰੰਗ ਲੈਂਦਾ ਹੈ ਜਾਂ ਨਵੀਆਂ ਨਵੀਆਂ ਕਾਢਾਂ ਕੱਢਦਾ ਹੈ। ਸਿੱਖਾਂ ਨੇ ਕਿਸ ਕਿਸ ਉੱਤੇ ਨਵਾਂ ਰੰਗ ਚਾੜ੍ਹਿਆ ਹੈ, ਦੋ ਚਾਰ ਗੱਲਾਂ ਬਾਬਤ ਹੀ ਸਰਸਰੀ ਲਿਖਿਆ ਜਾਏਗਾ। ਸਿੱਖਾਂ ਸ਼ਾਂਤੀ ਅਪਣਾਈ ਤਾਂ ਹੱਦ ਦਰਜੇ ਦੀ ਦਿਖਾਈ।

ਉਬਲਦੀਆਂ ਦੇਗਾਂ ਵਿਚ ਸੀ ਨ ਕੀਤੀ, ਤੱਤੀਆਂ ਤਵੀਆਂ ਸੀਤਲ ਜਾਪੀਆਂ। ਖੱਲਾਂ ਲੁਹਾਉਣ ਵੇਲੇ ਕੁਸਕੇ ਨ, ਸਿਰੀਂ ਆਰੇ ਧਰਵਾਉਣ ਵੇਲੇ ਹਿੱਲੇ ਨ। ਹਿੰਦ ਦੇ ਇਤਿਹਾਸ ਵਿਚ, ਸ਼ਾਂਤੀ ਦੀਆਂ ਅਨਹੋਣੀਆਂ ਮਿਸਾਲਾਂ ਕਾਇਮ ਕਰ ਦਿਖਾਈਆਂ। ਜੰਗ ਜੁੱਧ ਕੀਤੇ, ਤਾਂ ਪੁਰਾਣਾ ਚਤਰੰਗਣੀ ਦਲ ਦਾ ਤ੍ਰੀਕਾ ਛੱਡ ਦਿੱਤਾ। ਕਮਾਨ ਵਾਂਗ ਫ਼ੌਜਾਂ ਖਲਿਹਾਰਨੀਆਂ ਸ਼ੁਰੂ ਕੀਤੀਆਂ। ਜਦੋਂ ਵਧਦੇ ਸਨ, ਸੱਜੇ ਖੱਬੇ ਪਾਸੇ ਅਗਾਂਹ ਹੁੰਦੇ ਜਾਂਦੇ ਸਨ, ਦੁਸ਼ਮਨ ਘੇਰੇ ਵਿਚ ਆ ਜਾਂਦਾ ਸੀ। ਇੰਜ ਪੁੱਠੀ ਕਮਾਨ ਦੀ ਸ਼ਕਲ ਹੋ ਜਾਂਦੀ ਸੀ। ਜਦੋਂ ਧਕੀਣੇ ਸ਼ੁਰੂ ਹੁੰਦੇ ਸਨ, ਤਾਂ ਵਿਚਲਾ ਹਿੱਸਾ ਅਗਾਂਹ ਲੜਦਾ ਤੇ ਸੱਜਾ ਖੱਬਾ ਪਾਸਾ ਅੰਦਰ ਸੁੰਗੜਦਾ ਆਉਂਦਾ, ਜਿਸ ਤਰ੍ਹਾਂ ਕਮਾਨ ਕੰਨਾਂ ਤਕ ਖਿੱਚ ਕੇ ਸ਼ਕਲ ਬਣਦੀ ਹੈ; ਏਸ ਤਰ੍ਹਾਂ ਹੋ ਜਾਂਦੀ ਸੀ। ਵਿਚਕਾਰੇ ਸਾਮਾਨ ਵਗੈਰਾ ਹੁੰਦਾ ਸੀ। ਸਭਰਾਵਾਂ ਵੇਲੇ ਸਿੰਘ ਈਕੁਣ ਹੀ ਪਿੱਛੇ ਹਟੇ ਸਨ। ਸਰਦਾਰ ਸ਼ਾਮ ਸਿੰਘ ਨੇ ਹੁਕਮ ਦਿੱਤਾ ਸੀ, 'ਖਾਲਸਾ ਜੀ ਕਮਾਨ ਗੋਸ਼ੇ ਹੋ ਜਾਓ।' ਸਿੱਖ ਰਾਜ ਦੇ ਪਿਆਰੇ ਕਵੀ ਸ਼ਾਹ ਮੁਹੰਮਦ ਨੇ ਵੀ ਕੰਮਾਨ ਗੋਸ਼ੇ ਦਾ ਇਸ਼ਾਰਾ ਕੀਤਾ ਹੈ। ਖੰਡਾ ਹਥਿਆਰ ਸਿੱਖਾਂ ਨੇ ਬਣਾਇਆ ਸੀ।

ਸਿੱਖਾਂ, ਮੋਹਰਾ-ਕਸ਼ੀ ਵਿਚ ਨਵੀਂ ਰੰਗਤ ਪੈਦਾ ਕੀਤੀ। ਫੁਲ ਬੂਟੇ ਮੁਸਲਿਮ ਭਾਈਆਂ ਤੋਂ ਕਾਫ਼ੀ ਮਹੀਨ ਬਣਾਏ। ਨਮੂਨੇ ਲਈ ਹਰਿ ਮੰਦਰ ਸਾਹਿਬ ਅੰਮ੍ਰਿਤਸਰ ਦੀ ਮੋਹਰਾ ਕਸ਼ੀ ਤੱਕੋ। ਫੁਲ ਬੂਟਿਆਂ ਤੋਂ ਛੁੱਟ ਮੁਸੱਵਰਾਂ ਵਿਚ, ਮੁਗਲਈ ਤੇ ਕਾਂਗੜਾ ਕਲਮ ਨਾਲੋਂ ਵਖਰੀ ਰੰਗਤ ਰੱਖੀ। ਗੁਰੂ ਗ੍ਰੰਥ ਸਾਹਿਬ ਵਿਚ ਕਈ ਸੰਗੀਤਾਂ ਨਾਲੋਂ ਰਾਗ ਜ਼ਿਆਦਾ ਹਨ। ਸਰੰਦਾ ਸਾਜ਼ ਸਿੱਖਾਂ ਨੇ ਬਣਾਇਆ। ਛੀਂਬੇ, ਨਾਈਂ ਚਮਿਆਰ ਦੀ ਕਵਿਤਾ ਨੂੰ, ਗੁਰੂ ਸਾਹਿਬਾਨ ਦੀ ਬਾਣੀ ਨਾਲ ਰਖਣਾ, ਹੱਦੋਂ ਵਧ ਅਗਾਂਹ ਵਧੂ ਬਿਰਤੀ ਦਾ ਚਮਤਕਾਰਾ ਹੈ।

ਪਹਿਲਾਂ ਦੱਸਿਆ ਗਿਆ ਹੈ ਪਈ ਇਕ ਗੱਲ ਪਹਿਲਾਂ ਸੋਚ ਕੇ, ਫੇਰ ਤੁਰ ਪੈਂਦੇ ਹਨ। ਤਸੱਵਰੀ ਜਾਲ ਵਿਚ ਨਹੀਂ ਫਸਦੇ। ਅਮਲੀ ਗੱਲ ਉੱਤੇ ਰੀਝ ਪੈਂਦੇ ਹਨ। ਏਸ ਕਰਕੇ ਏਹਨਾਂ ਦੇ ਇਤਿਹਾਸ

ਦਾ ਪੱਤਰਾ ਪੱਤਰਾ ਸ਼ਹੀਦੀਆਂ ਨਾਲ ਭਰਿਆ ਪਿਆ ਹੈ।

ਜਾਂ ਸ਼ਹੀਦੀਆਂ ਦਾ ਸਮਾਂ ਆਇਆ ਤਾਂ ਪਹਿਲਾਂ ਅਜ਼ਾਦ ਹਿੰਦ ਫੌਜ ਦਾਬਾਨੀ ਸਿੱਖ ਮੋਹਨ ਸਿੰਘ ਹੀ ਨਿੱਤਰਿਆ । ਕਰਮ ਯੋਗੀ ਜਿੰਦ ਨੂੰ ਪਿਆਰਦਾ ਨਹੀਂ, ਪਰ ਭੰਗ ਭਾੜੇ ਵੀ ਨਹੀਂ ਗਵਾਉਂਦਾ। ਸਿਖ ਵੀ ਸਮਝ ਕੇ ਜਿੰਦ ਦੇਂਦਾ ਹੈ । ਸਾਡੀਆਂ ਸ਼ਹੀਦੀਆਂ ਰੰਗ ਕਿਉਂ ਲਾ ਦੇਂਦੀਆਂ ਸਨ ? ਅਸੀਂ ਸਮਝ ਕੇ ਸ਼ਹੀਦੀ ਬਾਟੇ ਛਕਦੇ ਸਾਂ।

ਭਾਵੇਂ ਸਿੱਖਾਂ ਦੇ ਸਿਰ ਉੱਤੇ ਕਿੰਨੀਆਂ ਔਕੜਾਂ ਆਉਣ, ਜਿੰਨਾ ਚਿਰ ਇਹ ਕਰਮ ਯੋਗੀ ਰਹਿਣਗੇ, ਦਬੀਣਗੇ ਨਹੀਂ, ਸਗੋਂ ਚੜ੍ਹਦੀਆਂ ਕਲਾਂ ਵਿਚ ਜਾਣਗੇ।

----



Digitized by Panjab Digital Library | www.panjabdigilib.org

# ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਮੋਹਰਾ ਕਸ਼ੀ

ਮਹਾਰਾਜਾ ਰਣਜੀਤ ਸਿੰਘ ਨੇ ਖਿੰਡੀ ਤਾਕਤ,ਇਕ ਮੁਠ ਕਰ ਲਈ। ਲਾਹੌਰ ਵਿਚ ਜਿੱਥੇ ਅੱਸੀ ਸਾਲ ਪਹਿਲਾਂ, ਸਿੱਖਾਂ ਦੇ ਸਿਰ ਵਿਕਦੇ ਸਨ, ਓਥੇ ਸਿਖਾਂ ਵੈਰ ਭੁਲਾ ਕੇ,ਕਾਜ਼ੀ ਹਥ ਇਨਸਾਫ਼ ਦੀ ਵਾਗ ਡੋਰ ਦੇ ਦਿੱਤੀ। ਨਹੁੰਆਂ ਨਾਲੋਂ ਟੁੱਟਾ ਮਾਸ ਜੁੜਨ ਲਗਾ ਤੇ ਸਦੀਆਂ ਦੇ ਵਿਤਕਰੇ ਦੂਰ ਹੋ ਗਏ। ਹਰ ਕੰਮ ਤਰੱਕੀ ਦੇ ਸਿਖਰ ਉਤੇ ਘੰਮਾ ਘੰਮ ਜਾਣ ਲਗਾ। ਦੇਸ ਨੂੰ ਬਚਾਉਣ ਲਈ ਨਵੀਂ ਤਰ੍ਹਾਂ ਦੀਆਂ ਬੰਦੂਕਾਂ ਤੇ ਤੋਪਾਂ ਲਾਹੌਰ, ਵਟਾਲੇ ਆਦਿ ਥਾਵਾਂ ਉਤੇ ਢਲੀਣ ਲਗੀਆਂ। ਮੁਲਤਾਨ ਵਿਚ ਅਜਿਹੇ ਰੇਸ਼ਮੀ ਖੇਸ ਬਣਨੇ ਸ਼ੁਰੂ ਹੋਏ, ਜੋ ਮਧੋਲਿਆਂ ਵਟ ਨਹੀਂ ਸਨ ਖਾਂਦੇ। ਹੇਠਲੇ ਘਰਾਣੇ ਆਪਣਾ ਰਾਜ ਆਇਆ ਦੇਖ ਕੇ, ਜਾਮੀਂ ਨਾ ਮਿਉਂਦੇ, ਉਪਰਲੇ ਨਵੀਆਂ ਕਾਢਾਂ ਕਢਣ ਲਗੇ। ਪੰਜਾਬ ਵਿਚ ਪੁਸ਼ਾਕ ਦੇ, ਜਾਂਦੇ ਅਨ੍ਹੇਰੇ ਤੇ ਨਵੇਂ ਪਹਿਰਾਵੇ ਦੇ ਘੁਸਮੁਸੇ ਵਿਚੋਂ, ਪੰਜਾਬੀ ਫੈਸ਼ਨ ਦੀ ਪਹੁ ਫੁਟੀ, ਭਾਵ ਪੰਜਾਬੀਆਂ ਕੁੜਤੇ, ਰੇਬ ਪਾਜਾਮੇ, ਚੋਗੇ ਪਾਏ ਤੇ ਦੋਹਰੀਆਂ ਪੱਗਾਂ ਸਿਰ ਤੇ ਸਜਾਈਆਂ। ਹੁਣ ਭੂਰਿਆਂ ਵਾਲੇ ਰਾਜੇ ਹੋਏ। ਜੋ ਬਜ਼ੁਰਗਾਂ ਦੀਆਂ ਇਤਿਹਾਸਕ ਥਾਵਾਂ ਨੂੰ ਸੰਭਾਲਣ ਤੇ ਸਵਾਰਨ ਲਗੇ।

ਇਸ ਵੇਲੇ ਪੰਜਾਬੀ ਸ਼ੇਰ ਦੀ ਅੱਖ ਹਰਿਮੰਦਰ ਉਤੇ ਪਈ। ਭਾਈ ਸੰਤ ਸਿੰਘ ਜੀ ਗਿਆਨੀ ਨੂੰ, ਏਹ ਸੇਵਾ ਕਰਾਉਣ ਦਾ ਹੁਕਮ ਹੋਇਆ। ਗਿਆਨੀ ਜੀ ਨੇ ਆਪਣੇ ਇਲਾਕੇ ਚਨਿਓਟੋਂ ਕਾਰੀਗਰ ਸਦਵਾਏ ਤੇ ਹਰਿਮੰਦਰ ਦੀ ਵਿਚਲੀ ਛੱਤੇ ਰੋਗਨੀ ਕੰਮ ਹੋਣ ਲਗ ਪਿਆ। ਏਹ ਕਾਰੀਗਰ ਪੁਰਾਣੀ ਲਕੀਰ ਦੇ ਫਕੀਰ ਮੁਸਲਮਾਨ

ਵੀਰ ਸਨ ਜੋ ਨਵੇਂ ਰੰਗਾਂ ਵਲੋਂ ਉੱਕਾ ਹੀ ਕੋਰੇ ਸਨ। ਹੁਣ ਵਾਰੀ ਆਈ ਉਸ ਫ਼ਿਰਕੇ ਦੀ, ਜਿਸ ਨੂੰ ਗੁੜ੍ਹਤੀ ਵਿਚ ਹੀ ਕਵਿਤਾ ਤੇ ਰਾਗ (ਸ਼ਬਦ ਕੀਰਤਨ) ਦਾ ਪਿਆਰ ਮਿਲਿਆ ਸੀ। ਉਹ ਕੋਮਲ ਹੁਨਰ ਦੇ ਤੀਜੇ ਅੰਗ ਚਿਤ੍ਰਕਾਰੀ ਤੋਂ ਕੀਕੁਣ ਪ੍ਰੇਡੇ ਰਹਿੰਦੇ! ਸਿਖਾਂ ਏਸ ਮੈਦਾਨ ਵਿਚ ਵੀ ਦੂਜੇ ਭਰਾਵਾਂ ਤੋਂ ਛੋਹਲੇ ਛੋਹਲੇ ਪੈਰ ਸੁਟੇ। ਮੋਹਰਾਂ ਕਸ਼ੀ ਵਿਚ ਨਵੀਂ ਰੂਹ ਪਾਈ।

ਮੋਹਰਾ ਕਸ਼ੀ ਗਿੱਲੇ ਪਲੱਸਤਰ ਉਤੇ ਗਿੱਲੇ ਰੰਗਾ ਨੂੰ, ਇਕ ਜਾਨ ਕਰ ਦੇਣ ਦਾ ਨਾਂ ਹੈ। ਮੁਸਲਮਾਨ ਕਾਰੀਗਰ, ਚੂਨੇ ਉਤੇ ਰੰਗ ਲਾ ਕੇ, ਭਾਪ ਜਾਂ ਸੇਕ ਦੇ ਕੇ ਰੰਗ ਨੂੰ ਡਲ੍ਹਕਾਉਂਦੇ ਸਨ। ਇਹ ਰੰਗ ਚੀਨੀ ਦੇ ਭਾਂਡਿਆਂ ਵਾਕਰ ਚਮਕਦਾ ਹੈ ਤੇ ਚੀਨੀ ਦਾ ਰੰਗ ਕਹਾਉਂਦਾ ਹੈ, ਲਾਹੌਰ ਵਜ਼ੀਰ ਖ਼ਾਂ ਦੀ ਮਸੀਤ, ਸ਼ਾਹਦਰੇ ਵਿਚ ਤੇ ਹੋਰ ਕਿੰਨੀ ਥਾਈਂ ਇਹ ਕੰਮ ਹਾਲੀਂ ਵੀ ਦਿਸਦਾ ਹੈ।

ਮੁਸਲਿਮ ਮੋਹਰਾ ਕਸ਼ੀ ਵਿਚ ਈਰਾਨੀ ਢੰਗ ਦੇ ਦੋ ਚਾਰ ਤਰ੍ਹਾਂ ਦੇ ਮੋਟੇ ਮੋਟੇ ਖੁਲ੍ਹੇ-ਡੁਲ੍ਹੇ ਫੁਲ ਰਹਿ ਗਏ ਸਨ। ਗਿਰਾਹ (ਇਕ ਤਰ੍ਹਾਂ ਦੀ ਜਿਉਮੈਟਰੀ ਦੀ ਸ਼ਕਲ) ਉਤੇ ਬਹੁਤ ਜ਼ੋਰ ਹੋਂਦਾ ਸੀ। "ਸਿਖ ਦਿਮਾਗ਼ ਵਿਚ ਰਾਜਨੀਤੀ ਘਰ ਕਰ ਗਈ ਸੀ; ਜਿਸ ਦਾ ਸਦਕਾ, ਓਹਨਾਂ ਵਿਚ ਹਰ ਇਕ ਸ਼ੈ ਦੀ ਤਹਿ ਤਕ ਅਪੜਨ ਦੀ ਜਾਚ ਜਾਂ ਚੱਜ ਆ ਗਿਆ ਸੀ।" ਏਸ ਲਈ ਮੁਸਲਿਮ ਮੋਹਰਾ ਕਸ਼ੀ ਦੀ ਬਾਹਰਲੀ ਭੜਕ ਉਤੇ ਸਿੱਖ ਨ ਰੀਝੇ। ਸਿਖ ਕਾਰੀਗਰ, ਹਿੰਦੂ ਮੋਹਰਾ ਕਸ਼ੀ ਦੇ ਗਿਣਵੇਂ ਤੇ ਮੋਟੇ ਫੁਲ ਪਤਰਾਂ ਤੇ ਵੀ ਨ ਰਹੇ। ਹਿੰਦੂ ਮੋਹਰਾ ਕਸ਼ੀ ਕੁਝ ਫੁੱਲਾਂ ਤੇ ਸ੍ਰੀ ਕ੍ਰਿਸ਼ਨ ਜੀ ਦੀ ਰਾਸ ਲੀਲ੍ਹਾ ਉੱਤੇ ਹੀ ਡੁਲ੍ਹੀ ਹੋਈ ਸੀ ਤੇ ਕਲਮ ਬਿਲਕੁਲ ਮੋਟੀ ਰਹਿ ਗਈ ਸੀ, ਜਿਸ ਤੋਂ ਨਵੀਆਂ ਕਲਮਾਂ ਨੇ ਮੂੰਹ ਫੇਰ ਲਿਆ।

ਦਰਬਾਰ ਸਾਹਿਬ ਦੇ ਪਹਿਲੇ ਕਾਰੀਗਰਾਂ, ਕਈ ਭਾਂਤ ਭਾਂਤ ਦੇ ਫੁਲਾਂ ਪਤਰਾਂ ਨੂੰ ਹੀ ਅਪਣਾਇਆ ਜਾਂ ਇੰਜ ਕਹੋ ਕਿ ਕੁਦਰਤ ਵਿਚ ਵਿਸਮਾਦੀ ਰੰਗ ਦੇਖਣ ਵਾਲੇ ਗੁਰੂ ਦੇ ਸਿੱਖਾਂ ਨੇ, ਪਵਿੱਤ੍ਰ ਮੰਦਰ ਵਿਚ ਕੁਦਰਤ ਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ। ਏਹ ਕੰਮ ਮੋਟਾ ਤਾਂ ਜ਼ਰੂਰ



Digitized by Panjab Digital Library | www.panjabdigilib.org

ਹੈ, ਪਰ ਫੁੱਲਾਂ ਪੱਤਰਾਂ ਦੀ ਤਰਜ਼; ਹਿੰਦੂ ਤਰਜ਼ ਨਾਲੋਂ ਚੰਗੀ ਹੈ। ਮਿਸਾਲ ਲਈ, ਅੰਮ੍ਰਿਤਸਰ ਦੇ ਪੁਰਾਣੇ ਹਿੰਦੂ ਮੰਦਰਾਂ ਦੇ ਨਾਂ ਲੀਤੇ ਜਾ ਸਕਦੇ ਹਨ। ਨਵੀਨ ਸਿਖ ਤਰਜ਼ ਵੀ ਅਸਲੀਅਤ ਕੋਲੋਂ ਦੂਰ ਹੋ ਗਈ। ਕਾਰੀਗਰਾਂ ਆਪਣੇ ਹੀ ਫੁਲ ਪੱਤਰ ਬਣਾਏ, ਆਪਣੀ ਦੁਨੀਆਂ ਵਸਾਈ, ਜਿਸ ਵਿਚ ਅਵਤਾਰਾਂ ਨੂੰ ਨ ਆਉਣ ਦਿਤਾ ਗਿਆ। ਏਸ ਤਰੀਕੇ ਵਿਚ ਵੀ, ਪੁਰਾਣੀ ਹਿੰਦੀ ਕਮਜ਼ੋਰੀ ਆ ਗਈ ਸੀ। ਦਰਬਾਰ ਸਾਹਿਬ ਦੀਆਂ ਵੱਡੀਆਂ ਪੌੜੀਆਂ ਚੜ੍ਹਦਿਆਂ, ਹਲਕੀਆਂ ਟਹਿਣੀਆਂ ਉਤੇ, ਭਾਰੀਆਂ ਚਿੜੀਆਂ ਜਿਉਂ ਦੀਆਂ ਤਿਉਂ ਬੈਠੀਆਂ ਹੋਈਆਂ ਦਿਸਦੀਆਂ ਹਨ। ਏਹ ਕੰਮ ਸ਼ਾਇਦ ਬਾਬਾ ਕੇਹਰ ਸਿੰਘ ਤੇ ਓਹਨਾਂ ਦੇ ਸ਼ਾਗਿਰਦਾਂ ਦਾ ਹੈ। ਬਾਬਾ ਜੀ ਵੱਡੇ ਉਸਤਾਦ ਸਨ, ਏਹਨਾਂ ਦਾ ਕੰਮ ਲਾਹੌਰ ਦੇ ਕਿਲੇ ਵਿਚ ਤੇ ਅਕਾਲ ਤਖਤ ਤੇ ਵੀ ਹੈ। ਕੇਹਰ ਸਿੰਘ ਸਕੂਲ ਦੇ ਨਾਲ ਹੀ ਮਹੰਤ ਈਸ਼ਰ ਸਿੰਘ ਹੋਏ। ਏਹਨਾਂ ਦਾ ਕੰਮ ਦਰਸ਼ਨੀ ਡਿਓਢੀ ਵੜਦਿਆਂ ਹੀ ਸੀ। ਵੇਖਣ ਵਾਲਿਆਂ ਦੀ ਗਵਾਹੀ ਹੈ ਕਿ ਬਹੁਤ ਵਧੀਆ ਸੀ। ਜ਼ਿਆਦਾ ਕੇਹਰ ਸਿੰਘ ਜੀ ਦਾ ਰੰਗ ਸੀ, ਜੋ ਦਰਬਾਰ ਸਾਹਿਬ ਦੇ ਅੰਦਰੋਂ ਵੀ ਤੇ ਡਿਓਢੀ ਵਿਚੋਂ ਵੀ, ਸੰਗ ਮਰਮਰ ਨੇ ਦਬ ਦਿਤਾ ਹੈ।

ਹੁਣ ਮੋਹਰਾ ਕਸ਼ੀ ਦੇ ਅਕਾਸ਼ ਉੱਤੇ ਸੋਹਣਾ ਤਾਰਾ ਚਮਕਿਆ। ਇਹ ਸੀ ਭਾਈ ਬਿਸ਼ਨ ਸਿੰਘ। ਭਾਈ ਸਾਹਿਬ ਨੇ ਵਿਚਲੀ ਛੱਤੇ, ਅੰਦਰਲਿਆਂ ਦਰਿਆਂ ਦੇ ਅੰਦਰ ਬਾਹਰ ਕੰਮ ਕੀਤਾ। ਆਪ ਨੇ ਮੋਹਰਾ ਕਸ਼ੀ ਨੂੰ ਬਾਰੀਕੀ ਦਾ ਦਾਨ ਦਿੱਤਾ। ਹਰ ਸ਼ੈ ਮਹੀਨ ਤੋਂ ਮਹੀਨ ਬਣਾਈ। ਰੋਗਨੀ ਕੰਮ ਬਾਰੀਕ ਹੋ ਸਕਦਾ ਹੈ, ਪਰ ਭਾਈ ਸਾਹਿਬ ਨੇ ਰੋਗਨੋਂ ਵੀ ਮਹੀਨ ਕੰਮ ਕੀਤਾ। ਇਹ ਦੋਵੇਂ ਕੰਮ ਨਾਲੋ ਨਾਲ ਦੇਖੇ ਜਾ ਸਕਦੇ ਹਨ। ਭਾਈ ਸਾਹਿਬ ਨੇ ਹਰ ਚੀਜ਼ ਦੇ ਖੋਲ੍ਹ ਉੱਤੇ ਬੜਾ ਜ਼ੋਰ ਦਿਖਾਇਆ। ਸਾਇਆ ( Shade ) ਵੀ ਦਿੱਤਾ, ਪਰ ਖ਼ਿਆਲੀ ਦੁਨੀਆਂ ਦਾ। ਰੰਗ ਲਾਉਣ ਦੀ ਐਡੀ ਕਾਰੀਗਰੀ ਸੀ ਕਿ ਅਢੁਕਵੀਆਂ ਤੇ ਨਵੀਆਂ ਨਵੀਆਂ ਚੀਜ਼ਾਂ ਨੂੰ ਵੀ ਢੁਕਵਾਂ ਬਣਾ ਦੇਂਦੇ ਸਨ। ਜੇ ਇਕ ਫੁਲ ਦੇ ਸੱਜੇ ਪਾਸੇ ਸਾਇਆ ਦਿੱਤਾ, ਤਾਂ ਨਾਲ ਦੇ ਪੱਤੇ ਉਤੇ ਸੱਜੀ ਤਰਫ ਚਾਨਣੀ ਭਾਅ

ਮਾਰਦਾ ਹੈ, ਖੂਬੀ ਏਹ ਹੈ ਕਿ ਚਿਤ ਖਾਮੀ ਨਹੀਂ ਕਢਦਾ, ਅਖਾਂ ਏਸੇ ਜੋਤੀਆਂ ਹੋ ਜਾਂਦੀਆਂ ਹਨ। ਭਾਈ ਬਿਸ਼ਨ ਸਿੰਘ ਨੇ ਲਹਿੰਦੇ ਵਾਲੀ ਵਿਚਲੀ ਬਾਰੀ ਉਤੇ ਪਤੀਆਂ ਬਣਾਈਆਂ ਹਨ। ਸਪ, ਹਾਥੀ, ਪਰੀਆਂ ਤੇ ਪਰੇ ਇਕ ਦੂਜੇ ਨੂੰ ਫੜਦੇ,ਸੰਗਲ ਵਾਂਗ ਬਣਾਏ ਹਨ। ਪਰੀਆਂ ਦੇ ਸਿਰਾਂ ਉਤੇ ਈਰਾਨੀ ਟੋਪੀਆਂ ਹਨ। ਹੂਰਾਂ ਦੇ ਚਿਹਰਿਆਂ ਉਤੇ ਪੰਜਾਬੀ ਜੋਬਨ ਹੈ। ਏਸ ਤਰ੍ਹਾਂ ਹੁਨਰ ਰਾਹੀਂ ਪੰਜਾਬੀ ਤੇ ਈਰਾਨੀ ਮੇਲ ਤੋਂ, ਹੁਨਰ-ਬੁਤ ਉਪਜਾਇਆ ਹੈ। ਭਾਈ ਬਿਸ਼ਨ ਸਿੰਘ ਨੇ ਚੜ੍ਹਦੇ ਬੰਨੇ ਦੀ ਵਿਚਲੀ ਬਾਰੀ ਵਿਚ ਨਾਂ ਵੀ ਲਿਖਿਆ ਤੇ ਸੰਮਤ ੧੯੪੧ ਦਿੱਤਾ ਹੈ। ਮਾਲੂਮ ਹੋਂਦਾ ਹੈ ਏਹ ਆਪਦਾ ਅਖੀਰੀ ਕੰਮ ਸੀ।

ਭਾਈ ਬਿਸ਼ਨ ਸਿੰਘ ਦੇ ਦੋ ਲਾਲ; ਨਿਹਾਲ ਸਿੰਘ ਤੇ ਜਵਾਹਰ ਸਿੰਘ ਹੋਏ। ਇਹ ਦੋਵੇਂ ਟੁਕੜੀ ਤੇ ਗਚ ਦੇ ਉਸਤਾਦ ਸਨ। ਮੋਹਰਾ ਕਸ਼ੀ ਵਿਚ, ਬਿਸ਼ਨ ਸਿੰਘ ਸਕੂਲ ਦੇ ਪੱਕੇ ਵਿਦਿਆਰਥੀ ਸਨ, ਏਹਨਾਂ ਪਰੇ, ਪਰੀਆਂ ਜਾਂ ਸਾਧੂ ਨਹੀਂ ਬਣਾਏ, ਪਿਤਾ ਨਾਲੋਂ ਏਨਾ ਫਰਕ ਪਾਇਆ ਹੈ। ਦੋਹਾਂ ਦੀ ਕਾਰਗਰੀ ਦੀ ਗਵਾਹੀ ਉਪਰਲੀ ਛੱਤ ਦਾ ਹਾਲ ਦੇਂਦਾ ਹੈ। ਭਾਈ ਨਿਹਾਲ ਸਿੰਘ ਦੇ ਸ਼ਾਗਿਰਦ, ਭਾਈ ਗਿਆਨ ਸਿੰਘ ਜੀ ਹਨ। ਆਪ ਜੀ ਦੀ ਸੰਗਤ ਸਦਕਾ, ਮੈਨੂੰ ਹੁਨਰ ਤਕਣ ਦਾ ਸ਼ੌਕ ਹੋਇਆ। ਏਹਨਾਂ ਨੇ ਲਗ ਪਗ ਬੱਤੀ ਵਰ੍ਹੇ ਕੰਮ ਕੀਤਾ ਹੈ। ਆਪ ਨੇ ਟੁਕੜੀ ਤੇ ਗੱਚ ਦੀ ਬੜੀ ਕਾਰੀਗਰੀ ਦਿਖਾਈ ਹੈ। ਮੋਹਰਾ ਕਸ਼ੀ ਗੁੰਬਦ ਦੇ ਅੰਦਰ ਬਾਹਰ ਖ਼ੂਬ ਕੀਤੀ ਹੈ। ਏਹਨਾਂ ਫੁਲ ਪਤਰ ਓਹੋ ਰੱਖੇ। ਹਾਂ, ਗਮਲਿਆਂ ਦੇ ਹੇਠ ਨਿਕੇ ਨਿਕੇ ਜਨੌਰ ਵਾਹੁਣ ਛਡ ਦਿੱਤੇ। ਆਪ ਨੇ ਕਈ ਥਾਈਂ ਡਰਾਇੰਗ ਦਾ ਖਿਆਲ ਰਖਿਆ ਹੈ। ਭਾਈ ਗਿਆਨ ਸਿੰਘ ਨੇ ਪਗੜਾਂ ਵਿਚ ਅਣਹੋਣਾਪਨ ਨਹੀਂ ਆਉਣ ਦਿਤਾ, ਜਿਸ ਤਰ੍ਹਾਂ ਅਸਰਾਲਾਂ ਸ਼ੇਰਾਂ ਦੇ ਭੇੜ। ਅਸਰਾਲਾਂ ਨੇ ਲਾਲ ਡਰਾਉਣੀਆਂ ਅਖਾਂ ਅਡ ਕੇ ਸ਼ੇਰਾਂ ਨੂੰ ਪਲੇਚੇ ਪਾ ਕੇ ਨਪੀੜ ਘਤਿਆ ਹੈ ਤੇ ਸ਼ੇਰਾਂ ਦੀਆਂ ਚਾਂਗਰਾਂ ਸੁਣਾਈ ਦੇਂਦੀਆਂ ਹਨ। ਆਪਣੇ ਸੂਬੇ ਦੀ ਕਲਮ (ਕਾਂਗੜਾ ਕਲਮ) ਦੀ ਸ਼ਾਨ ਨੂੰ ਮੁੜ ਜਿਵਾਇਆ ਹੈ। ਭਾਵ ਪ੍ਰਧਾਨ ਮੁਸੱਵਰੀ ਨੂੰ ਵਾਹਵਾ ਟੁੱਬ

ਉਠਾਇਆ ਹੈ । ਅਕਾਲੀ ਲਹਿਰ ਦੇ ਅਸਰ ਥੱਲੇ, ਏਹਨਾਂ ਨਿਸ਼ਾਨ ਸਾਹਿਬਾਂ ਦੇ ਪੁਰਾਣੇ ਨਿਸ਼ਾਨ (ਖੰਡਾ ਕ੍ਰਿਪਾਨ ਕਟਾਰ) ਛਡ ਕੇ ਖੰਡਾ ਕ੍ਰਿਪਾਨ ਤੇ ਚੱਕਰ ਨੂੰ ਦਿਖਾਇਆ ਹੈ। ਅੱਜ ਕੱਲ ਦੇ ਕਾਰੀਗਰਾਂ ਵਾਂਗ ਕਾਲਾ ਸ਼ਾਹ ਰੰਗ ਨਹੀ ਦਿਤਾ, ਸਗੋਂ ਢੁਕਵਾਂ ਸੁਰਮਈ ਰੰਗ ਦੇ ਕੇ, ਅਸਲ ਦਾ ਮੁਕਾਬਲਾ ਕੀਤਾ ਹੈ। ਭਾਈ ਸਾਹਿਬ ਅਸਲੀਅਤ ਕੋਲ ਰਹਿਣਾ ਚਾਹੁੰਦੇ ਹਨ, ਪਰ ਉਸਤਾਦਾਂ ਦੀ ਸਜਾਵਟ ਵੀ ਨਹੀਂ ਛੱਡੀ।

ਅਜ ਕੱਲ ਭਾਈ ਹਰਨਾਮ ਸਿੰਘ ਜੀ ਸੇਵਾ ਕਰਦੇ ਹਨ। ਗੁਰਦੁਵਾਰਾ ਕਮੇਟੀ ਅਰਦਾਸਿਆਂ ਤੋਂ ਕੰਮ ਕਰਾਉਂਦੀ ਹੈ, ਜਿਥੋਂ ਸਵਾ ਸੌ ਸਾਲ ਪਹਿਲਾਂ ਮੋਹਰਾ ਕਸ਼ੀ ਉਪਜੀ ਸੀ, ਓਥੇ ਹੀ ਓਹ ਕੁਝ ਵਰ੍ਹਿਆਂ ਵਿਚ ਸਮਾਉਣ ਵਾਲੀ ਹੈ।

ਦਰਬਾਰ ਸਾਹਿਬ ਦੀ ਮੋਹਰਾ ਕਸ਼ੀ ਦੀ ਬਹੁਤੀ ਧੁੰਮ ਨਹੀਂ ਪਈ; ਕਿਉਂਕਿ ਇਸ ਉਤੇ ਕਿਸੇ ਪ੍ਰਦੇਸੀ ਨੇ ਕਲਮ ਨਹੀਂ ਚੁਕੀ।

---



Digitized by Panjab Digital Library | www.panjabdigilib.org

# ਦਰਬਾਰ ਸਾਹਿਬ ਦੇ ਹੁਨਰਾਂ ਬਾਰੇ

ਉਂਜ ਤਾਂ ਮੁਸੱਵਰੀ ਔਰੰਗਜ਼ੇਬ ਵੇਲੇ ਹੀ ਰਹਿ ਗਈ ਸੀ, ਪਰ ਉਨ੍ਹੀਵੀਂ ਸਦੀ ਦੇ ਸ਼ੁਰੂ ਵਿਚ ਤਾਂ ਮੁਗ਼ਲ, ਕਾਂਗੜਾ ਤੇ ਰਾਜਪੂਤਾਨਾ ਸਕੂਲ, ਉੱਕਾ ਹੀ ਬੰਦ ਹੋ ਗਏ। ਹਾਂ, ਸਿੱਖ ਸਕੂਲ ਖੁਲ੍ਹ ਗਿਆ। ਹਰਿਮੰਦਰ ਦੀ ਛਤਰ ਛਾਇਆ ਹੇਠ ਹੁਨਰ ਖੇਡਣ ਮਲਣ ਲਗਾ। ਇਸ ਮੰਦਰ ਵਿਚ ਹਿੰਦੂ, ਬੁਧ ਤੇ ਜੈਨ ਧਰਮ ਵਾਂਗ, ਹੁਨਰ ਨੇ ਧਾਰਮਿਕ ਕਥਾਂ ਨ ਸੁਣੀਆਂ। ਇਸੇ ਕਰਕੇ ਏਥੇ ਹੁਨਰ ਨੇ ਕੁਝ ਵਰ੍ਹਿਆਂ ਵਿਚ ਹੀ ਅਮਿੱਟਵਾਂ ਰੰਗ ਛਡਿਆ।

ਅਸ਼ਕੇ ਪੰਜਾਬ ਤੇ ਸਿੱਖਾਂ ਦੇ, ਜਿਨ੍ਹਾਂ ਨੇ ਦਰਬਾਰ ਸਾਹਿਬ ਦੇ ਕੋਮਲ ਹੁਨਰਾਂ ਦੀ ਸੁਰਤ ਹੀ ਨਹੀਂ ਲਈ। ਪੁਰਾਣੇ ਹੁਨਰਾਂ ਤੋਂ, ਨਵੀਂ ਪ੍ਰੇਰਨਾ ਲੈਣ ਦਾ ਉਪਰਾਲਾ ਹੀ ਨਹੀਂ ਕੀਤਾ। ਸਾਡਿਆਂ ਗਾਈਡਾਂ ਨੂੰ ਸੁਰ ਪਤਾ ਹੀ ਨਹੀਂ ਕਿ ਕਿਸ ਤਰ੍ਹਾਂ ਕੰਮ ਬਣਿਆ ਹੋਇਆ ਹੈ ਤੇ ਕਿਸ ਤਰ੍ਹਾਂ ਯਾਤਰੂ ਨੂੰ ਦਿਖਾ ਕੇ, ਇਸ ਦੀ ਦੌਣੀ ਸ਼ਾਨ ਚਮਕਾਉਣੀ ਹੈ। ਸਾਡਿਆਂ ਕਾਰੀਗਰਾਂ ਨੂੰ ਰੰਗ ਬਣਾਉਣ ਦੇ ਤਰੀਕੇ ਭੁੱਲ ਰਹੇ ਹਨ। ਮੁਰੰਮਤ ਲਈ ਹਰ ਪਾਸਿਓਂ ਅਨਰਾਹਿਲੀ ਵਰਤੀਣ ਲੱਗ ਪਈ ਹੈ। ਸਾਨੂੰ ਇਹ ਚੱਜ ਹੀ ਨਹੀਂ ਰਿਹਾ ਪਈ ਕਿਸ ਤਰ੍ਹਾਂ ਦੀ ਮੁਰੰਮਤ, ਪਹਿਲੀ ਕਾਰੀਗਰੀ ਜਿਹੀ ਤੇ ਸਸਤੀ ਰਹਿ ਸਕਦੀ ਹੈ। ਅਸਾਡਾ ਹਾਲ ਤਾਂ 'ਤਾਲੋਂ ਘੁੱਥੀ ਡੂਮਣੀ ਗਾਵੇ ਆਲ ਪਤਾਲ' ਵਾਲਾ ਹੈ। ਇਧਰ ਕਿਸੇ ਨੇ ਕਲਮ ਨਹੀਂ ਚਲਾਈ। ਜੀਅ ਵਿਚ ਆਈ, ਮੇਰੇ ਘਰਾਣੇ ਨੂੰ ਹੀ ਸੇਵਾ ਕਰਾਉਣ ਦਾ ਹੁਕਮ ਹੋਇਆ ਸੀ ਤੇ ਮੈਂ ਕਾਰੀਗਰਾਂ ਨਾਲ ਬਹਿ ਉਠ ਕੇ, ਕੁਝ ਸੁਣਿਆ ਲਿਖਿਆ ਹੋਇਆ ਹੈ, ਚਾਰ ਅਖਰ ਲਿਖ ਕੇ, ਇਕ ਨਵਾਂ ਪੰਧ



Digitized by Panjab Digital Library | www.panjabdigilib.org

ਦਿਖਾ ਦਿਆਂ। ਆਪਣੇ ਹੁਨਰ ਦੀ ਪੱਕੀ ਨੀਂਹ ਵਲ ਕੌਮ ਦਾ ਧਿਆਨ ਦਿਵਾਵਾਂ। ਭਾਵੇਂ ਏਹ ਕੁੰਭ ਕਰਨ ਨੂੰ ਚੁਟਕੀ ਨਾਲ ਜਗਾਉਣ ਵਾਲਾ ਹੀ ਯਤਨ ਹੈ, ਪਰ ਜਿੰਨਾ ਉਂਗਲੀਆਂ ਵਿਚ ਵਿਤ ਹੈ, ਓਨਾ ਹੀਲਾ ਕਿਉਂ ਨਾ ਕਰਾਂ?

## ਗੁੰਬਦ

ਹਰਿਮੰਦਰ ਦੇ ਦਰਸ਼ਨ ਕਰਦਿਆਂ, ਪਹਿਲਾਂ ਨਜ਼ਰ ਗੁੰਬਦ ਉੱਤੇ ਠਹਿਰਦੀ ਹੈ। ਗੁੰਬਦ ਆਮ ਕਰਕੇ ਤਿੰਨ ਤਰ੍ਹਾਂ ਦੇ ਹੋਂਦੇ ਹਨ, ਪਹਿਲਾ ਗਾਜਰ ਗੁੰਬਦ (ਉਪਰੋਂ ਗਾਜਰ ਵਾਂਗ ਤਿੱਖਾ, ਥੱਲਿਓਂ. ਓਹਦੇ ਵਾਂਗ ਚੌੜਾ)। ਦੂਜਾ ਤੇਜ ਗੁੰਬਦ, ਏਹ ਇਮਾਰਤ ਦੇ ਉਤੇ ਸੂਰ ਬੀਰਾਂ ਵਾਂਗ ਧੌਣ ਅਕੜਾ ਕੇ ਖਲੋਤਾ ਜਾਪਦਾ ਹੈ, ਜਿਸ ਤਰ੍ਹਾਂ ਸ੍ਰੀ ਅਕਾਲ ਤਖਤ ਸਾਹਿਬ ਦਾ। ਤੀਸਰਾ ਨਾਂ ਹੈ ਫੱਸਾ ਜਾਂ ਬੈਠਵਾਂ, ਜਿਸ ਦੀ ਵਧੀਆ ਮਿਸਾਲ ਹਰਿਮੰਦਰ ਸਾਹਿਬ ਦਾ ਗੁੰਬਦ ਹੈ। ਏਹ ਗੁੰਬਦ ਵੇਖਣ ਵਿਚ ਘੱਟ ਆਉਂਦੇ ਹਨ। ਦਰਬਾਰ ਸਾਹਿਬ ਦਾ ਗੁੰਬਦ ਤੇਜ਼ ਨਹੀਂ, ਪਰ ਮਸਜਿਦੀ ਢੰਗ ਦੇ ਤੇਜ਼ ਗੁੰਬਦ ਦਾ ਝਾਉਲਾ ਜਿਹਾ ਜ਼ਰੂਰ ਪੈਂਦਾ ਹੈ। ਹਿੰਦੂ ਮੁਸਲਿਮ ਇਕ ਜਾਣਨ ਵਾਲਿਆਂ ਨੇ, ਮੁਸਲਮਾਨੀ ਰੰਗਤ ਦੇ ਕੇ ਤੇ ਧੁਰ ਉਪਰ ਕੌਲ ਫੁੱਲ ਮੂਧਾ ਮਾਰ, ਹਿੰਦਵਾਨੀ ਤਰਜ਼ ਲੈ ਕੇ ਦੋ ਹੁਨਰਾਂ ਦਾ ਸੰਗਮ ਬਣਾਇਆ ਹੈ। ਕੰਵਲ ਫੁੱਲ ਵਿਚ ਹਿੰਦੂ *ਮਿਥੌਲੋਜੀ ਨੇ ਲਛਮੀ ਦੀ ਉਤਪਤੀ ਮੰਨੀ ਹੈ। ਮੰਦਰਾਂ ਵਿਚ ਮਾਇਆ ਆਉਣੀ ਹੋਈ। ਜਾਪਦਾ ਹੈ ਕੰਵਲ ਮੂਧਾ ਏਸੇ ਕਰਕੇ ਦਿਖਾਇਆ ਜਾਂਦਾ ਸੀ। ਆਮ ਗੁੰਬਦ ਤਾਂ ਚੂਨੇ ਗੱਚ ਹੀ ਦਿਸਦੇ ਹਨ, ਪਰ ਏਸ ਉਤੇ ਤਾਂਬੇ ਦੇ ਚਿਤਰੇ ਹੋਏ ਪਤਰੇ ਹਨ, ਪਰ ਓਹਨਾਂ ਉਤੇ ਸੋਨੇ ਦੇ ਵਰਕ ਚੜ੍ਹਾਏ ਹੋਏ ਹਨ। ਗੁੰਬਦ ਦੀਆਂ ਫਾੜੀਆਂ ਜਾਂ ਮੋਗਰਾਂ ਤੇ ਹੇਠਾਂ ਪੱਤਰ ਜਿਹੇ

---

*ਸੁਣਿਆ ਜਾਂਦਾ ਹੈ, ਇਕ ਕਿਸਮ ਦੇ ਲਾਲ ਕੰਵਲ ਦੀਆਂ ਪੱਤੀਆਂ ਤੋਂ ਸੋਨਾ ਬਣਦਾ ਸੀ। ਏਸ ਕਰਕੇ ਕੰਵਲ ਵਿਚ ਲਛਮੀ (ਦੌਲਤ) ਦਾ ਵਾਸਾ ਦਿਖਾਉਂਦੇ ਸਨ।



Digitized by Panjab Digital Library | www.panjabdigilib.org

(ਜਿਨ੍ਹਾਂ ਨੂੰ ਗਲਤਾਂ ਕਹੀਦਾ ਹੈ) ਐਨ ਜਚੀਆਂ ਹੋਈਆਂ ਹਨ, ਬੇਮੇਲ ਨਹੀਂ ਜਾਪਦੀਆਂ।

## ਗੱਚ ਦਾ ਹੁਨਰ

ਗੱਚ ਇੱਕ ਕਿਸਮ ਦਾ ਪੱਥਰ ਹੋਂਦਾ ਹੈ। ਇਹਨੂੰ ਮੁਨਾਸਬ ਅੱਗ ਵਿਚ ਭੁੰਨਦੇ, ਪੀਂਹਦੇ ਤੇ ਕੱਪੜ ਛਾਣ ਕਰਦੇ ਸਨ। ਓਨਾ ਹੀ ਪਾਣੀ ਪਾ ਪਾ ਘੋਲਦੇ, ਜਿੰਨਾ ਕਾਰੀਗਰ ਲਾ ਸਕਦਾ। ਮਿੰਟ ਦੋ ਮਿੰਟ ਮਗਰੋ ਪੱਥਰ ਹੋ ਜਾਂਦਾ ਸੀ। ਥੋੜ੍ਹਾ ਵਰਤਣਾ ਹੋਂਦਾ ਤਾਂ ਕਾਰੀਗਰ ਤਲੀਆਂ ਉਤੇ ਘੋਲ ਘੋਲ ਲਾਈ ਜਾਂਦੇ ਸਨ। ਗੱਚ ਨੂੰ ਪਹਿਲਾਂ ਚੂਨੇ ਵਾਂਗ ਲਾ, ਫੇਰ ਲੋਹੇ ਦੀ ਕਲਮ ਨਾਲ ਛਿੱਲ ਕੇ, ਫੁਲ ਪਤੀਆਂ ਬਣਾਈ ਜਾਂਦੇ ਸਨ। ਫੇਰ ਪੀਲਾ ਰੋਗਨ ਕਰਕੇ ਸੋਨੇ ਦੇ ਵਰਕ ਲਾ ਦੇਂਦੇ ਸਨ। ਇਹ ਹੁਨਰ ਗੁੰਬਦ ਦੇ ਅੰਦਰ ਜ਼ਿਆਦਾ ਹੈ। ਪਹਿਲੇ ਕਾਰੀਗਰ ਗੱਚ ਜਾਂ ਚੂਨੇ ਉਤੇ ਪੱਧਰੇ ਅੱਖਰ ਲਿਖਦੇ ਸਨ, ਪਰ ਭਾਈ ਗਿਆਨ ਸਿੰਘ ਨਕਾਸ਼ ਨੇ ਹਰਿਕੀ ਪੌੜੀ ਦੇ ਉਪਰਲਿਆਂ ਦਰਿਆਂ ਉਤੇ ਜਪੁਜੀ ਲਿਖੀ, ਜੋ ਉਭਰਵੇਂ ਅੱਖਰਾਂ ਵਿਚ ਹੈ। ਹਿੰਦੂ ਤਾਂ ਵੇਦ ਮੰਤਰ ਤੇ ਗੀਤਾ ਭੁਲਾ ਚੁਕੇ ਸਨ, ਪਰ ਮੁਸਲਿਮ ਕਾਰੀਗਰ ਮਸੀਤਾਂ, ਮਕਬਰਿਆਂ ਵਿਚ ਕੁਰਾਨ ਪਾਕ ਦੀਆਂ ਆਇਤਾਂ ਲਿਖਦੇ ਸਨ। ਸਿਖਾਂ ਨੂੰ ਵੀ ਗੁਰਬਾਣੀ ਨਾਲ ਪਿਆਰ ਸੀ, ਏਹਨਾਂ ਅਖਰੀ ਹੁਨਰ ਵਰਤਿਆ। ਗੁਰਬਾਣੀ ਦਾ ਹੁਨਰ ਉਤੇ ਭਾਰ ਨਾ ਪਾਇਆ। ਫ਼ਜ਼ਲ ਸ਼ਾਹ ਨੇ ਤਾਂ ਅਨੁਪ੍ਰਾਸ ਦਿਖਾਉਂਦਿਆਂ ਕਵਿਤਾ ਮਾਰ ਘੱਤੀ ਸੀ, ਪਰ ਇਥੇ ਕਾਰੀਗਰਾਂ ਨੇ ਗੱਚ ਦਾ ਹੁਨਰ ਨਹੀਂ ਮਾਰਿਆ।

## ਟੁਕੜੀ

ਗੱਚ ਦੇ ਵਿਚ ਵਿਓਂਤ ਨਾਲ ਸ਼ੀਸ਼ਿਆਂ ਦੀਆਂ ਟੁਕੜੀਆਂ ਜੜਨ ਨੂੰ ਟੁਕੜੀ ਕਹੀਦਾ ਹੈ। ਏਹਦਾ ਮੁਗਲਾਂ ਵੇਲੇ ਬੜਾ ਜ਼ੋਰ ਸੀ। ਸਿਖ ਸਰਦਾਰਾਂ ਵੀ ਏਹਨੂੰ ਕਾਫ਼ੀ ਸਹਾਰਾ ਦਿਤਾ। ਏਹ ਹੁਨਰ ਹਰਿਕੀ ਪੌੜੀ ਦੀ ਉਪਰਲੀ ਛੱਤ ਤੇ ਮੋਹਰਲੇ ਦਾਲਾਨ ਵਿਚ ਬਹੁਤ ਵਧੀਆ ਹੈ।



Digitized by Panjab Digital Library | www.panjabdigilib.org

## ਹੀਰਾ ਨੁਮਾ

ਏਹ ਹੁਨਰ ਟੁਕੜੀ ਦਾ ਭਰਾ ਕਿਹਾ ਜਾ ਸਕਦਾ ਹੈ। ਸਾਫ਼ ਸ਼ੀਸ਼ੇ ਉਤੇ ਫੁਲ ਪੱਤਰ ਖਿੱਚ ਕੇ ਉਪਰ ਹੀ ਕਲੀ ਕਰਾਈ ਜਾਂਦੀ, ਓਹੋ ਪਾਸਾ ਮਸਾਲੇ ਨਾਲ ਲਾਇਆ ਜਾਂਦਾ ਸੀ। ਉਪਰਲਾ ਪਾਸਾ ਸਾਫ਼ ਹੋਂਦਿਆਂ ਵੀ ਦਰਸ਼ਕ ਨੂੰ ਟਪਲਾ ਲਗਦਾ ਹੈ ਪਈ ਚਿਤਰਕਾਰੀ ਉਪਰ ਹੀ ਹੈ। ਸ਼ੀਸ਼ਾ ਹੀਰੇ ਵਾਂਗ ਡਲ੍ਹਕੂੰ ਡਲ੍ਹਕੂੰ ਕਰਦਾ ਹੈ। ਇਸੇ ਲਈ ਹੁਨਰ ਦਾ ਨਾਮ ਹੀਰਾ ਨੁਮਾ ਹੈ। ਸਿਖ ਰਾਜ ਵੇਲੇ ਏਹਦੀ ਚੋਖੀ ਇੱਜ਼ਤ ਸੀ।

## ਧੁਰ ਉਪਰਲੀ ਛੱਤ ਦਾ ਫ਼ਰਸ਼

ਫ਼ਰਸ਼ ਵੇਖਕੇ ਹੈਰਾਨ ਹੋ ਹੋ ਜਾਈਦਾ ਹੈ। ਨਾਨਕ ਸ਼ਾਹੀ ਇੱਟਾਂ ਜਿੰਨੀਆਂ ਇੱਟਾਂ ਲਾਲ ਰੰਗ ਪਾ ਕੇ ਪਕਾਈਆਂ ਹੋਈਆਂ, ਉਤੋਂ ਮੋਟੀਆਂ ਤੇ ਥਲਿਓਂ ਬਹੁਤ ਪਤਲੀਆਂ ਹਨ। ਚੂਨਾ ਵਿਛਾ ਕੇ ਆਡੇ ਦਾਅ ਬੀੜੀਆਂ ਹੋਈਆਂ ਹਨ। ਏਹਨਾਂ ਵਿਚ ਵਾਲ ਭਰ ਵਿੱਥ ਨਹੀਂ। ਨਿਸ਼ਾਨ ਸਾਹਿਬ ਵਲ ਖੇਚਲ ਘੱਟ ਹੋਣ ਕਰਕੇ, ਏਹ ਗੱਲ ਸਾਫ਼ ਦਿਸਦੀ ਹੈ। ਇੱਟਾਂ **ਦਵਾਲੇ, ਕਾਲੀ ਮਿੱਟੀ ਦੇ ਪਕਾ ਕੇ** ਗਜ਼ ਲਾਏ ਹੋਏ ਹਨ (ਜੋ ਸ਼ਾਹ ਪੱਥਰ ਦਾ ਪੂਰਾ ਭਰਮ ਪਾ ਜਾਂਦੇ ਹਨ) ਕਈ ਤਰ੍ਹਾਂ ਦੀਆਂ ਗਿਰਾਹ ਜਾਂ ਹੁਨਰੀ ਸ਼ਕਲਾਂ ਇੱਟਾਂ ਨਾਲ ਬਣਾਈਆਂ ਗਈਆਂ ਹਨ। ਸ਼ਕਲਾਂ ਵਿਚ ਇਉਂ ਜਾਪਦਾ ਹੈ, ਜਿਵੇਂ 'ਹਜ਼ਰਤ ਸੀਮਿੰਟ' ਦੀਆਂ ਪੱਤੀਆਂ ਹਨ, ਪਰ ਅਸਲ ਵਿਚ ਰੇਤਲੇ ਰੰਗ ਦੀਆਂ ਪੋਟਾ ਪੋਟਾ ਭਰ ਇੱਟਾਂ ਵਰਤੀਆਂ ਗਈਆਂ ਹਨ। ਏਹ ਫ਼ਰਸ਼ ਹਾਲੀ ਬਚਿਆ ਹੋਇਆ ਹੈ। ਕਿਉਂਕਿ ਪਾਣੀ ਨਾਲ ਏਹਦੀ ਸੇਵਾ ਨਹੀਂ ਕੀਤੀ ਜਾਂਦੀ। ਖ੍ਰੇਪੜੀਆਂ ਨਹੀਂ ਲੱਥੀਆਂ। ਏਹਦੇ ਇਸ਼ਨਾਨ ਦੀ ਸੇਵਾ, ਸਿਰਫ਼ ਇੰਦਰ ਮਹਾਰਾਜ ਨੂੰ ਸੌਂਪੀ ਗਈ ਹੈ।

## ਮੋਹਰਾਕਸ਼ੀ ਦੇ ਰੰਗ

ਉਪਰਲੀ; ਵਿਚਲੀ ਛੱਤੇ ਤੇ ਪੌੜੀਆਂ ਵਿਚ ਏਹ ਹੁਨਰ ਹੈ। ਏਹ ਹੁਨਰ ਸਿਖ ਕਾਰੀਗਰਾਂ ਸਿਖਰ ਉਤੇ ਪੁਚਾ ਦਿੱਤਾ ਸੀ। ਏਸ ਉਤੇ ਵਖਰਾ



Digitized by Panjab Digital Library | www.panjabdigilib.org

ਲੇਖ ਛਪ ਚੁਕਾ ਹੈ। ਏਥੇ ਕੁਝ ਬਣਤ ਢੰਗ ਤੇ ਰੰਗਾਂ ਬਾਰੇ ਕਹਿਣਾ ਹੈ। ਮੋਹਰਾ ਕਸ਼ੀ, ਗਿੱਲੇ ਪਲੱਸਤਰ ਉਤੇ ਮਿਲੇ ਰੰਗ, ਇੱਕ ਜਾਨ ਕਰਨ ਦਾ ਨਾਂ ਹੈ। ਪਹਿਲਾਂ ਦਿਹਾੜੀ ਡੇਢ ਦਿਹਾੜੀ ਇੱਕ ਮੁਰੱਬਾ ਫੁਟ ਭਰ ਥਾਂ ਤਰ ਕਰਦੇ ਸਨ। ਦਰਬਾਰ ਸਾਹਿਬ ਦੀਆਂ ਇੱਟਾਂ ਬਹੁਤ ਪੱਕੀਆਂ ਹੋਣ ਕਰਕੇ ਪਾਣੀ ਚਿਰਾਕਾ ਖਿੱਚਦੀਆਂ ਹਨ। ਥਾਂ ਤਰ ਕਰਕੇ ਪਲੱਸਤਰ ਕਰਦੇ (ਜੋ ਪੋਰਾ ਕਹਾਉਂਦਾ ਹੈ)। ਓਸੇ ਉਤੇ ਰੰਗ ਕਰਦੇ ਤੇ ਨਹਿਲੇ* ਨਾਲ ਠੱਪੀ ਜਾਂਦੇ। ਜੇ ਇੱਟਾਂ ਨਾਲ ਨਾਲ ਤਰ ਨਾ ਹੋਂਦੀਆਂ, ਚੂਨਾ ਲਹਿ ਜਾਣ ਦਾ ਡਰ ਹੁੰਦਾ। ਜੇ ਤਰ ਹੁੰਦੀਆਂ, ਤਾਂ ਪੋਰਾ ਸੁਕਣ ਦਾ ਭੈ ਰਹਿੰਦਾ। ਏਸ ਕਰਕੇ ਕਈ ਵੇਰ ਕਾਰੀਗਰ ਰੋਟੀ ਖਾ ਕੇ ਆਉਂਦੇ ਜਾਂ ਹੱਥਲਾ ਕੰਮ ਸਿਰੇ ਚਾੜ੍ਹ ਕੇ ਪ੍ਰਸ਼ਾਦ ਪਾਂਦੇ ਸਨ। ਏਹ ਅਨੋਖੀ ਹੁਨਰੀ ਤਪੱਸਿਆ ਹੈ। ਮੋਹਰਾ ਕਸ਼ੀ ਦੇ ਜਿਹੜੇ ਰੰਗ ਸਨ, ਉਹ ਵਲੈਤੋਂ ਟੀਉਬਾਂ ਵਿਚ ਭਰੀ ਕੇ ਨਹੀਂ ਸਨ ਆਉਂਦੇ। ਹੇਠ ਲਿਖਿਆਂ ਤਰੀਕਿਆਂ ਨਾਲ ਬਣਾਏ ਜਾਂਦੇ ਸਨ।

(੧) ਦੇਸੀ ਮਿੱਟੀ ਹੁਰਮਚੀ। ਏਸ ਦਾ ਰੰਗ ਲਾਲ ਹੋਂਦਾ ਹੈ। ਪਹਾੜਾਂ ਤੋਂ ਆਉਂਦੀ ਹੈ ਤੇ ਪਸਾਰੀਆਂ ਤੋਂ ਆਮ ਮਿਲਦੀ ਹੈ। ਸਿਲ ਉਤੇ ਰਖ, ਪਾਣੀ ਪਾ ਪਾ, ਰੱਬ ਦਾ ਨਾਂ ਲੈ, ਵੱਟੇ ਨਾਲ ਰਗੜੀ ਜਾਂਦੇ। ਜਿੰਨੀ ਮਹੀਨ ਹੋਂਦੀ, ਓਨਾ ਹੀ ਰੰਗ ਲਾਲ ਨਿਕਲਦਾ ਸੀ। ਠੂਠੀ ਵਿਚ ਪਾ ਕੇ ਵਰਤਦੇ ਸਨ।

(੨) ਕਾਲਾ ਰੰਗ, ਨਰੇਲ ਦੀ ਠੂਠੀ ਸਾੜ ਕੇ ਪਾਣੀ ਪਾ ਪਾ, ਵੱਟੇ ਨਾਲ ਮਹੀਨ ਕਰਦੇ, ਜਿੰਨੀ ਬ੍ਰੀਕ ਹੋਂਦੀ, ਓਨਾ ਸ਼ਾਹ ਰੰਗ ਨਿਕਲਦਾ।

(੩) ਸਬਜ਼ ਰੰਗ ਇਕ ਕਿਸਮ ਦਾ ਹਰਾ ਪੱਥਰ, ਜਿਸ ਨੂੰ ਸੰਗਿ ਸਬਜ਼ ਕਹਿੰਦੇ ਹਨ। ਏਹਦੇ ਛੋਟੇ ਛੋਟੇ ਟੋਟੇ ਪਸਾਰੀਆਂ ਤੋਂ ਆਮ ਮਿਲਦੇ ਹਨ। ਪਾਣੀ ਪਾ ਪਾ, ਦਬੱਲ ਕੇ ਪੀਂਹਦੇ ਸਨ।

---

*ਟੀਪ ਕਰਨ ਵਾਲੇ ਮਝੋਲੇ (ਨਿੱਕੀ ਕਾਂਡੀ) ਜਿਡਾ, ਮੂੰਹ ਭਾਰਾ ਹੋਂਦਾ ਹੈ।

(੪) ਜ਼ਰਦੀ ਮਿੱਟੀ–ਇਕ ਕਿਸਮ ਦੀ ਗਾਚਣੀ। ਏਹ ਸਿਲ ਉਤੇ ਘਸਾਈ ਜਾਂਦੀ ਸੀ। ਏਹਦਾ ਬਹੁਤਾ ਕਜ਼ੀਆ ਕਰਨਾ ਪੈਂਦਾ। ਸੀ ਪੀਲਾ ਰੰਗ ਹੋਂਦਾ ਸੀ।

(੫) ਨੀਲਾ ਰੰਗ–ਲਾਜਵਰਦ ਜੋ ਪੌੜਰ ਵਾਂਗ ਹੋਂਦਾ ਹੈ, ਓਸ ਵਿਚ ਸਰੇਸ਼ ਪਾ ਕੇ ਵਰਤਦੇ ਸਨ।

(੬) ਸਫੈਦ–ਸੰਗਿ ਮਰਮਰ ਦੀਆਂ ਕੱਤਲਾਂ (ਕੰਕਰਾਂ ਕਹਿ ਲਵੋ) ਸਾੜ ਕੇ ਪਾਣੀ ਵਿਚ ਭਿਓਂਦੇ ਸਨ। ਜਿਸ ਤਰ੍ਹਾਂ ਕਲੀ ਦੇ ਵੱਟੇ ਭੇਵੀਂਦੇ ਹਨ। ਫੇਰ ਪੁਣਦੇ ਤੇ ਓਸ ਥਲੇ ਜਿਹੜਾ ਦਹੀਂ ਜਿਹਾ ਰਹਿ ਜਾਂਦਾ, ਓਹਨੂੰ ਕੰਮ ਵਿਚ ਲਿਆਉਂਦੇ ਸਨ। ਇਹ ਡੋਗਾ ਵੀ ਕਹਾਉਂਦਾ ਸੀ। ਸਿਵਾਏ ਸਾਵੇ ਰੰਗ ਦੇ, ਹੋਰ ਸਾਰੇ ਰੰਗ ਏਸ ਨਾਲ ਮਿਲਾ ਕੇ ਹਲਕੇ ਭਾਹੇ ਕਰਦੇ ਤੇ ਸਾਵੇ ਨੂੰ ਜ਼ਰਦੀ ਮਿਟੀ ਨਾਲ। ਏਹਨਾਂ ਤੋਂ ਛੁਟ ਇਕ ਲਹੂ ਵਾਂਗ ਲਾਲ ਹੋਂਦਾ ਸੀ ਤੇ ਉਹਨੂੰ ਕੁਝ ਖੁਸ਼ਕ ਪਲੱਸਤਰ ਉਤੇ ਲਾਂਦੇ ਸਨ। ਸ਼ਿੰਗ੍ਰਫ ਨੂੰ ਸਰੇਸ਼ ਪਾ ਕੇ ਬਣਾਂਦੇ ਸਨ। ਏਹ ਰੰਗ ਭਾਈ ਬਿਸ਼ਨ ਸਿੰਘ ਨੇ ਵਿਚਲੀ ਛੱਤੇ, ਚੜ੍ਹਦੇ ਬੰਨੇ ਵਰਤਿਆ ਤੇ ਏਹ ਰੰਗ, ਰੋਗਨ ਦਾ ਭੁਲੇਖਾ ਪਾ ਦੇਂਦਾ ਹੈ।

## ਜੜ੍ਹਤਕਾਰੀ

ਹਰਿਮੰਦਰ ਦਾ ਇਕ ਹੋਰ ਹੁਨਰ ਹੈ–ਸੰਗਿ ਮਰਮਰ ਵਿਚ ਜੜ੍ਹਤਕਾਰੀ। ਏਹ ਹੁਨਰ ਵੀ ਨਕਾਸ਼ਾਂ ਦੇ ਅਧੀਨ ਹੈ। ਚਿਤ੍ਰਕਾਰ ਖਾਕਾ ਬਣਾਉਂਦਾ, ਫੇਰ ਪੱਥਰ ਘਾੜਾ ਖਾਕਾ ਝਾੜ ਕੇ ਨਿੱਕੀ ਆਰੀ ਨਾਲ ਚੀਰ ਪਾਉਂਦਾ ਤੇ ਬੇਗੜੀਏ ਵੰਨ ਸੁਵੰਨੇ ਪੱਥਰਾਂ ਨੂੰ ਰਗੜ ਕੇ ਥੇਵੇ ਬਣਾ ਪੱਥਰ ਘਾੜਿਆਂ ਨੂੰ ਦੇਂਦੇ ਤੇ ਉਹ ਜੜਦੇ ਸਨ। ਜੜ੍ਹਤਕਾਰੀ ਵਿਚ ਏਹ ਪੱਥਰ ਪ੍ਰਧਾਨ ਹਨ। (੧) ਹਕੀਕ–ਲਾਲ ਤੇ ਬਦਾਮੀ ਭਾਅ ਵਾਲਾ। (੨) ਜ਼ਹਿਰਮੋਹਰਾ। (੩) ਖੱਟੂ ਪੱਥਰ ਪੀਲਾ। (੪) ਸਬਜ਼ ਬਲੌਰ ਏਹ ਬਹੁਤ ਹੀ ਸੋਹਣਾ ਲਗਦਾ ਹੈ। ਲਹਿੰਦੀ ਬਾਹੀ ਵਲ ਜ਼ਿਆਦਾ ਵਰਤਿਆ ਗਿਆ ਹੈ। (੫) ਲਾਜਵਰਦ ਨੀਲਾ। (੬) ਕਾਲਾ। ਅਬਰੀ ਘਸਮੈਲਾ, ਵਿਚ ਕਈ ਤਰ੍ਹਾਂ ਦੀਆਂ ਮਨਮੋਹਣੀਆਂ ਰਗਾਂ। (੮) ਸਿੱਪ ਵੀ ਫੁੱਲਾਂ



Digitized by Panjab Digital Library | www.panjabdigilib.org

ਦੀਆਂ ਡੰਡੀਆਂ ਤੇ ਵਾਹ ਵਾਹ ਲਗਦਾ ਹੈ। ਜੜ੍ਹਤਕਾਰੀ ਅੱਜ ਕੱਲ ਵੀ ਹੋਂਦੀ ਹੈ, ਪਰ ਅਰਦਾਸੇ ਕਰਾਉਣ ਵਾਲੀਆਂ ਸੰਗਤਾਂ ਕਾਹਲਾ ਕੰਮ ਕਰਾਉਂਦੀਆਂ ਹਨ। ਕਾਹਲੀ ਅਗ ਟੋਏ ਹੋਣੇ ਹੀ ਹੋਏ। ਬਾਕੀ ਰਿਹਾ ਪਹਿਲਾ ਹੁਨਰ। ਦਰਬਾਰ ਸਾਹਿਬ ਦੇ ਮੱਥੇ ਤੇ ਸੱਜੇ ਖੱਬੇ ਬੜਾ ਮਹੀਨ ਕੰਮ ਹੈ। ਕਈ ਥਾਈਂ ਫੁੱਲਾਂ ਦੀਆਂ ਡੰਡੀਆਂ ਧਾਗੇ ਜਿੰਨੀਆਂ ਬ੍ਰੀਕ ਤੇ ਪੈਨਸਿਲ ਦੇ ਸੁਰਮੇ ਜਿੰਨੇ ਮੋਟੇ ਬੇਵੇ ਵਰਤੇ ਹਨ। ਕਾਰੀਗਰੀ ਦੀ ਹੱਦ ਮੁਕਾ ਦਿਤੀ ਹੈ। ਈਰਾਨੀ ਫੁੱਲ ਪੱਤਰ ਘਟ ਬਣੇ ਹੋਏ ਹਨ। ਆਪਣੇ ਦੇਸ ਦੇ ਫਲ ਵੀ ਸੋਹਣੇ ਬਣਾਏ ਗਏ ਹਨ। ਰੁੱਖ, ਸਿਵਾਏ ਮਜਨੂੰ ਦੇ, ਹੋਰ ਜ਼ਿਆਦਾ ਖਿਆਲੀ ਹੀ ਹਨ। ਮੋਹਰਲੇ ਦਹਿਨਾਂ ਤੇ ਦੋ ਸਾਧੂ ਵੀ ਅਜੀਬ ਰਸ ਦੀ ਬਰਖਾ ਕਰ ਰਹੇ ਹਨ। ਹਰਿਮੰਦਰ ਹਿੰਦੁਸਤਾਨੀ ਹੁਨਰਾਂ ਦਾ ਅਖੀਰਲਾ ਨਿਸ਼ਾਨ ਹੈ।



Digitized by Panjab Digital Library | www.panjabdigilib.org

# ਹਰਿਮੰਦਰ ਸਾਹਿਬ ਦੇ ਹੁਨਰਾਂ ਨੂੰ ਬਚਾਓ

## (ਸ਼੍ਰੋਮਣੀ ਕਮੇਟੀ ਦੇ ਧਿਆਨ ਜੋਗ)

ਸ੍ਰੀ ਹਰਿਮੰਦਰ ਅੰਦਰ ਮੋਹਰਾ ਕਸ਼ੀ (ਗਿੱਲੇ ਪਲੱਸਤਰ ਤੇ ਰੰਗਾਂ ਨੂੰ ਇਕ ਜਾਨ ਕਰਨਾ) ਟੁਕੜੀ ਦਾ ਕੰਮ (ਗੱਚ ਵਿਚ ਸ਼ੀਸ਼ਿਆਂ ਨੂੰ ਜੜਨਾ) ਜੜਤਕਾਰੀ (ਸ਼ੀਸ਼ਿਆਂ ਉਤੇ ਥੇਵੇ ਫਬਾਉਣਾ) ਬੇਗੜੀਏ ਦਾ ਕੰਮ (ਸੰਗ ਮਰਮਰ ਵਿਚ ਵੇਲ ਬੂਟੇ ਬਣਾਉਣਾ) ਆਦਿ ਹੁਨਰ ਸਿਖਰ ਤੇ ਪੁੱਜੇ ਹੋਏ ਹਨ। ਮੋਹਰਾ ਕਸ਼ੀ ਦੀ ਮਿਸਾਲ ਤਾਂ ਕਿਤੇ ਮੁਸ਼ਕਲ ਹੀ ਮਿਲਦੀ ਹੈ। ਏਸ ਹੁਨਰ ਨੇ ਹਰਿਮੰਦਰ ਅੰਦਰ ਨਵਾਂ ਰੂਪ ਧਾਰਿਆ ਹੈ। ਮੋਹਰਾ ਕਸ਼ੀ ਦੇ ਉਸਤਾਦ ਭਾਈ ਬਿਸ਼ਨ ਸਿੰਘ ਨੇ ਏਥੇ ਕੰਮ ਕੀਤਾ ਸੀ।

ਹੁਨਰ ਦੀ ਬਦਕਿਸਮਤੀ ਦੇਖੋ, ਪਹਿਲਾਂ ਸਰਦਾਰ ਅਰੂੜ ਸਿੰਘ ਵੇਲੇ, ਦਰਸ਼ਨੀ ਡਿਓੜੀ ਦੇ ਅੰਦਰੋਂ,ਮੋਹਰਾ ਕਸ਼ੀ ਛਿੱਲੀ ਗਈ। ਕੁਝ ਲੋਕਾਂ ਘੁਸਰ ਮੁਸਰ ਕੀਤੀ, ਪਰ ਕੋਈ ਠੁੱਕ ਦੀ ਗੱਲ ਨ ਕੀਤੀ। ਓਥੇ ਫੌਜੀਆਂ ਨੇ ਸੰਗ ਮਰਮਰ ਲਵਾ ਦਿਤਾ। ਏਹ ਕੰਮ ਭਾਈ ਈਸ਼ਰ ਸਿੰਘ ਮਹੰਤ ਦਾ ਸੀ।

ਮਗਰੋਂ ਗੁਰਦਵਾਰਾ ਕਮੇਟੀਆਂ ਦਾ ਪ੍ਰਬੰਧ ਹੋਇਆ। ਬਾਰੀਆਂ ਵਿਚ ਤੇ ਥੰਮ੍ਹਾਂ ਉਤੇ, ਸੰਗ ਮਹਮਰ ਲਾਇਆ ਗਿਆ। ਪਿੱਠਾਂ ਨਾਲ ਵੀ ਰੰਗ ਘਸਦੇ ਸਨ, ਪਰ ਬਚਾਉਣ ਦੀ ਤਜਵੀਜ਼ ਕੋਈ ਨ ਕੀਤੀ ਤੇ ਪੱਥਰ ਲਾ ਕੇ ਹੀ ਇਸ ਹੁਨਰ ਨੂੰ ਲਾਂਭੇ ਕੀਤਾ। ਏਹੋ ਹਾਲ ਪੌੜੀਆਂ ਵਿਚ ਹੋਇਆ, ਜਿੱਥੇ ਹੱਥ ਪੁੱਜ ਨਹੀਂ ਸਕਦੇ ਸਨ, ਓਥੋਂ ਵੀ ਮੋਹਰਾ ਕਸ਼ੀ ਛਿੱਲੀ ਗਈ ਹੈ। ਏਹ ਨਮੂਨੇ ਸਭ ਤੋਂ ਪੁਰਾਣੇ ਸਨ। ਏਥੇ ਹੀ ਪੁਰਾਣੇ



Digitized by Panjab Digital Library | www.panjabdigilib.org

ਕਾਰੀਗਰ ਭਾਈ ਜੈ ਸਿੰਘ ਦੇ ਦਸਤਖਤ ਸਨ। ਏਹਨਾਂ ਚੀਜ਼ਾਂ ਦੀ ਫੋਟੋ ਵੀ ਨਹੀਂ ਲੁਹਾਈ ਗਈ।

ਕਮੇਟੀ ਨੇ, ਹਰਿ ਕੀ ਪੌੜੀ ਦੀ ਉਪਰਲੀ ਛੱਤੇ (ਜਿੱਥੇ ਅਖੰਡ ਪਾਠ ਹੋਂਦੇ ਹਨ) ਹੁਨਰ ਦੇ ਗਿਰਦੇ ਚੁਗਾਠ ਫੇਰ ਕੇ, ਸ਼ੀਸ਼ੇ ਲਵਾ ਦਿੱਤੇ ਹਨ। ਇਹ ਕੰਮ ਗਰ ਤੇ ਜੜਤਕਾਰੀ ਦਾ ਹੈ, ਜਿਸ ਨੂੰ ਲੋਕੀ ਹਥ ਲਾਂਦੇ ਸਨ ਤੇ ਥੇਵੇ ਝੜ ਪੈਂਦੇ ਸਨ, ਹੁਣ ਬਚਾ ਹੋ ਗਿਆ ਹੈ। ਅਸਾਂ ਹੁਨਰ ਬਚਾਉਣ ਦੇ ਸੋਹਣੇ ਤੇ ਬਹੁਤੇ ਉਪਰਾਲੇ ਨਹੀਂ ਕੀਤੇ। ਮੋਹਰਾ ਕਸ਼ੀ ਨੂੰ ਤਾਂ ਅਸੀਂ ਇਉਂ ਸਮਝਦੇ ਹਾਂ, ਜਿਵੇਂ ਕੰਧਾਂ ਉਤੇ ਰੰਗ ਥੱਪਿਆ ਹੋਇਆ ਹੈ। ਅਸਲ ਵਿਚ ਇਹ ਹੁਨਰ ਏਨਾ ਮਹੀਨ ਕੀਤਾ ਹੋਇਆ ਹੈ ਕਿ ਅੱਜ ਕੱਲ ਦੇ ਉਸਤਾਦ ਕਾਗਜ਼ਾਂ ਉਤੋਂ ਵੀ ਨਹੀਂ ਕਰ ਸਕਦੇ। ਏਹਨਾਂ ਵੇਲਾਂ ਤੇ ਫੁਲਾਂ ਵਿਚੋਂ, ਸਾਡੀ ਕੁਦਰਤ ਪ੍ਰਸਤੀ ਡੁਲ੍ਹ ਡੁਲ੍ਹ ਪੈ ਰਹੀ ਹੈ। ਇਸ ਹੁਨਰ ਸਦਕਾ, ਸਾਡੇ ਦਿਮਾਗ ਦੇ ਸੋਹਜਸਵਾਦ ਤੇ ਬਿਰਤੀ ਦੀ ਕੋਮਲਤਾਦਾਬਹੁਪਤਾਲਗਦਾ ਹੈ। ਭਾਰਤ ਦੀਆਂ ਸੈਂਕੜੇ ਵਰ੍ਹਿਆਂ ਦੀਆਂ ਗੁਫਾਂ ਵਿਚ ਹੁਨਰ ਸੰਭਾਲਿਆ ਹੋਇਆ ਹੈ ਤੇ ਸੰਭਾਲਣ ਦੇ ਨਵੇਂ ਢੰਗ ਕੱਢੇ ਜਾ ਰਹੇ ਹਨ। ਅਜੰਤਾ ਦਾ ਜਿੰਨਾ ਪ੍ਰਚਾਰ ਵੀਹਵੀਂ ਸਦੀ ਵਿਚ ਹੋਇਆ, ਓਨਾ ਪਹਿਲਾਂ ਨਹੀਂ ਸੀ। ਇਕ ਤਾਂ ਚੀਜ਼ ਆਲ੍ਹਾ ਸੀ, ਦੂਜਾ ਸਿਆਣਿਆਂ ਹੱਥਾਂ ਤੇ ਸੂਝ ਵਾਲੇ ਦਿਮਾਗਾਂ ਸਵਾਰਿਆ ਤੇ ਸੰਭਾਲਿਆ ਹੈ। ਓਸ ਹੁਨਰ ਦਿਆਂ ਕਾਰੀਗਰਾਂ ਪਾਸੋਂ ਹੁਨਰ ਦੀਆਂ ਖੂਬੀਆਂ ਬਾਬਤ ਕਿਤਾਬਾਂ ਲਿਖਾਈਆਂ ਗਈਆਂ ਹਨ। ਰਸਾਲਿਆਂ ਵਿਚ ਮਜ਼ਮੂਨਾਂ ਦਾ ਹੜ੍ਹ ਆਇਆ ਰਿਹਾ ਹੈ। ਹਰ ਇਕ ਗੁਫਾ ਦੀਆਂ ਵਖਰੇ ਵਖਰੇ ਪਹਿਲੂਆਂ ਤੋਂ ਫੋਟੋ ਲੀਤੀਆਂ ਤੇ ਛਾਪੀਆਂ ਗਈਆਂ। ਇਸ ਪ੍ਰਚਾਰ ਸਦਕਾ, ਬੰਗਾਲ ਸਕੂਲ ਨੇ ਅਜੰਤਾ ਤੋਂ ਪ੍ਰੇਰਨਾ ਲਈ। ਹਰਿਮੰਦਰ ਦੀ ਮੋਹਰਾ ਕਸ਼ੀ ਨੂੰ ਬਚਾਉਣ ਲਈ ਹਾਲੀਂ ਤਾਂ ਓਹੋ ਉਪਰਾਲਾ ਹੋ ਸਕਦਾ ਹੈ, ਜਿਹੜਾ ਵੱਡੇ ਬਾਬੇ ਦੇ ਪ੍ਰਕਾਸ਼ ਅਸਥਾਨ ਤੇ ਕੀਤਾ ਗਿਆ ਹੈ। ਸ਼ੀਸ਼ੇ ਲਾਏ ਜਾਣ ਕਿਉਂਕਿ ਸੰਗਤਾਂ ਬਿੱਧੇ ਹੱਥ ਫੇਰ ਦੇਂਦੀਆਂ ਹਨ, ਏਸ ਤਰ੍ਹਾਂ ਬਚਾ ਹੋ ਜਾਵੇਗਾ। ਸ਼ੀਸ਼ਿਆਂ ਵਿਚੋਂ ਹੁਨਰੀ ਸੈਆਂ ਖੂਬੀਆਂ ਦਮਕਣਗੀਆਂ। ਜੇ ਸਾਰਾ ਉਪਰਾਲਾ ਨਾ ਹੀ ਕਰਨਾ



Digitized by Panjab Digital Library | www.panjabdigilib.org

ਹੋਵੇ ਤਾਂ ਵਡੇ ਹਾਲ ਕਮਰੇ ਦਾ ਹੁਨਰ ਤਾਂ ਜ਼ਰੂਰ ਹੀ ਸੰਭਾਲਿਆ ਜਾਣਾ ਚਾਹੀਦਾ ਹੈ। ਏਸ ਉੱਤੇ ਹੱਥ ਪੁਜ ਸਕਦਾ ਹੈ। ਨਾਲ ਏਸ ਹਿੱਸੇ ਵਿਚ ਕੰਮ ਬਹੁਤ ਸੋਹਣਾ ਹੈ। ਨਾਲ ਹੀ ਜਿਨ੍ਹਾਂ ਦਾ ਕੰਮ ਹੈ, ਓਹਨਾਂ ਨਕਾਸ਼ਾਂ ਦੇ ਨਾਂ ਵੀ ਸ਼ੀਸ਼ਿਆਂ ਉੱਤੇ ਲਿਖੇ ਜਾਣ ਤਾਂ ਡਰ ਨਹੀਂ । ਲਹਿੰਦੇ ਬੰਨੇ ਦੀ ਵਿਚਲੀ ਬਾਹੀ ਦੀ ਮਹਿਰਾਬ, ਭਾਈ ਬਿਸ਼ਨ ਸਿੰਘ ਦੇ ਹਥਾਂ ਦੀ ਹੈ, ਏਹ ਵੀ ਸੰਭਾਲਣ ਵਾਲੀ ਚੀਜ਼ ਹੈ ।

ਸ਼ੀਸ਼ਿਆਂ ਵਿਚ ਸੰਭਾਲਣ ਤੋਂ ਛੁਟ, ਦਰਬਾਰ ਸਾਹਿਬ ਦੇ ਹੁਨਰ ਦੀਆਂ ਹਰ ਪਹਿਲੂ ਤੋਂ ਫੋਟੋ ਲੈਣੀਆਂ ਚਾਹੀਦੀਆਂ ਹਨ। ਹਰਿਮੰਦਰ ਦੇ ਅੰਦਰਲੇ ਹੁਨਰਾਂ ਦੀ ਕੋਈ ਫੋਟੋ ਨਹੀਂ। ਗੁੰਬਦ ਦੇ ਅੰਦਰ ਦੀਆਂ ਆਰਟਿਸਟਕ ਢੰਗ ਦੀਆਂ ਫੋਟੋ ਲੈਕੇ, ਹੁਨਰੀ ਰਸਾਲਿਆਂ ਵਿਚ ਭੇਜੀਆਂ ਜਾ ਸਕਦੀਆਂ ਹਨ। ਇਹ ਤਸਵੀਰਾਂ ਗਾਈਡ ਦੇ ਦਫਤਰ ਵਿਚ ਵੀ ਹੋਣ ਤਾਂ ਚੰਗਾ ਹੈ। ਏਹਨਾਂ ਤਸਵੀਰਾਂ ਨੂੰ ਹਿੰਦੀ, ਉਰਦੂ, ਪੰਜਾਬੀ ਤੇ ਅੰਗ੍ਰੇਜ਼ੀ ਪੈਮਫਲਿਟਾਂ ਵਿਚ ਛਾਪਿਆ ਜਾ ਸਕਦਾ ਹੈ। ਪੈਮਫਲਿਟਾਂ ਵਿਚ ਹਰਿਮੰਦਰ ਦੇ ਹੁਨਰਾਂ ਬਾਰੇ, ਸਰਸਰੀ ਬਿਆਨ ਹੋਣਾ ਚਾਹੀਦਾ ਹੈ ।

ਮੁਰੱਮਤ ਸਮੇਂ, ਪੁਰਾਣੇ ਢੰਗ ਦਾ ਖਾਸ ਖਿਆਲ ਰਖਣਾ ਚਾਹੀਦਾ ਹੈ। ਮੋਹਰਾ ਕਸ਼ੀ ਦੀ ਕਿਤੇ ਕਿਤੇ ਮੁਰੱਮਤ ਹੋਈ ਹੈ, ਜਿਸ ਵਿਚ ਅੰਗ੍ਰੇਜ਼ੀਪਨ ਆ ਗਿਆ ਹੈ। ਮੁਰੱਮਤ ਵੇਲੇ ਅਸਲੀ ਚੀਜ਼ ਨਾਲ ਢੁਕਦੀ ਚੀਜ਼ ਬਣਾਉਣੀ ਚਾਹੀਦੀ ਹੈ। ਏਸੇ ਤਰ੍ਹਾਂ ਬੇਗੜੀਏ ਦਾ ਕੰਮ ਵੀ, ਪਹਿਲਾਂ ਵਾਂਗ ਮਹੀਨ ਨਹੀਂ ਰਿਹਾ। ਕਈ ਵੇਰ ਪੱਥਰ ਲਾਉਣ ਵੇਲੇ, ਕੁਝ ਮੂਤਰ ਇੱਟਾਂ ਦੀ ਛਿਲਾਈ ਵੀ ਹੋ ਜਾਂਦੀ ਹੈ। ਏਸ ਉਤੇ ਗੁੰਬਦ ਦਾ ਭਾਰ ਹੈ ਤੇ ਏਸ ਤਰ੍ਹਾਂ ਕੰਧਾਂ ਕਮਜ਼ੋਰ ਹੋ ਜਾਣਗੀਆਂ। ਗੁੰਬਦ ਅਗੇ ਵੀ ਕਮਜ਼ੋਰ ਹੈ ਤੇ ਕਾਬਲਿਆਂ ਨਾਲ ਕੱਸਿਆ ਹੋਇਆ ਹੈ। ਸੋਨੇ ਦੀਆਂ ਬੁਰਜੀਆਂ ਦੀ ਸੇਵਾ ਕਰਨ ਵੇਲੇ ਗਿੱਲੀ ਲੀਰ ਹੋਣੀ ਚਾਹੀਦੀ ਹੈ। ਖੁਰਪੀਆਂ ਵਗੈਰਾ ਨਾਲ ਸੋਨਾ ਘਸ ਜਾਂਦਾ ਹੈ।

ਦੀਪ ਮਾਲਾ ਨੂੰ ਸਜਾਉਣ ਵਾਸਤੇ ਕਈ ਹੁਨਰੀ ਦਵਾਖੀਆਂ ਬਣੀਆਂ ਹੋਈਆਂ ਸਨ। ਕਈ ਸ਼ਕਲਾਂ ਦੀਆਂ ਸਨ, ਜਿਨ੍ਹਾਂ ਉਤੇ ਦੀਵੇ



Digitized by Panjab Digital Library | www.panjabdigilib.org

ਟਿਕਾਏ ਜਾਂਦੇ ਸਨ, ਜੋ ਛੋਟੀ ਪਰਕਰਮਾ ਗਿਰਦੇ ਲਾਈਆਂ ਜਾਂਦੀਆਂ ਸਨ। ਜਿਸ ਵੇਲੇ ਏਹਨਾਂ ਉੱਤੇ ਦੀਵੇ ਰਖੇ ਜਾਂਦੇ ਸਨ, ਤਾਂ ਬਹੁਤ ਹੀ ਮਨਮੋਹਣਾ ਨਜ਼ਾਰਾ ਲਗਦਾ ਸੀ। ਜਦੋਂ ਸ੍ਰੀ ਅਕਾਲ ਤਖਤ ਤੇ ਜਥੇਦਾਰ ਤੇਜਾ ਸਿੰਘ ਭੁੱਚਰ ਦਾ ਕਬਜ਼ਾ ਹੋਇਆ ਤਾਂ ਤੇਲ ਦਵਾਖੀਆਂ ਬਾਲਣ ਦੀ ਥਾਂ ਤੇ, ਗੁਰੂ ਦੇ ਲੰਗਰ ਵਿਚ ਵਰਤੀਆਂ ਤੇ ਓਹ ਮੁਦਤਾਂ ਦੇ ਤੇਲ ਨਾਲ ਬੰਧੀਆਂ ਹੋਈਆਂ, ਕਾਗਜ਼ਾਂ ਤੋਂ ਵੀ ਵਧ ਕੇ ਭੜ ਭੜ ਕਰਕੇ ਬਲੀਆਂ। ਖ਼ੈਰ, ਓਹ ਵੇਲਾ ਤਾਂ ਲੰਘ ਗਿਆ। ਹੁਣਬਿਜਲੀ ਨਾਲ ਹੁਨਰ ਨੂੰ ਸਾਹਮਣੇ ਰਖ ਕੇ ਰੋਸ਼ਨੀ ਹੋਣੀ ਚਾਹੀਦੀ ਹੈ।

ਉੱਤੇ ਦੱਸਿਆ ਸੀ ਕਿ ਹਰਿਮੰਦਰ ਦਾ ਕੋਈ ਅੰਦਰਲਾ ਵੀਊ ਨਹੀਂ ਛਪਿਆ। ਯਾਤਰੂਆਂ ਨੂੰ ਵੀ ਆਗਿਆ ਦੇ ਦੇਣੀ ਚਾਹੀਦੀ ਹੈ ਤੇ ਕਮੇਟੀ ਨੂੰ ਵੀ ਵਧੀਆ ਫੋਟੋਜ਼ ਲੈ ਕੇ, ਬੁੰਗਿਆਂ ਦੀ ਸਕੀਮ ਵਿਚ ਇਕ ਤਸਵੀਰ ਘਰ ਬਣਾ ਕੇ, ਓਸ ਵਿਚ ਰਖਣੀਆਂ ਚਾਹੀਦੀਆਂ ਹਨ। ਗੁਰਬਾਣੀ ਦੇ ਖਾਸ ਸ਼ਬਦਾਂ ਦੀਆਂ ਤਸਵੀਰਾਂ ਬਣਵਾਈਆਂ ਜਾਣ ਤੇ ਸਿਖ ਇਤਹਾਸ ਦੀਆਂ ਲੋੜੀਂਦੀਆਂ ਤਸਵੀਰਾਂ ਖਿਚਵਾਈਆਂ ਜਾਣ ਤੇ ਉਹ ਸਭੇ ਚਿਤ੍ਰਸ਼ਾਲਾ ਵਿਚ ਰਖੀਆਂ ਜਾਣ।

ਅਖੀਰ ਵਿਚ ਫੇਰ ਏਹੋ ਹੀ ਮੰਗ ਹੈ ਕਿ ਜਿੰਨੇ ਹੁਨਰ ਹੁਣ ਹਨ, ਓਹਨਾਂ ਨੂੰ ਠੀਕ ਤਰ੍ਹਾਂ ਸੰਭਾਲਿਆ ਜਾਏ।

---



Digitized by Panjab Digital Library | www.panjabdigilib.org

# ਸਿੱਖ ਗੁਰੂ ਤੇ ਚਿੱਤ੍ਰ-ਕਲਾ

ਜਿਸ ਤਰ੍ਹਾਂ ਭਗਵਾਨ ਬੁਧ ਦੇ ਮੱਤ ਦਾ ਰਾਜਿਆਂ ਮਹਾਰਾਜਿਆਂ ਰਾਹੀਂ, ਪਰਚਾਰ ਹੋਇਆ, ਗੁਰੂ ਨਾਨਕ ਦੇਵ ਨੇ ਆਪਣਾ ਮਤ ਨ ਓਸ ਤਰ੍ਹਾਂ ਚਲਾਇਆ; ਸਗੋਂ ਬਾਬਰ ਜਿਹੇ ਪਾਤਸ਼ਾਹ ਦੀ ਵਧੀਕੀ ਦੇਖ ਕੇ ਬਹੁਤ ਨਾਰਾਜ਼ ਹੋਏ। ਆਪਣੇ ਸਾਈਂ ਕਰਤਾਰ ਨੂੰ ਕਹਿਣੋਂ ਨ ਰੁਕੇ :-

'ਏਤੀ ਮਾਰ ਪਈ ਕੁਰਲਾਣੇ, ਤੈਂ ਕੀ ਦਰਦ ਨ ਆਇਆ।'

ਜਿਹੜਾ ਇਨਸਾਨ ਰੱਬ ਨੂੰ ਪੁਛ ਸਕਦਾ ਹੈ, ਓਹ ਮਲਕ ਭਾਗੋ ਨੂੰ ਕਿਹੜੇ ਬਾਗ ਦੀ ਮੂਲੀ ਸਮਝਦਾ? ਜਨਤਾ ਦਾ ਹਾਮੀ ਰਾਜਿਆਂ ਦੇ ਮੂੰਹ ਨ ਲੱਗਾ। ਏਸੇ ਕਰ ਕੇ ਗੁਰੂ ਨਾਨਕ ਜੀ ਦੀ ਜੀਵਨੀ, ਮਹਾਤਮਾ ਬੁਧ ਵਾਂਗ ਨ ਚਿਤਰੀ ਗਈ। ਇਕ ਨਵੀਂ ਅਜੰਤਾ ਨ ਬਣ ਸਕੀ। ਏਸ ਸਮੇਂ ਨਾ ਹੀ ਚਿੱਤ੍ਰ-ਕਲਾ ਦਾ ਪਰਚਾਰ ਸੀ ਤੇ ਨਾ ਹੀ ਸਸਤੀ ਸੀ। ਗ਼ਰੀਬ ਸਿੱਖਾਂ ਦਾ ਖ਼ਿਆਲ ਪਰ ਕੀ ਜਾਣਾ ਸੀ? ਏਹ ਤਾਂ ਜਨਮਸਾਖੀ ਸੁਣ ਕੇ ਪਤੀਜ ਗਏ। ਮੁਸੱਵਰੀ ਨੂੰ ਹੱਥ ਨ ਲਾਉਣ ਦਾ ਕਾਰਨ, ਹੋਰ ਵੀ ਸੀ। ਸਿੱਖ ਗੁਰੂ ਬੁੱਤ ਪੂਜਾ ਦੇ ਵਿਰੁਧ ਸਨ। ਓਨ੍ਹਾਂ ਨੂੰ ਓਸ ਇਕ ਦੀ ਪੂਜਾ ਦਾ ਖ਼ਿਆਲ ਰਹਿੰਦਾ, ਜਿਹੜਾ ਖੰਡਾਂ ਬ੍ਰਹਿਮੰਡਾਂ ਵਿਚ ਵਿਆਪਕ ਹੈ ਤੇ ਓਸ ਤੋਂ ਬਲਿਹਾਰ ਕੁਰਬਾਨ ਜਾਂਦੇ ਸਨ। ਅਜਿਹੇ ਜੀਵਨ-ਦਾਤੇ ਨੂੰ ਪੱਥਰਾਂ ਵਿਚ ਕੈਦ ਕਰਨਾ ਓਹਦੀ ਹੱਤਕ ਸਮਝਦੇ ਸਨ; ਪਰ ਮੁਸਲਿਮ ਗੁਰੂਆਂ ਨੇ ਹਕੂਮਤ ਵਾਂਗ ਬੁੱਤਾਂ ਦੇ ਟੋਟੇ ਕਰ ਕੇ ਬੁਤ-ਘੜਨੀ ਵਿੱਦਿਆ ਦੀ ਜੜ੍ਹ ਨਹੀਂ ਮਾਰੀ। ਕਿਉਂਕਿ ਜਨਤਾ ਅਨਪੜ੍ਹ ਸੀ, ਏਸ ਕਰ ਕੇ ਪਹਿਲੇ ਪੰਜਾਂ ਗੁਰੂਆਂ ਨੇ ਮੁਸੱਵਰੀ ਏਸ ਖਿਆਲ ਤੋਂ ਨ ਚੁਕਿਆ ਪਈ ਮੂਰਤੀ ਪੂਜਾ ਖਲਕਤ ਦੇ ਹੱਡੀਂ ਨ ਪੈ ਜਾਵੇ। ਗੁਰੂ ਘਰ ਦੇ ਵੇਦ ਵਿਆਸ

ਭਾਈ ਗੁਰਦਾਸ ਨੇ ਮੂਰਤੀ ਪੂਜਾ ਹਟਾਉਣ ਲਈ ਗਜ਼ਬ ਦੀ ਮੂਰਤ ਤੇ ਅਣੋਖਾ ਮੰਦਰ ਬਣਾਇਆ। ਆਪ ਨੇ ਜ਼ੋਰ ਦਿੱਤਾ—

'ਗੁਰ ਮੂਰਤਿ ਗੁਰ ਸ਼ਬਦਿ ਹੈ, ਸਾਧ ਸੰਗਤ ਵਿਚ ਪ੍ਰਗਟੀ ਆਇਆ ॥'

ਇਹ ਮੰਦਰ ਲੋਕਾਂ ਨੂੰ ਇਕੱਠਿਆਂ ਕਰਨ ਵਾਲਾ ਸੀ। ਵਖਰੇ ਚੁਲ੍ਹੇ ਬਣਾਉਣ ਵਾਲੇ ਤੇ ਘਰ ਘਰ ਠਾਕਰ ਜੀ ਦੀ ਪੂਜਾ ਕਰਨ ਵਾਲੇ ਜੁੜ ਕੇ ਬਹਿਣਾ ਘਟ ਹੀ ਜਾਣਦੇ ਸਨ, ਪਰ ਸਿਖਾਂ ਦੀ ਸੂਝ ਨੇ ਚਾਰ ਬੰਦਿਆਂ ਨੂੰ ਮਿਲ ਕੇ ਬਹਿਣਾ ਸਿਖਾਇਆ ਤੇ ਦਿਲ ਦੀਆਂ ਦੇਣ ਲੈਨ ਦੀ ਪਿਰਤ ਪਾ ਦਿੱਤੀ। ਸਾਧ ਸੰਗਤ ਵਿਚ ਸ਼ਬਦ ਕੀਰਤਨ ਕਰਕੇ (ਗੁਰ ਸ਼ਬਦ......ਮੂਰਤ ਪੂਜਾ ਤੋਂ ਵਿਹਲੇ ਹੋ ਕੇ) ਰਾਜਸੀ ਤੇ ਸਮਾਜਿਕ ਖਿਆਲਾਂ ਵਲ ਧਿਆਨ ਦੇ ਦੇ ਸਨ। ਗੁਰ-ਸ਼ਬਦ ਮੂਰਤ ਨੇ ਹੁਨਰ-ਪਿਆਰ ਦਾ ਖਿਆਲ ਨ ਆਉਣ ਦਿਤਾ।

ਪਹਿਲੇ ਪੰਜ ਗੁਰੂ ਸਾਹਿਬਾਨ ਨੇ ਫਕੀਰਾਨਾ ਮੁਸੱਵਰੀ ਕੀਤੀ। ਲੋਭ, ਦੰਭ, ਵੱਢੀ-ਖੋਰੀ ਤੇ ਜ਼ੁਲਮ ਵਗੈਰਾ ਦੀਆਂ ਨਿੱਤ ਰਹਿਣੀਆਂ ਤਸਵੀਰਾਂ ਖੂਬ ਖਿੱਚੀਆਂ ਤੇ ਓਹ ਘਰ ਘਰ ਪੁਜੀਆਂ। ਹਾਂ, ਅਮੀਰਾਨਾ ਮੁਸੱਵਰੀ ਨੂੰ ਨਿੰਦਿਆ ਨ।

ਸਮੇਂ ਦੀ ਹਾਲਤ ਬਦਲੀ, ਸ਼ਹਿਨਸ਼ਾਹ ਅਕਬਰ ਦੀ ਰਾਜਨੀਤੀ ਨੇ ਦੇਸ ਨੂੰ ਸੁਖ ਦਾ ਸਾਹ ਦਿਵਾਇਆ। ਹਰ ਹੁਨਰ ਦਾ ਬੋਲਬਾਲਾ ਹੋਇਆ, ਚਿਤ੍ਰਕਲਾ ਨੂੰ ਖੰਭ ਲਗੇ, ਲੱਗੀ ਅਪੱਛਰਾ ਤੇ ਹੂਰ ਵਾਂਗ ਹਿੰਦੂ ਮੁਸਲਮਾਨ ਦਾ ਮਨਮੋਹਣ।ਜਹਾਂਗੀਰ ਨੇ ਏਸ ਹੁਨਰ ਨੂੰ ਹੋਰ ਹੁਲਾਰਾ ਦਿੱਤਾ। ਅਮੀਰ ਹੁਨਰ, ਬਾਦਸ਼ਾਹਾਂ ਦੀ ਛਤ੍ਰ ਛਾਇਆ ਹੇਠ ਪੰਗਦੇ ਤੇ ਫਲਦੇ ਹੋਏ, ਆਮ ਪਬਲਿਕ ਦੇ ਮੂੰਹ ਲਗਦੇ ਹਨ। ਓਹੋ ਗੱਲ ਹੁਣ ਹੋਈ, ਮਹਿੰਗਾ ਹੁਨਰ ਸਸਤਾ ਜਾਪਣ ਲੱਗ ਪਿਆ ਤੇ ਸੁਸਾਇਟੀ ਦਾ ਇੱਕ ਅੰਗ ਮਨੀਣ ਲਗਾ। ਦਿਲੀ ਆਗਰੇ ਤੋਂ ਛੁੱਟ, ਛੋਟਿਆਂ ਕਸਬਿਆਂ ਵਿਚ ਵੀ ਹੁਨਰ ਨੇ ਪਰ੍ਹੇ ਜਮਾਈ।

ਜਹਾਂਗੀਰ ਦੇ ਵੇਲੇ ਗੁਰੂ ਹਰਿਗੋਬਿੰਦ ਸਾਹਿਬ ਹੋਏ। ਆਪ ਜੀ ਨੇ ਕੀਰਤਪੁਰ ਲਾਗੇ ਪਿੰਡ ਸੁਰ ਸਿੰਘ ਵਿਚ ਚਰਨ ਪਾਏ। ਭਾਈ ਬਿਧੀ

ਚੰਦ ਦੇ ਸੰਬੰਧੀਆਂ ਤਸਵੀਰ ਖਿਚਵਾਉਣ ਲਈ ਬੇਨਤੀ ਕੀਤੀ। ਮੀਰੀ ਪੀਰੀ ਦੇ ਮਾਲਕ ਨੇ ਅਰਜ਼ ਮੰਨੀ ਤੇ ਮੂਰਤ ਖਿਚਵਾ ਦਿੱਤੀ। ਏਸ ਸਮੇਂ ਸਿੱਖ ਸਿਆਣੇ ਹੋ ਗਏ ਸਨ। ਹੁਣ ਮੂਰਤੀ ਪੂਜਾ ਨਹੀਂ ਸੀ ਹੋ ਸਕਦੀ। ਗੁਰਦੇਵ ਨੇ ਹੁਨਰ ਪਿਆਰ ਦਾ ਮੁੱਢ ਬੰਨ੍ਹਿਆ। ਸਿੱਖ ਗੁਰੂ ਹੁਨਰ ਵਲ ਵੀ ਝੁਕੇ ਜਾਪਦੇ ਹਨ, ਕਿ ਏਸ ਹੁਨਰ ਨੂੰ ਜਹਾਂਗੀਰ ਦੇ ਵੇਲੇ ਹਿੰਦੂ ਮੁਸਲਿਮ ਵੀਰਾਂ ਨੇ ਸਾਂਝਾ ਚਮਕਾਇਆ ਸੀ ਤੇ ਇਸ ਕਰਕੇ ਵੀ, ਹਿੰਦੂ ਮੁਸਲਮਾਨਾਂ ਨਾਲ ਪਿਆਰ ਪਾਉਣ ਲਈ, ਇਕ ਸੋਹਣਾ ਵਸੀਲਾ ਸੀ। ਹੁਣ ਦੋ ਫਾਇਦੇ ਦੇਖੇ ਗਏ, ਇਕ ਮੁਸਲਿਮ ਏਕਤਾ, ਦੂਜਾ ਆਰਟ ਦਾ ਪ੍ਰਚਾਰ। ਸੂਰਜ਼ ਪ੍ਰਕਾਸ਼ ਵਿਚ ਦੂਜਾ ਤਸਵੀਰੀ ਵਾਕਿਆ ਆਉਂਦਾ ਹੈ—ਨੌਵੇਂ ਪਾਤਸ਼ਾਹ ਦਾ। ਆਪ ਜਦੋਂ ਆਸਾਮ ਦਾ ਦੌਰਾ ਕਰਨ ਗਏ ਤਾਂ ਦਿੱਲੀ ਅਟਕੇ। ਇਕ ਹਲਵਾਈ ਦੇ ਘਰ ਬਿਸਰਾਮ ਕੀਤਾ। ਓਹਦੀ ਮਾਂ ਨੇ ਅਰਜ਼ ਗੁਜ਼ਾਰੀ "ਸਚੇ ਪਾਤਸ਼ਾਹ, ਆਪ ਦਾ ਚਿਤ੍ਰ ਚਾਹੀਦਾ ਹੈ।" ਹਜ਼ੂਰ ਮੁਸਕਰਾਏ ਤੇ ਫੁਰਮਾਇਆ ਖਿਚਵਾ ਦੇਂਦੇ ਹਾਂ। ਹੁਨਰ-ਪਿਆਰ ਦਿਖਾ ਦਿਤਾ, ਮੂਰਤ ਉਤਰਵਾ ਦਿਤੀ।

ਸੂਰਜ ਪ੍ਰਕਾਸ਼ ਵਿਚ ਤੀਜਾ ਵਾਕਿਆ ਆਉਂਦਾ ਹੈ, ਕੋਮਲ ਹੁਨਰਾਂ ਦੇ ਪ੍ਰਾਣ, ਸ੍ਰੀ ਦਸਮੇਸ਼ ਦਾ। ਆਪ ਨੇ ਕਵਿਤਾ ਦੀ ਤਾਂ ਓੜਕ ਕੀਤੀ। ਬੀਰ ਰਸ ਦੀ ਕੜਕਦੀ ਤਲਵਾਰ ਵਿਚੋਂ ਸੰਗੀਤ ਦੀ ਕੋਮਲ ਦਿਲ ਹਿਲਾਊ ਸੁਰ ਸੁਣਾਈ ਤੇ ਚਿਤ੍ਰਕਾਰੀ ਦਾ ਰਚਨਾ ਵਿਚ ਜ਼ਿਕਰ ਕੀਤਾ, ਕਰਾਇਆ। ਗੁਰਦੇਵ ਨੇ ਚਿਤ੍ਰ ਕਲਾ ਨੂੰ ਸਹਾਰਾ ਦਿੱਤਾ। ਬਾਦਸ਼ਾਹ ਬਹਾਦਰ ਸ਼ਾਹ ਦੇ ਕਹਿਣ ਉਤੇ, ਸ਼ਾਹੀ ਚਿਤ੍ਰਕਾਰ ਆਇਆ। ਚਿਹਰੇ ਨੂੰ ਵੇਖਦਾ ਰਿਹਾ; ਕਲਮ ਨ ਚੱਲੀ। ਮੁਸੱਵਰ ਡੋਲ ਗਿਆ ਤੇ ਹਾਰ ਕੇ ਬਹਿ ਗਿਆ। ਹਜ਼ੂਰ ਨੇ ਆਪ ਕਲਮ ਫੜਾਈ ਤੇ ਫੁਰਮਾਇਆ "ਚਿਤ੍ਰਕਾਰਾ, ਹੌਸਲੇ ਨਾਲ ਕੋਮਲ ਹੁਨਰ ਦੀ ਸੇਵਾ ਕਰੀਦੀ ਹੈ। ਕਲਮ ਦੇ ਵਸ ਵਿਚ ਨਹੀਂ ਰਹੀਦਾ। ਕਲਮ ਨੂੰ ਦਿਲ ਤੇ ਦਿਮਾਗ ਪਿਛੇ ਤੋਰੀਦਾ ਹੈ।" ਸ਼ਾਹੀ ਚਿਤ੍ਰਕਾਰ ਨੂੰ ਹੌਸਲਾ ਹੋਇਆ। ਤਸਵੀਰ ਖਿਚੀ ਤੇ ਵਾਹਵਾ ਖਿੱਚੀ। ਏਹ ਤਸਵੀਰ ਪਟਨੇ ਸਾਹਿਬ ਵਾਲੀ ਕਹਾਉਂਦੀ ਹੈ ਤੇ ਓਥੇ ਮੌਜੂਦ ਹੈ। ਏਸ ਫੋਟੋ ਤੋਂ ਹੋਰ ਫੋਟੋ

ਤਿਆਰ ਹੋ ਰਹੀਆਂ ਹਨ। ਸਾਹਿਬ ਬੀਰ ਆਸਣ ਲਾਈ ਬੈਠੇ ਹਨ। ਇਕ ਹੱਥ ਤੀਰ ਤੇ ਦੂਜੇ ਹੱਥ ਕਮਾਨ ਹੈ। ਚਿਹਰੇ ਤੋਂ ਰੂਹਾਨੀਅਤ ਟਪਕਦੀ ਤੇ ਬੀਰ ਰਸ ਡੁਲ੍ਹ ਡੁਲ੍ਹ ਪੈ ਰਿਹਾ ਹੈ। ਮੁਖ ਮੁਤਾਬਿਕ, ਜਿਸਮ ਦੀ ਡਰਾਇੰਗ ਠੀਕ ਹੈ। ਕਲਗੀ ਪਿਛਲੇ ਪਾਸੇ ਝੁਕੀ ਹੋਈ ਤੇ ਦਾੜ੍ਹਾ ਗੋਲ ਹੈ, ਜੋ ਮੋਟੀਆਂ ਮੁਗ਼ਲਈ ਨਿਸ਼ਾਨੀਆਂ ਹਨ।

ਗੁਰ-ਮੂਰਤ ਦੀ ਇਤਿਹਾਸਕ ਘਟਨਾ, ਮਹਾਰਾਜਾ ਰਣਜੀਤ ਸਿੰਘ ਦੇ ਸਮੇ ਦੇ ਨਕਾਸ਼ ਘਰਾਣੇ ਵਿਚ ਆ ਰਹੀ ਹੈ। ਓਹ ਮੈਂ ਭਾਈ ਗਿਆਨ ਸਿੰਘ ਨਕਾਸ਼ ਅੰਮ੍ਰਿਤਸਰੀ ਤੋਂ ਸੁਣ ਕੇ ਲਿਖ ਰਿਹਾ ਹਾਂ। ਮਹਾਰਾਜਾ ਰਣਜੀਤ ਸਿੰਘ ਨੇ ਕਾਂਗੜਾ ਜਿੱਤਿਆ। ਰਾਜਾ ਸੰਸਾਰ ਚੰਦ ਦੇ ਖਜ਼ਾਨੇ ਵਿਚ *ਸ੍ਰੀ ਦਸਮੇਸ਼ ਜੀ ਦੀ ਕਾਂਗੜਾ ਕਲਮ ਦੀ ਆਹਲਾ ਤਸਵੀਰ ਸੀ। ਰਾਜੇ ਨੇ ਮਹਾਰਾਜੇ ਨੂੰ ਤਸਵੀਰ ਦੇਣੋਂ ਇਨਕਾਰ ਕੀਤਾ। ਅਖੀਰ ਸਮਝੌਤਾ ਏਹ ਹੋਇਆ ਪਈ ਤਸਵੀਰ ਦੀ ਨਕਲ ਕਰਕੇ ਮੂਰਤ ਮੋੜੀ ਜਾਏ। ਜਿਸ ਮੁਸੱਵਰ ਨੇ ਬਣਾਈ ਸੀ, ਓਹ ਮਰ ਚੁੱਕਾ ਸੀ। ਓਹਦੇ ਪੋਤਰੇ ਜਾਂ ਪੜੋਤਰੇ ਨੇ ਹਰਿਮੰਦਰ ਦੀਆਂ ਛੋਟੀਆਂ ਉਪਰਲੀਆਂ ਪੌੜੀਆਂ ਵਿਚ ਬਣਾਈ। ਸਿਆਣੇ ਮਹਾਰਾਜੇ ਨੇ ਖਿਆਲ ਰਖਿਆ ਕਿ ਕਾਗਜ਼ ਤੇ ਵਾਹੁਣ ਨਾਲ ਤਸਵੀਰ ਉਰੇ ਪਰੇ ਨ ਹੋ ਜਾਵੇ। ਤਸਵੀਰ ਵਿਚ ਕਾਂਗੜਾ ਕਲਮ ਦੀਆਂ ਸਭ ਨਿਸ਼ਾਨੀਆਂ ਹਾਲੀਂ ਤਕ ਝਲਕ ਰਹੀਆਂ ਹਨ। ਏਸ ਤੋਂ ਸ਼ੇਰੇ ਪੰਜਾਬ ਦਾ ਹੁਨਰ ਪਿਆਰ ਵੀ ਜ਼ਾਹਿਰ ਹੋ ਰਿਹਾ ਹੈ।

ਵਲੇ ਵੇਲੇ ਸਿਖਾਂ ਜਨਮਸਾਖੀ ਉਤੇ ਜ਼ੋਰ ਦੇਈ ਰਖਿਆ। ਜਨਮਸਾਖੀ ਦੀਆਂ ਬਹੁਤ ਤਸਵੀਰਾਂ ਬਣੀਆਂ। ਜਨਮਸਾਖੀ ਨੇ ਹੁਨਰ ਦੀ ਸੇਵਾ ਕੀਤੀ, ਏਸ ਲਿਹਾਜ਼ ਨਾਲ ਅਸੀਂ ਜਨਮਸਾਖੀ ਨੂੰ ਮਹਾਂਭਾਰਤ ਤੇ ਉਮਰ ਖਿਆਮ ਦੀਆਂ ਰੁਬਾਈਆਂ ਦੇ ਮੁਕਾਬਲੇ ਉਤੇ ਰੱਖ ਸਕਦੇ ਹਾਂ, ਪਰ ਏਸ ਨੂੰ ਦੀਵਾਨਿ-ਗ਼ਾਲਬ ਦੀ ਤਰ੍ਹਾਂ ਚੁਗਤਾਈ ਨਹੀਂ ਮਿਲਿਆ।

*ਕਿਹਾ ਜਾਂਦਾ ਹੈ, ਇਹ ਤਸਵੀਰ ਵੀ ਹਜ਼ੂਰ ਨੇ ਆਪ ਖਿਚਵਾਈ ਸੀ।



Digitized by Panjab Digital Library | www.panjabdigilib.org

# ਗੁਰਬਾਣੀ ਦਾ ਪਰਚਾਰ

ਹਰ ਕੌਮ ਆਪਣੇ ਧਾਰਮਿਕ ਗ੍ਰੰਥ ਦਾ ਪ੍ਰਚਾਰ ਕਰਨਾ ਚਾਹੁੰਦੀ ਹੈ ਤੇ ਓਹਦੀ ਬਦੌਲਤ ਵਧਦੀ ਫੁਲਦੀ ਹੈ। ਏਸੇ ਕਰ ਕੇ ਜ਼ਿਆਦਾ ਜ਼ੋਰ ਏਧਰ ਦਿਤਾ ਜਾਂਦਾ ਹੈ। ਪ੍ਰਚਾਰ ਲਈ ਟੀਕਿਆਂ ਤੇ ਤਫਸੀਰਾਂ ਦੀ ਲੋੜ ਹੋਂਦੀ ਹੈ। ਹੋਣੀ ਵੀ ਹੋਈ, ਜਿੰਨਾ ਚਿਰ ਆਪ ਖਲਕਤ ਨੂੰ ਖੋਲ੍ਹ ਕੇ ਸਮਝਾਇਆ ਹੀ ਨ ਜਾਏ, ਓਨਾ ਚਿਰ ਦਿਲ ਵਿਚ ਗੱਲ ਬੈਠਦੀ ਹੀ ਨਹੀਂ। ਜੇ ਲੋਕੀ ਅੰਧ ਵਿਸ਼ਵਾਸੀ ਬਣੇ ਰਹਿਣ ਤਾਂ ਪੁੱਠੇ ਰਾਹ ਪੈਣ ਦਾ ਖਤਰਾ ਹੀ ਖਤਰਾ ਹੋਂਦਾ ਹੈ।

ਜਿਨ੍ਹਾਂ ਗੁਰੂਆਂ ਬਾਣੀ ਉਚਾਰੀ, ਓਹਨਾਂ ਕਈ ਸ਼ਬਦ ਖਾਸ ਮੌਕਿਆਂ ਉੱਤੇ ਕਹੇ। ਅਜਿਹੀਆਂ ਕਈਆਂ ਗੱਲਾਂ ਦਾ ਭਾਵ, ਲੋਕੀ ਸਮਝ ਜਾਂਦੇ ਹਨ। ਵਕਤ ਦਾ ਪਤਾ ਹੋਂਦਾ ਹੈ ਪਈ ਏਥੇ ਕੀ ਕਹਿਣਾ ਹੈ। ਏਸ ਤਰ੍ਹਾਂ ਅਨਪੜ੍ਹ ਹੁੰਦਿਆਂ ਹੋਇਆਂ ਵੀ ਗੱਲ ਪੱਲੇ ਪੈ ਜਾਂਦੀ ਸੀ। ਦੂਜਾ ਜੋ ਸ਼ਬਦਾਂ ਵਿਚੋਂ ਲੈਣਾ ਸੀ, ਓਹ ਸਤਿਗੁਰਾਂ ਦੇ ਦਰਸ਼ਨ ਕਰ ਕੇ ਤੇ ਉਪਦੇਸ਼ ਸੁਣ ਕੇ ਦਿਲਾਂ ਉਤੇ ਅਸਰ ਹੋ ਜਾਂਦਾ ਸੀ। ਏਸ ਲਈ ਅਰਥਾਂ ਵਲ ਘਟ ਖਿਆਲ ਗਿਆ ਜਾਪਦਾ ਹੈ। ਬਾਣੀ ਦਾ ਮੁਦਾਅ ਸੀ ਲੋਕਾਂ ਨੂੰ ਸੁਧਾਰਨਾ ਸੋ ਓਹ ਪੂਰਾ ਹੋ ਜਾਂਦਾ ਸੀ।

ਜਿਹੜੀ ਬਾਣੀ, ਜੀਵਨ ਤੱਤ ਜਾਂ ਡੂੰਘਾਈਆਂ ਨੂੰ ਦਸਣ ਵਾਲੀ ਹੋਂਦੀ ਹੈ, ਓਹ ਨਵੇਕਲੇ ਬਹਿਕੇ ਲਿਖੀ ਜਾਂ ਕਹੀ ਜਾਂਦੀ ਹੈ ਤੇ ਮੁਸ਼ਕਲ ਹੋਂਦੀ ਹੈ। ਜਿਹੜੀ ਗੱਲ ਬਾਝ ਪੜ੍ਹਿਆਂ ਲਿਖਿਆਂ ਨਾਲ ਹੋਵੇ, ਓਹ ਵੀ ਕਿਸੇ ਹੱਦ ਤਕ ਔਖੀ ਹੋਂਦੀ ਹੈ। ਜਿਵੇਂ ਜਪੁ ਨੀਸਾਣ ਤੇ ਸਿੱਧ ਗੋਸ਼ਟ। ਅਜਿਹੀ ਬਾਣੀ ਦੇ ਓਸੇ ਵੇਲੇ ਟੀਕੇ ਹੋ ਜਾਣ ਤਾਂ ਚੰਗਾ ਹੋਂਦਾ ਹੈ, ਕਿਉਂਕਿ



Digitized by Panjab Digital Library | www.panjabdigilib.org

ਓਸ ਵੇਲੇ ਕਈ ਲੋਕ ਕਰਤਾ ਦੇ ਖਿਆਲਾਂ ਤੋਂ ਜਾਣੂ ਹੁੰਦੇ ਤੇ ਸਾਫ ਤਰ੍ਹਾਂ ਸਮਝਾ ਸਕਦੇ ਹਨ । ਸਾਡੇ ਵਿਚ ਅਜਿਹੇ ਸਿਆਣੇ ਤਾਂ ਓਹਨਾਂ ਸਮਿਆਂ ਵਿਚ ਜ਼ਰੂਰ ਸਨ, ਪਰ ਓਹਨਾਂ ਏਧਰ ਕਲਮਾਂ ਨਾ ਚੱਕੀਆਂ ।

ਦਸਵੇਂ ਪਾਤਸ਼ਾਹ ਨੂੰ ਬੁੜ ਭਾਸੀ । ਭਾਈ ਮਨੀ ਸਿੰਘ ਨੂੰ ਬਾਣੀ ਦੇ ਗੁੱਝੇ ਭੇਦ ਸਮਝਾਏ ਤੇ ਬੁਝਾਏ । ਸੰਪਰਦਾਈ ਅਰਥਾਂ ਦਾ ਮੁੱਢ ਬੱਝਾ, ਪਰ ਏਹਨਾਂ ਸੰਪਰਦਾਈ ਅਰਥਾਂ ਦਾ ਰਵਾਜ ਨ ਪਿਆ । ਇਕ ਤਾਂ ਸੰਗਤਾਂ ਮੁਲਕ ਬਚਾਉਣ ਵਲ ਝੁਕ ਗਈਆਂ ਸਨ । ਦੂਜਾ ਗੁਰਬਾਣੀ ਉਤੇ ਪੱਕਾ ਵਿਸ਼ਵਾਸ ਸੀ, ਅਰਥਾਂ ਦੀ ਖਾਸ ਲੋੜ ਮਹਿਸੂਸ ਨ ਹੋਈ ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ, ਮਹਾਂ ਵਿਦਵਾਨ ਭਾਈ ਸੰਤ ਸਿੰਘ ਗਿਆਨੀ ਨੇ, ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਕਰਨੀ ਆਰੰਭੀ । ਇਕ ਇਕ ਤੁਕ ਦੇ ਕਈ ਕਈ ਅਰਥ ਕੀਤੇ । ਵੇਲਾ ਅਮਨ ਦਾ ਸੀ । ਅਮਨ ਵੇਲੇ ਦਿਮਾਗੀ ਗੱਲਾਂ ਵਧਦੀਆਂ ਫੁਲਦੀਆਂ ਹਨ । ਸੋ ਏਹਨਾਂ ਅਰਥਾਂ ਕਰ ਕੇ ਗਿਆਨੀ ਜੀ ਦੀ ਕੀਰਤੀ ਫੈਲੀ । ਓਸ ਵਕਤ ਮਹਾਰਾਜਾ ਰਣਜੀਤ ਸਿੰਘ ਨੇ ਗੁਰਬਾਣੀ ਦੇ ਤਰਜਮੇ ਫਾਰਸੀ ਆਦਿ ਬੋਲੀਆਂ ਵਿਚ ਨ ਕਰਾਏ;ਜਿਨ੍ਹਾਂ ਦੇ ਘਾਟੇਕਰ ਕੇ ਆਮ ਮੁਸਲਮਾਨਾਂ ਵਿਚ ਤੇ ਅਫਗਾਨਿਸਤਾਨ ਵਗੈਰਾ ਦੀਆਂ ਸਰਕਾਰਾਂ ਨਾਲ ਸਾਡਾ ਪਰਚਾ ਨ ਪਿਆ । ਤਫਸੀਰਾਂ ਤੇ ਤਰਜਮਿਆਂ ਸਦਕਾ ਸਾਡੀਆਂ ਕਈ ਸਿਆਸੀ ਤੇ ਸਮਾਜੀ ਗੰਢਾਂ ਖੁਲ੍ਹ ਜਾਣੀਆਂ ਸਨ, ਜ ਨ ਖੁਲ੍ਹੀਆਂ । ਅਸਾਂ ਓਹ ਸੁਨਹਿਰੀ ਸਮਾਂ ਹੱਥੋਂ ਗਵਾਇਆ ।

ਰਾਜ ਖੁੱਸ ਗਿਆ । ਨਿਰਮਲੇ ਤੇ ਔਡਣ ਸ਼ਾਹੀਏ ਸੰਤ, ਆਪਣੇ ਢੰਗ ਦੇ ਅਰਥ ਕਰਦੇ ਰਹੇ ਤੇ ਕਰ ਰਹੇ ਹਨ । ਏਹ ਖਾਸ ਪ੍ਰਚਾਰ ਨਹੀਂ ਕਹਾ ਸਕਦਾ । ਕਈ ਤਰ੍ਹਾਂ ਦੀਆਂ ਤ੍ਰੁਟੀਆਂ ਹਨ । ਸਿੰਘ ਸਭਾ ਲਹਿਰ ਵੇਲੇ ਠੁਕ ਨਾਲ ਬਾਣੀ ਪੜ੍ਹਾਉਣ ਦਾ ਪ੍ਰਬੰਧ ਨਾ ਹੋਇਆ ।

ਅਕਾਲੀ ਲਹਿਰ ਵੇਲੇ ਨਿਤਨੇਮ ਦੀਆਂ ਬਾਣੀਆਂ ਦੇ ਟੀਕੇ ਹੋਏ । ਨਿਰਮਲੇ ਸੰਤਾਂ ਨੇ ਜਿਹਲਾਂ ਵਿਚ ਆਪਣੇ ਸਾਥੀ ਅਕਾਲੀ ਸਿੰਘਾਂ ਨੂੰ ਪੁਰਾਣੇ ਢੰਗ ਦੇ ਅਰਥ ਸੁਣਾਏ । ਇੰਜ ਥੋੜ੍ਹਾ ਜਿਹਾ ਪ੍ਰਚਾਰ ਹੋਇਆ

ਪੁਰਾਣੇ ਗਿਆਨੀਆਂ ਦੀ ਬੋਲੀ, ਆਮ ਭਾਸ਼ਾ ਤੋਂ ਦੁਰਾਡੀ ਹੋਂਦੀ ਹੈ। ਵਿਦਿਆਰਥੀ ਦੀ ਸਮਝੋ ਘੱਟ ਪੈਂਦੀ ਹੈ। ਇਕ ਇਕ ਤੁਕ ਦੇ ਕਈ ਕਈ ਅਰਥ ਕਰਨ ਨਾਲ ਵਿਦਿਆਰਥੀ ਦੇ ਦਿਮਾਗ਼ ਵਿਚ ਝਮੇਲਾ ਪੈ ਜਾਂਦਾ ਹੈ। ਸਾਰਕੁਤਾਵਲੀ, ਵਿਚਾਰ ਮਾਲਾ ਤੇ ਭਾਵਰ ਸਾਮ੍ਰਿਤ ਪੜ੍ਹਾ ਕੇ, ਜਪੁਜੀ ਜਿਹੀ ਗੂੜ੍ਹ ਬਾਣੀ ਪੜ੍ਹਾਉਣੀ ਸ਼ੁਰੂ ਕਰ ਦੇਂਦੇ ਹਨ। ਦਸ ਵਰ੍ਹੇ ਦੇ ਬਾਲਕ ਤੇ ਚਾਲੀ ਸਾਲ ਦੇ ਤਜਰਬਾਕਾਰ ਨੂੰ ਇਕੋ ਚੱਕੀ ਵਿਚ ਝੋਇਆ ਜਾਂਦਾ ਹੈ। ਅਰਥਾਂ ਵੇਲੇ ਸ਼ਬਦਾਂ ਦੀ ਭੂਮਿਕਾ ਵਿਚ ਦੇਸ ਦੀ ਸਮਾਜਿਕ, ਆਰਥਿਕ ਤੇ ਪੋਲੀਟੀਕਲ ਹਾਲਤ ਨਹੀਂ ਦਖਾਉਂਦੇ। ਪੁਰਾਣਿਕ ਸਾਖੀਆਂ ਤੋਂ ਛੁਟ ਇਤਿਹਾਸਕ ਹਵਾਲੇ ਆਦਿ ਨਾਂ ਮਾਤ੍ਰ ਹੀ ਹੋਦੇ ਹਨ। ਪੜ੍ਹਾਉਣ ਲੱਗਿਆਂ ਦਲੀਲ ਤੋਂ ਕੰਮ ਘੱਟ ਹੀ ਲੀਤਾ ਜਾਂਦਾ ਹੈ। ਗਰੈਮਰ ਤੇ ਬੋਲੀ ਦੇ ਲਿਹਾਜ਼ ਨਾਲ ਅਰਥ ਨਹੀਂ ਕੀਤੇ ਜਾਂਦੇ। ਏਹਨਾਂ ਘਾਟਿਆਂ ਕਰਕੇ ਅਰਥਾਂ ਵਿਚ ਚਮਕ ਨਹੀਂ ਆਉਂਦੀ। ਸੋ ਵਿਦਿਆਰਥੀਆਂ ਦੇ ਦਿਮਾਗ਼ ਵਿਚ ਅਰਥ ਘਰ ਨਹੀਂ ਕਰਦੇ।

ਗੁਰਬਾਣੀ ਦੇ ਹਰ ਜ਼ਬਾਨ ਵਿਚ ਤਰਜਮੇ ਨਹੀਂ ਹੋਏ। ਅੰਗ੍ਰੇਜ਼ੀ ਵਿਚ ਟ੍ਰੰਪ ਸਾਹਿਬ ਨੇ ਉਦਮ ਕੀਤਾ ਸੀ। ਕੁਝ ਸ਼ਬਦ ਮੈਕਾਲਿਫ ਨੇ ਵੀ ਤਰਜਮਾਏ ਹਨ। ਏਧਰ ਅੰਗ੍ਰੇਜ਼ੀ ਪੜ੍ਹੇ ਹੋਏ ਸਿਖ ਸਜਨਾਂ ਨੂੰ ਧਿਆਨ ਦੇਣਾ ਚਾਹੀਦਾ ਹੈ। ਪ੍ਰਚਾਰ ਲਈ ਹਰ ਬੋਲੀ ਵਿਚ ਤਰਜਮਿਆਂ ਦੀ ਜ਼ਰੂਰਤ ਹੈ। ਖਾਸ ਕਰ ਹਿੰਦੁਸਤਾਨੀ ਤੇ ਹਿੰਦੀ ਵਿਚ ਤਰਜਮਾ ਬੜਾ ਕਾਰਗਰ ਹੋ ਸਕਦਾ ਹੈ। ਗੁਰਬਾਣੀ ਪੜ੍ਹਾਉਣ ਦਾ ਤ੍ਰੀਕਾ, ਧਰਮਸਾਲਾਂ ਵਿਚੋਂ ਬਦਲ੍ਹਣਾ ਚਾਹੀਦਾ ਹੈ। ਭਾਈ ਗੁਰਦਾਸ ਦੀਆਂ ਸੁਖਾਲੀਆਂ ਵਾਰਾਂ ਪੜ੍ਹਾ ਕੇ ਫੇਰ ਚੋਣਵੇਂ ਸਬਦਾਂ ਦੀ ਸੰਥਾ ਹੋਣੀ ਚਾਹੀਦੀ ਹੈ। ਭਾਈ ਗੁਰਦਾਸ ਦੀ ਦਸਵੀਂ ਵਾਰ ਪੜ੍ਹਾਉਣ ਨਾਲ, ਪੁਰਾਣਿਕ ਹਵਾਲਿਆਂ ਦੇ ਵੇਰਵੇ, ਘੁੰਡੀਆਂ ਖੋਲ੍ਹ ਜਾਣਗੇ। ਏਸੇ ਤਰ੍ਹਾਂ ਫਲਸਫੇ, ਰਾਜਨੀਤੀ ਆਦਿ ਅੱਡਰਿਆਂ ਅੱਡਰਿਆਂ ਵਿਸ਼ਿਆਂ ਦੇ ਸ਼ਬਦਾਂ ਦੇ ਤਰਜਮੇ, ਅੱਡ ਅੱਡ ਪੋਥੀਆਂ ਵਿਚ ਹੋਣ, ਤਾਂ ਜੋ ਪੜ੍ਹਨ ਵਾਲਿਆਂ ਵਿਚ ਹੋਣ, ਤਾਂ ਜੋ ਪੜ੍ਹਣ ਵਾਲਿਆਂ ਨੂੰ ਆਪਣੇ ਮੱਸ ਦਾ ਮਸਾਲਾ ਮਿਲ ਜਾਏ ਤੇ ਬਹੁਤੀ ਵੱਡੀ ਪੋਥੀ



Digitized by Panjab Digital Library | www.panjabdigilib.org

ਦੇਖਕੇ ਪੜ੍ਹਣੋਂ ਨ ਘਬਰਾਉਣ। ਈਕੁਣ ਦੀਆਂ ਪੋਥੀਆਂ ਵਾਚਣ ਨਾਲ ਪੜ੍ਹੇ ਸਜਣ ਨੂੰ ਪਤਾ ਲੱਗ ਜਾਏਗਾ, ਪਈ ਉਹਦੇ ਆਪਣੇ ਘਰ ਵਿਚ ਵੀ ਅਖੁੱਟ ਭੰਡਾਰ ਹੈ।

ਏਸੇ ਤਰ੍ਹਾਂ ਗੁਰਬਾਣੀ ਦੇ ਵਖਰਿਆਂ ਵਿਸ਼ਿਆਂ ਉਤੇ ਵਧੀਆ ਲੇਖ ਰਸਾਲਿਆਂ ਵਿਚ ਛਪਣੇ ਚਾਹੀਦੇ ਹਨ। ਇਕ ਇਕ ਤੁਕ ਉਤੇ ਲੇਖ ਲਿਖਣ ਨਾਲ ਵੀ ਚਰਚਾ ਹੋਂਦੀ ਰਹੇਗੀ। ਬਾਣੀ ਵਿਚੋਂ ਅਖਾਣ ਜਾਂ ਅਟੱਲ ਸਚਾਈਆਂ ਇਕੱਠੀਆਂ ਕਰ ਕੇ ਛਾਪੀਆਂ ਜਾਣ। ਜਿਨ੍ਹਾਂ ਦੀ ਰੋਸ਼ਨੀ ਵਿਚ ਪ੍ਰਚਾਰਕ ਤੇ ਲੇਖਕ ਆਪਣੀ ਕਹਿਣੀ ਤੇ ਲਿਖਤ ਨੂੰ ਸਵਾਰਨ। ਗੁਰਬਾਣੀ ਦੇ ਪ੍ਰਚਾਰ ਲਈ ਚਿਤ੍ਰਕਾਰ ਬੜਾ ਕੁਝ ਕਰ ਸਕਦੇ ਹਨ। ਕਿਉਂਕਿ ਤੁਕਾਂ ਦੇ ਭਾਵ ਤਸਵੀਰਾਂ ਰਾਹੀਂ ਦਿਖਾਉਣ ਨਾਲ ਅਨਪੜ੍ਹ ਤੇ ਪੜ੍ਹੇ ਹੋਏ ਰਾਹੇ ਪੈ ਸਕਦੇ ਹਨ।

---



Digitized by Panjab Digital Library | www.panjabdigilib.org

# ਗੁਰਬਾਣੀ ਤੇ ਚਿਤ੍ਰ ਕਲਾ

ਆਰੀਆਂ ਨੇ ਵੇਦਾਂ ਵਿਚ ਮੂਰਤੀ ਸ਼ਬਦ ਲਿਆਂਦਾ, ਜਿਸ ਤੋਂ ਜ਼ਾਹਿਰ ਹੈ ਕਿ ਬੁਤ ਘੜਨੀ ਵਿੱਦਿਆ ਤੇ ਮਸਵੱਰੀ ਨਾਲ ਪਿਆਰ ਸੀ, ਪਰ ਓਹਨਾਂ ਨੇ ਵੇਦ ਮੰਤਰਾਂ ਨੂੰ ਮੁਸੱਵਰੀ ਵਿਚ ਨ ਲਿਆਂਦਾ। ਵੇਦਾਂ ਦੇ ਟੀਕੇ ਕੀਤੇ, ਖੋਲ੍ਹ ਕੇ ਅਰਥ ਲਿਖੇ, ਡੂੰਘੇ ਭਾਵ ਦੱਸੇ, ਪਰ ਚਿਤ੍ਰਕਾਰੀ ਰਾਹੀਂ, ਭਾਵ ਜ਼ਾਹਿਰ ਨ ਕੀਤੇ। ਹੁਨਰ ਉਤੇ ਮੋਹਰ ਨ ਲਗੀ ਤੇ ਇਸ ਤੋਂ ਫ਼ਾਇਦਾ ਨ ਲਿਆ ਗਿਆ।

ਸਦੀਆਂ ਬੀਤ ਗਈਆਂ, ਬੁਧ ਦਾ ਜ਼ਮਾਨਾ ਆ ਗਿਆ। ਚਿਤ੍ਰਕਾਰੀ ਨੇ ਅਜੰਤਾ ਨੂੰ ਚਾਰ ਚੰਨ ਲਾਏ। ਇਸ ਵੇਲੇ ਵੀ ਬੁੱਧ ਜੀ ਦੀ ਜੀਵਨੀ ਹੀ ਚਿਤ੍ਰੀ ਗਈ, ਓਹਨਾਂ ਦੇ ਧਾਰਮਿਕ ਭਾਵਾਂ ਨੂੰ ਨ ਮੁਸੱਵਰਿਆ ਗਿਆ ਤੇ ਗ੍ਰੰਥਾਂ ਨੂੰ ਵੀ ਚਿਤ੍ਰਕਾਰੀ ਰਾਹੀਂ ਸੁਖਾਲਾ ਨ ਬਣਾਇਆ ਗਿਆ। ਜੀਵਨੀ ਤੇ ਧਰਮ ਗ੍ਰੰਥਾਂ ਦੇ ਭਾਵ ਦੱਸਣ ਵਿਚ, ਚੋਖਾ ਫਰਕ ਹੈ। ਏਹੋ ਹੀ ਗੱਲ ਜੈਨੀਆਂ ਵਿਚ ਆਈ। ਓਹਨਾਂ ਵੀ ਸ੍ਰੀ ਮਹਾਂ ਵੀਰ ਸਵਾਮੀ ਦੀ ਜੀਵਨੀ ਚਿਤਰੀ, ਪਰ ਜਨਤਾ ਸਾਹਵੇਂ ਆਪਣੇ ਧਾਰਮਿਕ ਭਾਵ ਨ ਚਿਤਰੇ। ਹੁਨਰ ਨੂੰ ਡੂੰਘਿਆਂ ਭਾਵਾਂ ਨਾਲ ਨ ਸਮੋਇਆ। ਦਿਮਾਗ਼ ਨੂੰ ਉੱਡਣ ਵਾਸਤੇ ਖੁਲ੍ਹਾ ਅਕਾਸ਼ ਨ ਮਿਲਿਆ ਤੇ ਮਨੁਖ ਬਿਰਤੀ ਇਕ ਘੇਰੇ ਵਿਚ ਘਿਰ ਗਈ। ਵਿਦਵਾਨਾਂ ਤੇ ਰਸੀਆਂ ਨੂੰ, ਇਕ ਅੰਦਰੋਂ ਅੰਦਰ ਝਰਨ ਵਾਲਾ ਰਸ ਨ ਮਿਲਿਆ। ਦਿਲਾਂ ਦੀਆਂ ਗੱਲਾਂ ਦਿਮਾਗਾਂ ਨੇ ਨ ਸੁਣੀਆਂ। ਗੱਲ ਕੀ, ਮੁਸੱਵਰੀ ਤੇ ਕਵਿਤਾ ਦਾ ਮੇਲ ਘਟ ਹੀ ਹੋਇਆ। ਸਿਆਣਾ ਤਬਕਾ, ਜਿਸ ਤੋਂ ਕੌਮ ਨੇ ਸੂਝ ਤੇ ਸੋਚ ਲੈਣੀ ਸੀ, ਓਸ ਦੇ ਦਿਮਾਗ਼ ਨੂੰ ਹੁਨਰ ਗੜੁੱਚੀ ਮੁਸੱਵਰੀ ਦੀ ਖ਼ੁਰਾਕ ਘਟ ਹੀ ਮਿਲੀ। ਇਸ ਤਰ੍ਹਾਂ

ਮੇਰੇ ਭਾਰਤ ਵਿਚ ਇਕ ਤਰ੍ਹਾਂ ਦੀ ਸੋਚ ਸ਼ਕਤੀ ਘਟ ਗਈ।

ਸਿੱਖਾਂ ਨੇ ਵੀ ਜਨਮ ਸਾਖੀ ਦੀਆਂ ਮੂਰਤਾਂ ਉਤੇ ਹੀ ਦੱਬ ਦੇਈ ਰਖੀ। ਗੁਰਬਾਣੀ ਦੀਆਂ ਡੂੰਘਾਈਆਂ ਤਾਂ ਛਡੀਆਂ, ਸਾਫ ਅਰਥਾਂ ਵਾਲੇ ਸ਼ਬਦਾਂ ਨੂੰ ਵੀ ਨ ਖਿਚਿਆ। ਹਰ ਤਰ੍ਹਾਂ ਦੀ ਸੂਝ ਦੇ ਮਾਲਕ ਮਹਾਰਾਜਾ ਰਣਜੀਤ ਸਿੰਘ ਦੀ ਵੀ ਅਖ ਏਸ ਪਾਸੇ ਨ ਪਈ। ਸਿੱਖ ਮੁਸੱਵਰ, ਆਪਣੇ ਰਾਜ ਦੀ ਰੌਸ਼ਨੀ ਵੇਲੇ, ਅੱਖਾਂ ਮੀਟੀ ਬੈਠੇ ਰਹੇ।

ਅੱਜ ਕਲ ਮੁਸੱਵਰ, ਸ਼ਾਇਰਾਂ ਦੀ ਸੇਵਾ ਕਰ ਰਹੇ ਹਨ। ਉਮਰ ਖ਼ਿਆਮ ਦਾ ਤਸਵੀਰਾਂ ਕਰ ਕੇ ਬਹੁਤਾ ਪ੍ਰਚਾਰ ਹੋਇਆ ਹੈ। ਚੁਗ਼ਤਾਈ ਸਾਹਿਬ ਨੇ ਮਹਾਂ ਕਵੀ ਗ਼ਾਲਿਬ ਦੀ ਸੋਚ-ਉਡਾਰੀ ਨੂੰ ਅਗੇ ਨਾਲੋਂ ਵਧੇਰੇ ਅਰਸ਼ੇ ਚਾੜ੍ਹਿਆ ਹੈ। ਸਰਦਾਰ ਸੋਭਾ ਸਿੰਘ ਜੀ ਨੇ ਇਤਿਹਾਸਕ ਗੁਰੂ ਮੂਰਤਾਂ ਖਿਚੀਆਂ ਹਨ। ਨੂਰ ਜਹਾਨ ਦੀ ਪ੍ਰਸਿਧ ਇਤਿਹਾਸਕ ਘਟਨਾ, ਏਹਨਾਂ ਦੇ ਬੁਰਸ਼ ਦਾ ਚਮਤਕਾਰ ਸੀ। ਏਹਨਾਂ ਵੀ ਗੁਰਬਾਣੀ ਨੂੰ ਨਹੀਂ ਚਿਤਰਿਆ। ਗੁਰਬਾਣੀ ਵਲ ਸਭ ਤੋਂ ਪਹਿਲਾਂ, ਨੌਜਵਾਨ ਆਰਟਿਸਟ ਸਰਦਾਰ ਈਸ਼ਰ ਸਿੰਘ ਦਾ ਧਿਆਨ ਗਿਆ। ਆਪ ਨੇ ਜਲ-ਰੰਗੀ (ਵਾਟਰ ਕਲਰ) ਤਸਵੀਰ ਬਣਾਈ, ਤੁਕ ਹੈ, "ਕਿਤੀ ਜੋਬਨ ਪ੍ਰੀਤ ਬਿਨ ਸੁਕ ਗਏ ਕੁਮਲਾਇ" ਜੂਨ ਸੰਨ ੧੯੪੪ ਦੇ ਕੁੰਦਨ ਵਿਚ ਤਸਵੀਰ ਸੀ, "ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ॥ ਬਾਵਲਿ ਹੋਈ ਸੋ ਸਹੁ ਲੋਰਉ॥" ਜਸਵੰਤ ਸਿੰਘ ਜੀ ਨੇ ਵੀ "ਨੌ ਕਲੀਆ ਹਾਰ" ਕਿਤਾਬ ਵਿਚ ਤੁਕਾਂ ਉਤੇ ਤਸਵੀਰਾਂ ਦਿੱਤੀਆਂ ਹਨ, ਪਰ ਓਹ ਭਾਵ ਨੂੰ ਜ਼ਿਆਦਾ ਸਾਫ ਨਹੀਂ ਕਰ ਸਕੀਆਂ, ਹਾਂ, ਆਰਟਿਸਟ ਸਾਹਿਬ ਨੇ ਨਿਧੜਕ ਹੋਕੇ ਕਦਮ ਚੁਕਿਆ ਹੈ। ਏਸ ਲਈ ਦਾਦ ਦੇ ਓਹ ਹਕਦਾਰ ਜ਼ਰੂਰ ਹਨ।

ਤੁਕਾਂ ਨੂੰ ਰੰਗਣ ਵੇਲੇ, ਖਿਆਲ ਤੇ ਸੂਝ ਦੀ ਬੜੀ ਲੋੜ ਹੈ। ਨਾਲ ਹੀ ਰਸੇ ਹੋਏ ਬੁਰਸ਼ ਦੀ ਜ਼ਰੂਰਤ ਹੈ। ਨੌ-ਜਵਾਨ ਜਥੇ ਵਿਚੋਂ, ਸਰਦਾਰ ਸੋਹਣ ਸਿੰਘ ਆਰਟਿਸਟ ਨੇ ਤੁਕ ਰੰਗੀ ਹੈ। "ਨਮੋ ਅੰਧਕਾਰੇ" ਇਸ ਤਸਵੀਰ ਵਿਚ ਖਿਆਲ ਤੇ ਰੰਗ ਦਾ ਬੜਾ ਸੋਹਣਾ ਮੇਲ ਹੋ ਗਿਆ ਹੈ। ਸ਼ੇਅਰਾਂ ਦੀਆਂ ਮੂਰਤਾਂ ਉੱਤੇ, ਕਈ ਵਾਰ ਖਿਆਲੀ ਪੜਦੇ ਪੈ



Digitized by Panjab Digital Library | www.panjabdigilib.org

ਜਾਂਦੇ ਹਨ ਤੇ ਸ਼ੇਅਰ ਦਾ ਭਾਵ ਢਕਿਆ ਜਾਂਦਾ ਹੈ। ਸੂਝੀਆ ਹੁਨਰਕਾਰ, ਖਿਆਲਨੂੰ ਸਾਫ ਕਰ ਜਾਂਦਾ ਹੈ। ਸੋਹਣ ਸਿੰਘ ਜੀ ਗੁਰਬਾਣੀ ਦੇ ਖਿਆਲ ਨੂੰ ਸਪਸ਼ਟ ਕਰ ਗਏ ਹਨ। ਮੁਸੱਵਰ ਦਾ ਭਾਵ, ਹਰ ਬੋਲੀ ਸਮਝਣ ਵਾਲਾ ਸਮਝ ਜਾਂਦਾ ਹੈ।

ਏਥੋ "ਨਮੋ ਅੰਧਕਾਰੇ" ਦੇ ਦਰਸ਼ਨ ਕਰਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਡੂੰਘੀਆਂ ਸ਼ਾਮਾਂ ਵੇਲੇ ਪਹਾੜਾਂ ਦੀਆਂ ਚੋਟੀਆਂ ਉੱਤੇ, ਅਨ੍ਹੇਰਾ ਛਾ ਗਿਆ ਹੈ। ਡੂੰਘਾਈਆਂ ਵਿਚ ਬਹੁਤ ਹੀ ਕਾਲੋਂ ਵਰਤ ਗਈ ਹੈ। ਏਸ ਰੰਗ ਵਿਚ ਇਨੀ ਕੋਮਲਤਾ ਆਈ ਹੈ ਕਿ ਅਨ੍ਹੇਰੇ ਨਾਲ ਵੀ, ਜੀਅ ਬੋਲਣ ਤੇ ਕਰਦਾ ਹੈ। ਹੇਠਾਂ ਇਕ ਸਾਉਲੀ ਖੱਡ ਵਹਿ ਰਹੀ ਹੈ ਜੋ ਅਨ੍ਹੇਰੇ ਦੇ ਤਲਿਸਮ ਨੂੰ ਚਾਰ ਚੰਨ ਲਾ ਰਹੀ ਹੈ। ਰੰਗਾਂ ਵਿਚ ਕੋਮਲਤਾ ਆ ਗਈ ਹੈ। ਅਨ੍ਹੇਰੇ, ਅਜਿਹਾ ਭਾਵ ਭਰਿਆ ਹੈ ਕਿ ਦਿਲ ਆਪਣੇ ਆਪ ਇਸ ਨੂੰ ਨਮਸਕਾਰ ਕਰਦਾ ਹੈ।

ਤੁਕਾਂ ਦੀਆਂ ਤਸਵੀਰਾ ਦੋ ਤਰ੍ਹਾਂ ਦੀਆਂ ਹੋ ਸਕਦੀਆਂ ਹਨ। ਪਹਿਲੀ ਕਿਸਮ ਦਾ ਨਾਂ ਲਫ਼ਜ਼ੀ ਜਾਂ ਸਿੱਧੀ ਤਸਵੀਰ ਰਖ ਸਕਦੇ ਹਾਂ। ਜਿਹੜੀਆਂ ਤੁਕਾਂ ਦੇ ਲਫਜ਼ ਇੰਨ ਬਿੰਨ ਰੰਗੇ ਜਾਣ, ਓਹ ਲਫਜ਼ੀ ਕਹਾ ਸਕਦੀਆਂ ਹਨ, ਜਿਸ ਤਰ੍ਹਾਂ ਹਠਲੀਆਂ ਤੁਕਾਂ—

"ਮੋਰ ਪਪੀਹ ਬੋਲਦੇ ਵੇਖ ਬਦਲ ਕਾਲੇ ॥"
"ਅਜ ਫਰੀਦੇ ਕੂਜੜਾ ਸੈ ਕੋਹਾਂ ਥੀਓਮਿ ॥"
"ਸਿਰ ਕੰਪੈ ਪਗ ਡਗ ਮਗੈ ਨੈਣ ਜੋਤਿ ਤੇ ਹੀਨ ॥"
"ਜਿਹ ਸਿਰ ਰਚਿ ਰਚਿ ਬਾਂਧਤ ਪਾਗ ॥
ਸੋ ਸਿਰ ਚੁੰਚ ਸਵਾਰਹਿ ਕਾਗ ॥"
"ਮੱਦ ਵਿਚ ਰਿੱਧਾ ਪਾਇਕੈ ਕੁਤੇ ਦਾ ਮਾਸ ॥
ਧਰਿਆ ਮਾਣਸ ਖੋਪਰੀ ਤਿਸ ਮੰਦੀ ਵਾਸ ॥"

ਉਪਰਲੀਆਂ ਤੁਕਾਂ ਦੀਆਂ ਤਸਵੀਰਾਂ ਸਾਫ ਬਣੀਆਂ ਹੋਈਆਂ ਹਨ। ਚਿਤ੍ਰਕਾਰ ਨੇ ਆਪਣੇ ਤਜਰਬੇ ਤੇ ਹੁਨਰੀ ਸਮਝ ਨਾਲ ਸੋਹਣਾ ਬਣਾਉਣਾ ਹੈ। ਭਾਈ ਸਾਹਿਬ ਦੀ ਪਉੜੀ ਹੀ ਸਾਫ ਰੰਗੀ ਜਾ ਸਕਦੀ

ਹੈ । ਓਹ ਅੰਤਲੀ ਤੁਕ "ਨਦਰੀ ਪਵੈ ਅਕਿਰਤਘਨ ਮਤ ਹੋਇ ਵਿਣਾਸ" ਸਾਰੀ ਗੱਲ ਨੂੰ ਆਪਣੇ ਆਪ ਯਾਦ ਕਰਾ ਦੇਂਦੀ ਹੈ ਤੇ ਨ ਜਾਨਣ ਵਾਲਿਆਂ ਦਾ ਸਹਿਮ ਪਾ ਦੇਂਦੀ ਹੈ।

ਲਫਜ਼ੀ ਤੁਕਾਂ ਵਿਚ ਵੀ, ਅਸੀਂ ਹੇਠ ਲਿਖੀਆਂ ਪੁਰਾਣਿਕ ਤੇ ਇਤਿਹਾਸਕ ਤੁਕਾਂ ਰਖ ਸਕਦੇ ਹਾਂ—

"ਰੋਵਹਿ ਰਾਮ ਨਿਕਾਲਾ ਭਇਆ ॥
ਸੀਤਾ ਲਛਮਨ ਵਿਛੜ ਗਇਆ ॥
ਰੋਵਹਿ ਦਹਸਿਰ ਲੰਕ ਗਵਾਇ ॥
ਜਿਨ ਸੀਤਾ ਆਂਦੀ ਡਉਰੂ ਵਾਇ ॥"

ਭਾਈ ਗੁਰਦਾਸ ਦੀ ਦਸਵੀਂ ਵਾਰ ਦੀਆਂ ਕਈ ਪਉੜੀਆਂ ਤੇ ਤੁਕਾਂ ਦੀਆਂ ਬਣ ਸਕਦੀਆਂ ਹਨ । ਏਹ ਮੂਰਤਾਂ ਹਿੰਦੂ ਸਿਖ ਮਿਲਾਪ ਵ ਸਤੇ ਵੀ ਚੰਗਾ ਕੰਮ ਦੇ ਸਕਦੀਆਂ ਹਨ ।

ਇਤਿਹਾਸਕ ਤੁਕਾਂ ਵੀ ਵੇਖੋ—

"ਅਸੰਖ ਗਲ ਵਢਿ ਹੱਤਿਆ ਕਮਾਹਿ ॥
ਅਸੰਖ ਪਾਪੀ ਪਾਪ ਕਰ ਜਾਹਿ ॥"

ਅੱਜ ਤੋਂ ਪੰਜ ਸੌ ਸਾਲ ਪਹਿਲਾਂ ਦੀ ਤਸਵੀਰ ਖਿੱਚੀ ਹੋਈ ਹੈ । ਜਦੋਂ ਧਾਵੇ ਹੋਦੇ ਤੇ ਲੁਟ ਮਾਰ ਕਰਕੇ ਜਰਵਾਣ ਮੁੜ ਜਾਂਦੇ ਸਨ । ਬਾਬਰ ਦੇ ਕਹਿਰ ਦੀ ਤਸਵੀਰ ਏਸ ਤੁਕ ਵਿਚ ਵੇਖੋ—

"ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨਾ ਆਇਆ ॥"

ਬਾਬਰੀ ਦਲ ਕਟਾ-ਵਢ ਕਰ ਰਹੇ ਹੋਣ, ਲੋਥਾਂ ਤੇ ਤੜਫਦੇ ਧੜ ਪਏ ਹੋਣ ਤੇ ਸਾਹਿਬ, ਸਾਈਂ ਪਾਸੋਂ ਗੁੱਸੇ ਦੇ ਲਹਿਜੇ ਵਿਚ ਪੁਛ ਰਹੇ ਹੋਣ । ਸਾਰਾ ਸ਼ਬਦੋਂ ਪੜ੍ਹ ਕੇ ਪੂਰਾ ਇਤਿਹਾਸ ਮਿਲ ਜਾਂਦਾ ਹੈ ਤੇ ਤਸਵੀਰ ਅਣੋਖੀ ਬਣਦੀ ਹੈ ।ਏਹੋ ਜਿਹੀ ਤਸਵੀਰਵਿਚੋਂ ਕਈ ਭਾਵ ਨਿਕਲਦੇ ਹਨ । ਗੁਰੂਨਾਨਕ ਦੇਵ ਦੀ ਗਰੀਬਾਂ ਨਾਲ ਹਮਦਰਦੀ ਚੋ ਚੋ ਪੈਂਦੀ ਹੈ । ਏਸ ਤੁਕ



Digitized by Panjab Digital Library | www.panjabdigilib.org

ਜਾਂ ਮੂਰਤ ਵਿਚ ਸਾਡੀ ਬੁਨਿਆਦੀ ਨਿਡਰਤਾ ਹੈ। ਏਹ ਸਾਡਾ ਹਤਿਆਰੇ ਰਾਜਾ ਵਿਰੁਧ, ਅਕਾਸ਼ ਹਿਲਾਊ ਨਾਅਰਾ ਹੈ। ਏਹ ਤਸਵੀਰ ਮੁਸਲਿਮ ਭਾਈਆਂ ਦੇ ਖਿਲਾਫ ਨਹੀਂ ਜਾ ਸਕਦੀ। ਬਾਬਰ ਕੋਈ ਖਲੀਫਾ ਨਹੀਂ ਸੀ। ਓਹ ਰਾਜ ਵਾਸਤੇ ਹਿੰਦ ਵਿਚ ਆਇਆ ਸੀ। ਜਿਸ ਤਰ੍ਹਾਂ ਆਰੀਆਂ ਨੇ ਹਾਰਿਆਂ ਉਤੇ ਰੋਅਬ ਜਮਾਇਆ, ਈਕੁਣ ਹੀ ਬਾਬਰ ਨੇ ਹਿੰਦੂਆਂ ਤੇ ਵਸ ਰਹੇ ਹਿੰਦੀ ਮੋਮਨਾਂ ਉੱਤੇ ਜਬ੍ਹਾ ਜਮਾਇਆ। ਓਸ ਵਕਤ ਇਕ ਦਰਦੀ ਆਤਮਾ ਫੜਕ ਉਠੀ, ਓਸ ਫੜਕਾਹਟ ਨੂੰ ਅਸਾਂ ਚਿਤ੍ਰਨਾ ਹੈ। ਗੁਰ ਦੇਵ ਦਾ ਕੈਰੈਕਟਰ ਏਸ ਤੁਕ ਵਿਚ ਹੈ, ਜੋ ਤਸਵੀਰ ਰਾਹੀਂ ਸਾਫ ਸਾਫ ਨਜ਼ਰ ਪਏਗਾ। ਗੁਰੂ ਬਾਬੇ ਦੀ ਠੀਕ ਮੂਰਤ, ਨਿਰਾ ਸੀਸ ਗਿਰਦ ਨੂਰਾਨੀ ਚੱਕਰ ਦਿਤਿਆਂ ਹੀ ਨਹੀਂ ਬਣਦੀ, ਸਗੋਂ ਇਤਿਹਾਸਕ ਤੁਕਾਂ ਦੀਆਂ ਤਸਵੀਰਾਂ ਵਿਚ ਵੀ ਏਹ ਸੋਹਣੀ ਖਿਚੀ ਜਾ ਸਕਦੀ ਹੈ, ਜਿਹਾ ਕੁ:—

ਮੇਰਾ ਮਨ ਲੋਚੈ ਗੁਰ ਦਰਸ਼ਨ ਤਾਈ,
ਬਿਲਪ ਕਰੈ ਚਾਤ੍ਰਿਕ ਕੀ ਨਿਆਈ॥

ਹਿੰਦਵਾਨੀ ਕਲਮ ਨੇ ਸ੍ਰੀ ਰਾਧਾ ਦੇ ਵਿਜੋਗ ਦਾ ਬੜਾ ਜ਼ੋਰ ਦਿਖਾਇਆ ਹੈ। ਗੁਰਬਾਣੀ ਦਾ ਚਿਤ੍ਰਕਾਰ, ਗੁਰਦੇਵ—ਪਿਤਾ ਦੇ ਵਿਜੋਗ ਵਿਚ, ਛੋਟੀ ਉਮਰ ਦੇ ਬਾਲਕ ਨੂੰ ਵਿਆਕੁਲ-ਨਾਚ ਨਚਦਾ ਦਿਖਾ ਸਕਦਾ ਹੈ। ਏਹ ਤਕਰੀਬਨ ਨਵਾਂ ਮਜ਼ਮੂਨ ਹੈ।

ਦੂਜੀ ਕਿਸਮ ਦੀਆਂ ਤਸਵੀਰਾਂ ਨੂੰ ਦਿਮਾਗੀ ਮੂਰਤਾਂ ਕਿਹਾ ਜਾ ਸਕਦਾ ਹੈ। ਹੁਨਰਕਾਰ ਨੂੰ ਅਰਥ ਆਉਣੇ ਚਾਹੀਦੇ ਹਨ। ਅੱਛੀ ਤਰ੍ਹਾਂ ਸਮਝਣਾ ਚਾਹੀਦਾ ਹੈ ਤੇ ਭਾਵ ਨੂੰ ਦਿਮਾਗੀ ਤੇ ਹੁਨਰੀ ਸਾਣ ਉੱਤੇ ਲਾ ਕੇ, ਕੰਮ ਕਰਨਾ ਚਾਹੀਦਾ ਹੈ। ਕਈ ਵਾਰੀ ਅਜੇਹੇ ਭਾਵ ਦੱਸੇ ਜਾ ਸਕਦੇ ਹਨ, ਜੋ ਗਿਆਨੀਆਂ ਤੇ ਪ੍ਰੋਫੈਸਰਾਂ ਦੇ ਚਿਤ ਚੇਤੇ ਨਹੀਂ ਹੋਂਦੇ। ਏਹਨਾਂ ਤਸਵੀਰਾਂ ਰਾਹੀਂ ਗੁਰਬਾਣੀ ਦਾ ਪ੍ਰਚਾਰ ਪੜ੍ਹਿਆਂ ਲਿਖਿਆਂ ਵਿਚ ਹੋ ਸਕਦਾ ਹੈ। ਅੱਜ ਕੱਲ ਦੇ ਨੌਜਵਾਨਾਂ ਨੇ ਏਸ ਕਿਸਮ ਦੀਆਂ ਤਸਵੀਰਾਂ ਵੀ ਖਿਚੀਆਂ ਹਨ। ਸ਼ਾਇਰਾਨਾ—ਭਾਵ ਨਾਲ ਗੜੁੱਚੀ ਹੋਈ ਤਸਵੀਰ, ਭਾਈ ਸੋਹਣ ਸਿੰਘ



Digitized by Panjab Digital Library | www.panjabdigilib.org

ਦੀ ਹੈ। ਤੁਕ ਹੈ "ਨਮੋ ਅੰਧਕਾਰੇ" (ਨੰਬਰ ੨) ਕਾਲੀ ਘਟਾ ਝੂਮ ਕੇ ਉੱਠੀ ਹੈ। ਮੋਰ ਮੌਲ ਪੈਲ ਪਾ ਰਿਹਾ ਹੈ। ਆਮ ਲਈ ਇਕ ਸੀਨ ਹੈ ਜਾਂ "ਮੋਰ ਪਪੀਹੇ ਬੋਲਦੇ ਵੇਖ ਬੱਦਲ ਕਾਲੇ" ਵਾਲੀ ਭਾਈ ਗੁਰਦਾਸ ਦੀ ਤੁਕ ਹੈ, ਪਰ ਇਹ ਹੈ 'ਨਮੋ ਅੰਧਕਾਰੇ'। ਚਿਤ੍ਰਕਾਰ ਦੀ ਆਤਮਾ ਨੇ ਗੁਰਦੇਵ ਦੇ ਭਾਵ ਨੂੰ ਜੱਫੀ ਪਾ ਕੇ ਖਲ੍ਹਾਰ ਲਿਆ ਹੈ।

ਹੇਠਲੀ ਤੁਕ ਉਤੇ, ਭਾਵ ਭਰਿਆ ਲੈਂਡ ਸਕੇਪ, ਬਹੁਤ ਸੋਹਣਾ ਬਣ ਸਕਦਾ ਹੈ—

"ਗਗਨ ਮੈ ਥਾਲ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ।"

ਏਹ ਲਫ਼ਜ਼ੀ ਤੇ ਦਿਮਾਗੀ ਦੋਹਾਂ ਤਸਵੀਰਾਂ ਦਾ ਮੇਲ ਅਖਵਾ ਸਕਦੀ ਹੈ। ਆਕਾਸ਼ ਤਾਂ ਥਾਲ ਵਰਗਾ ਬਣੇ, ਤਾਰਿਆਂ ਦੀ ਭਰੀ ਹੋਈ ਰਾਤ, ਆਤਮ ਖੋਜੀ ਨੂੰ ਭੋਂਦੀ ਦਿਸੇ। ਥਾਲ ਵਿਚ ਤਾਰੇ ਮੋਤੀਆਂ ਵਾਂਗ ਜੜੇ ਗਏ ਹੋਣ। ਰਾਤ ਦੇ ਰੰਗ, ਆਪਣੇ ਖਿਆਲ ਜਾਂ ਮਹਾਂ ਚਿਤ੍ਰਕਾਰ ਤੇ ਫ਼ਿਲਾਸਫ਼ਰ ਪ੍ਰੋਫ਼ੈਸਰ ਰੋਰਿਕ ਵਾਂਗ, ਲਾਏ ਜਾਣ। ਦੂਰ ਪਰੇ ਉੱਚੀਆਂ ਪਰਬਤੀ ਟੀਸੀਆਂ ਦਿਖਾਈਆਂ ਜਾ ਸਕਦੀਆਂ ਹਨ, ਓਹਲੇ ਚੰਨ ਹੋਵੇ। ਪਤਾ ਲਗੇ, ਪਰਬਤ ਆਰਤੀ ਕਰ ਰਹੇ ਹਨ। ਟੀਸੀਆਂ ਦੀ ਛਾਤੀ ਦੇ ਓਹਲੇ ਜੋਤ ਬਲੀ ਹੋਈ ਜਾਪੇ, ਪਰ ਓਹਦਾ ਚਾਨਣ ਦਿਸ ਰਿਹਾ ਹੋਵੇ। ਏਥੇ ਹਲਕਾ ਬਦਲ ਉਤਾਂਹ ਨੂੰ ਚੜ੍ਹਦਾ ਦਿਖਾਇਆ ਜਾਏ, ਜਿਸ ਕਰ ਕੇ ਭਰਮ ਪਵੇ ਕਿ ਜੋਤ ਦਾ ਧੂੰਆਂ ਹੈ। ਅਧ ਚਾਨਣੇ ਵਿਚ ਇਕ ਦੋ ਕੁਲ੍ਹਾਂ ਦਿਸਣ। ਖਿਆਲ ਆਵੇ ਕਿ ਆਰਤੀ ਦੇ ਸ਼ਬਦ ਪੜ੍ਹੇ ਜਾ ਰਹੇ ਹਨ। ਲੈਂਡ ਸਕੇਪ ਤੁਕ ਦਾ ਦਿਸਦਾ ਤੇ ਅਣ-ਦਿਸਦਾ ਸ਼ਾਂਤੀ ਭਰਿਆ ਚੁਗਿਰਦਾ ਦੱਸੇ, ਤਾਂ ਮਜ਼ਾ ਹੈ।

Group (ਇਨਸਾਨੀ ਇਕੱਠ) ਲਈ, ਕਿੰਨੀਆਂ ਹੀ ਤੁਕਾਂ ਲਈਆਂ ਜਾ ਸਕਦੀਆਂ ਹਨ। ਮਿਸਾਲ ਵਜੋਂ—

"ਮੋਰੀ ਰੁਣਿ ਝੁਣਿ ਲਾਇਆ ਭੈਣੇ ਸਾਵਣੁ ਆਇਆ।"

ਏਸ ਤਸਵੀਰ ਵਿਚ ਪਿਛਲੀ ਰਹਿਣੀ-ਬਹਿਣੀ ਦਿਖਾਈ ਜਾ ਸਕਦੀ ਹੈ। ਸਾਵਣ ਗੁਰਦੇਵ ਤੇ ਮੋਰ (ਸਿਖ) ਕਲੀਆਂ ਵਾਲੇ ਕੁੜਤੇ, ਅੰਗ-ਰਖੇ ਤੇ

ਛੋਟੀਆਂ ਦਸਤਾਰਾਂ ਸਜਾਈ ਦਿਖਾਏ ਜਾਣ। ਸਿਖਾਂ ਦੇ ਚੇਹਰਿਆਂ ਉੱਤੇ ਗੰਭੀਰ ਖੁਸ਼ੀ ਤੇ ਵਰ੍ਹਦਾ ਹੋਇਆ ਆਤਮ ਰਸ ਦਿਖਾਇਆ ਜਾ ਸਕਦਾ ਹੈ। ਮੁਗਲਈ ਕਲਮ ਦੇ ਕਈ ਸ਼ਾਹੀ ਦਰਬਾਰ ਵੇਖਣ ਵਿਚ ਆਉਂਦੇ ਹਨ, ਪਰ ਈਕੁਣ ਦੇ ਸਿਖੀ ਦਰਬਾਰ, ਖਾਸ ਰੁਤਬਾ ਰਖਣਗੇ। ਮੁਗਲਈ ਤਸਵੀਰਾਂ ਵਿਚ ਦੂਰ ਨੇੜੇ ਦਾ ਖਿਆਲ ਘਟ ਸੀ, ਪਰ ਹੁਣ ਏਹ ਭੁੱਲ ਨਹੀ ਕਰਨੀ ਚਾਹੀਦੀ। ਮੁਗਲਾਂ ਵਾਕਰ ਏਹਨਾਂ ਤਸਵੀਰਾਂ ਦੇ ਹਾਸ਼ੀਏ ਵੀ, ਸੋਹਣੇ ਬਣ ਸਕਦੇ ਹਨ। ਦਰਬਾਰ ਸਾਹਿਬ ਦੀ ਮੋਹਰਾ ਕਸ਼ੀ ਦੀਆਂ ਵੇਲਾਂ ਜਾਂ ਪਤਾੜਾਂ ਖ਼ੂਬ ਦਿਤੀਆਂ ਜਾ ਸਕਦੀਆਂ ਹਨ। ਮੁਗਲਈ ਤੇ ਕਾਂਗੜਾ ਕਲਮ ਨਾਲ ਪਿਛਲਾ ਚੁਗਿਰਦਾ ਜਲਦੀ ਬੱਝ ਸਕਦਾ ਹੈ। ਓਸ ਵੇਲੇ ਦੀਆਂ ਪੁਸ਼ਾਕਾਂ ਆਦਿ ਏਹਨਾਂ ਕਲਮਾਂ ਵਿਚ ਜ਼ਿਆਦਾ ਫਬ ਸਕਦੀਆਂ ਹਨ। ਏਹ ਕਲਮਾਂ ਓਸ ਵੇਲੇ ਦੇ ਅਨ੍ਹੇਰੇ ਉਤੇ ਮਿਸਾਲਾਂ ਵਾਂਗ ਚਮਕਾਂ ਪਾ ਸਕਦੀਆਂ ਹਨ। ਜਿਸ ਤਰ੍ਹਾਂ ਉਮਰ ਖ਼ਿਆਮ ਦੀਆਂ ਰੁਬਾਈਆਂ ਨੂੰ ਦਰਸਾਣ ਖ਼ਾਤਰ, ਆਪਣੇ ਢੰਗ ਤੇ ਸੂਝ ਨਾਲ, ਸਾਨੂੰ ਈਰਾਨ ਵੇਖਣਾ ਪੈਂਦਾ ਹੈ, ਓਸੇ ਤਰ੍ਹਾਂ ਪਿਛਲਿਆਂ ਸਕੂਲਾਂ ਤੋਂ ਸਾਨੂੰ ਮਦਦ ਲੈਣੀ ਪੈਣੀ ਹੈ। ਮਿਸਾਲ ਵਜੋਂ—ਅੱਜ ਕੱਲ ਦੇ ਦਸਤਾਰੇ, ਪਿਛਲਿਆਂ ਸਿੰਘਾਂ ਦੇ ਸਿਰਾਂ ਉਤੇ ਨਹੀਂ ਸਜਾ ਸਕਦੇ। ਪਿਛਲੀਆਂ ਪੱਗਾਂ ਦੇ ਬੰਧੇਜ ਪੁਰਾਣੀਆਂ ਤਸਵੀਰਾਂ ਤੋਂ ਹੀ ਲਭਣਗੇ ਤੇ ਏਹਨਾਂ ਚੀਜ਼ਾਂ ਉਤੇ ਹਰ ਸਕੂਲ ਦੀ ਕੁਝ ਨ ਕੁਝ ਆਪਣੀ ਮੋਹਰ ਹੋਂਦੀ ਹੈ। ਏਹਨਾਂ ਸਤਰਾਂ ਦਾ ਏਹ ਮਤਲਬ ਨਹੀ ਕਿ ਅਸੀਂ ਚੀਨੀ, ਜਾਪਾਨੀ ਤੇ ਯੂਰਪੀ ਰੰਗ ਲਈਏ ਹੀ ਨ। ਜ਼ਮਾਨੇ ਦੀ ਤਰੱਕੀ ਤੋਂ ਹਰ ਹੁਨਰ ਨੂੰ ਫ਼ਾਇਦਾ ਲੈਣਾ ਚਾਹੀਦਾ ਹੈ।

ਬਨਾਰਸ ਦੇ ਲਾਗੇ ਸਾਰ ਨਾਥ ਵਿਚ, ਬੋਧੀਆਂ ਨੇ ਮੰਦਰ ਬਣਾਇਆ ਹੈ। ਏਸ ਮੰਦਰ ਵਿਚ ਜਾਪਾਨੀ ਆਰਟਿਸਟਾਂ ਨੇ ਬੁਧ ਜੀ ਦੀ ਜੀਵਨੀ ਚਿਤਰੀ ਹੈ, ਪਰ ਪੁਰਾਣੇ ਪਹਿਰਾਵੇ ਕਰ ਕੇ ਅਜੰਤਾ ਦੀ ਰੰਗਤ ਝਲਕਦੀ ਹੈ। ਏਸੇ ਤਰ੍ਹਾਂ ਗੁਰਬਾਣੀ ਦੀਆਂ ਤਸਵੀਰਾਂ ਵਿਚ ਰੰਗਤ ਆਵੇਗੀ। ਕਈ ਤਸਵੀਰਾਂ ਨਰੋਲ ਨਵੇਂ ਰੰਗ ਵਿਚ ਬਣ ਸਕਦੀਆਂ ਹਨ।

ਅੱਜ ਕੱਲ ਦਾ ਕਾਰਟੂਨੀ ਆਰਟ ਗੁਰਬਾਣੀ ਲਈ ਬੜਾ ਫਬ

ਸਕਦਾ ਹੈ। ਮਥੇ ਤਿਲਕ ਲਾਉਣ ਵਾਲੇ, ਜੰਵੂ ਪਾਉਣ ਤੇ ਧੋਤੀ ਬੰਨ੍ਹਣ ਵਾਲੇ ਅਭਾਖਿਆ ਦਾ ਕੁਠਾ ਬਕਰਾ ਖਾ ਕੇ ਚੌਕੇ ਅੰਦਰ ਜਾਂਦੇ, ਲੱਖ ਲੱਖ ਪਰਹੇਜ਼ ਕਰਨ ਵਾਲਿਆਂ ਭਗਤਾਂ ਦਾ ਵਾਹਵਾ ਪੋਲ ਖੁਲ੍ਹ ਸਕਦਾ ਹੈ। ਏਹੋ ਜਿਹੇ ਸੈਂਕੜੇ ਲਬ, ਲੋਭ, ਦੰਭ ਤੇ ਬੇਈਮਾਨੀ ਦੇ ਕਾਰਟੂਨ, ਗੁਰਬਾਣੀ ਵਿਚੋਂ ਨਿਕਲ ਸਕਦੇ ਹਨ।

ਏਥੇ ਕੁਝ ਤੁਕਾਂ ਤਸਵੀਰਾਂ ਵਾਹੁਣ ਲਈ ਦੇਣੀਆਂ ਸਨ, ਪਰ ਥਾਂ ਦੀ ਥੁੜ ਰੋਕਦੀ ਹੈ। ਤੁਸੀਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਲੋਕਾਂ ਵਿਚੋਂ ਜਲਦੀ ਲਭ ਸਕਦੇ ਹੋ। ਤੁਖਾਰੀ ਦਾ ਬਾਰਾਮਾਹ, ਮਾਰੂ ਦੇ ਡਖਣੇ ਤੇ ਹੋਰ ਸੈਂਕੜਿਆਂ ਸ਼ਬਦਾਂ ਵਿਚੋਂ, ਤੁਕਾਂ ਮਿਲ ਸਕਦੀਆਂ ਹਨ।

ਗੁਰਬਾਣੀ ਸਾਂਝੀ ਚੀਜ਼ ਹੈ। ਏਸ ਲਈ ਹਿੰਦੂ ਤੇ ਮੁਸਲਮਾਨ ਵੀਰ ਵੀ ਬੁਰਸ਼ ਚਲਾ ਸਕਦੇ ਹਨ। ਅੰਮ੍ਰਿਤਸਰ ਬੁੰਗਿਆਂ ਦੀ ਸਕੀਮ ਵਿਚ, ਇਕ ਬੜਾ ਵੱਡਾ ਹਾਲ ਹੋਣਾ ਚਾਹੀਦਾ ਹੈ, ਜਿਸ ਦਾ ਨਾਂ ਗੁਰਬਾਣੀ ਚਿਤ੍ਰਸ਼ਾਲਾ ਹੋਵੇ। ਏਥੇ ਗੁਰਬਾਣੀ ਤੇ ਆਪਣੇ ਇਤਿਹਾਸ ਦੀਆਂ ਤਸਵੀਰਾਂ ਰਖ ਕੇ ਨੁਮਾਇਸ਼ਾਂ ਕਰਾਈਆਂ ਜਾ ਸਕਦੀਆਂ ਹਨ। ਸਾਡੇ ਖਾਲਸਾ ਕਾਲਜਾਂ ਦੇ ਪ੍ਰਬੰਧਕ ਵੀ ਏਸ ਕੰਮ ਵਿਚ ਕਾਫ਼ੀ ਹੱਥ ਵਟਾ ਸਕਦੇ ਹਨ।



Digitized by Panjab Digital Library | www.panjabdigilib.org

# "ਕਾਲੀ ਕੋਇਲ ਤੂ ਕਿਤ ਗੁਨ ਕਾਲੀ, ਆਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ"

ਉਪਰਲੀਆਂ ਤੁਕਾਂ ਪੜ੍ਹਦਿਆਂ ਸਵਾਦ ਆਉਂਦਾ ਹੈ। ਲਿਟ੍ਰੇਰੀ ਰਸ ਦੀ ਸੂਝ ਹੋਂਦੀ ਹੈ, ਪਰ ਨਾਲ ਹੀ ਦਿਲ ਨੂੰ ਖੋਹ ਪੈਂਦੀ ਹੈ ਤੇ ਇਕ ਹੂਕ ਉਠਦੀ ਹੈ। ਪਤਾ ਲਗਦਾ ਹੈ, ਜਿਵੇਂ ਮੈਂ ਆਪ ਹੀ ਕਿਸੇ ਦੇ ਬਿਨਾਂ ਲੁੱਛ ਰਿਹਾਂ ਹਾਂ। ਏਹ ਗੱਲ ਹੋਵੇ ਵੀ ਕਿਉਂ ਨ? ਮਹਿਸੂਸ ਕਰਨ ਵਾਲੇ ਦਿਲ ਵਿਚੋਂ ਨਿਕਲੀ ਹੋਈ ਗੱਲ, ਅਗਲੇ ਉਤੇ ਕਿਉਂ ਨ ਅਸਰ ਕਰੇ? ਸੁਣਨ ਵਾਲੇ ਤੇ ਪੜ੍ਹਨ ਵਾਲੇ ਨੂੰ ਓਸੇ ਹੀ ਚੁਗਿਰਦੇ ਵਿਚ ਲੈ ਜਾਂਦੀ ਹੈ, ਜਿਸ ਵਿਚੋਂ ਆਪ ਪ੍ਰਗਟ ਹੋਈ ਸੀ। ਏਸੇ ਕਰਕੇ ਅਗਲੇ ਨੂੰ ਆਪਣਾ ਕਰ ਲੈਂਦੀ ਤੇ ਓਸ ਵਿਚ ਆਪਣੀ ਰੂਹ ਪਾ ਦੇਂਦੀ ਹੈ। ਏਹੋ ਉੱਚੇ ਸਾਹਿਤ ਦੀ ਨਿਸ਼ਾਨੀ ਹੈ, ਜਿਹੜੀ ਰਿਸ਼ੀਆਂ, ਗੁਰੂਆਂ ਤੇ ਭਗਤਾਂ ਵਿਚ ਹੋਰ ਕਵੀਆਂ ਨਾਲੋਂ ਵਧੇਰੇ ਦਿਸਦੀ ਹੈ। ਹੋਰ ਕਵੀਆਂ ਦਾ ਜ਼ੋਰ, ਸ਼ਬਦ-ਜਾਲ, ਅਲੰਕਾਰ ਤੇ ਘੋਟੇ ਹੋਏ ਛੰਦਾਂ ਉੱਤੇ ਹੀ ਹੋਂਦਾ ਹੈ। ਅਜਿਹੇ ਕਵੀ ਇਕ ਸੋਚ-ਉਡਾਰੀ ਦਾ ਅਰਸ਼ ਜਿਹਾ ਵਸਾ ਦੇਂਦੇ ਹਨ। ਕਈ ਸਿਆਣੇ ਲਫਜ਼ਾਂ ਨਾਲ ਸੁਣਨ ਵਾਲਿਆਂ ਦਾ ਘਰ ਪੂਰਾ ਕਰ ਜਾਂਦੇ ਹਨ। ਨਿਰਾ ਦਿਲ ਬੋਲੇ ਤਾਂ ਜਜ਼ਬਾ ਹੋਂਦਾ ਹੈ, ਜੇ ਹਲਕਾ ਜਜ਼ਬਾ ਹੋਵੇ, ਮਾੜੀ ਜਿਹੀ ਹਵਾੜ ਹੋਵੇ ਤਾਂ ਕੰਨੀਂ ਖਲੋਂਦੀ ਹੀ ਨਹੀਂ, ਅਸਰ ਰਤੀ ਭਰ ਨਹੀਂ ਹੋਂਦਾ। ਜੇ ਜਜ਼ਬਾ ਦਿਮਾਗ ਦੇ ਅਧੀਨ ਕਰਕੇ ਲਿਖਿਆ ਜਾਵੇ, ਤਾਂ ਪਉਂ ਬਾਰਾਂ।

ਹੁਣ ਤੁਕਾਂ ਦੀ ਬਹਾਰ ਤੱਕੋ। ਕੋਇਲ ਕਾਲੀ ਹੈ। ਅੱਗ ਨੇ ਸਾੜ ਸੁੱਟੀ ਹੈ, ਸੜ ਕੇ ਕਾਲੀ-ਸ਼ਾਹ ਹੋ ਗਈ ਹੈ। ਕੋਇਲ ਤੋਂ ਕਾਲੇ ਹੋਣ ਦਾ



Digitized by Panjab Digital Library | www.panjabdigilib.org

ਸਬੱਬ ਪੁੱਛਿਆ ਗਿਆ ਹੈ, ਕੋਇਲ ਔਗੁਣ ਨਾਲ ਕਾਲੀ ਨਹੀਂ। ਏਥੇ ਕਲੱਤਣ ਵੀ ਗੁਣ ਹੈ। ਗੁਣ ਹੋਵੇ ਕਿਉਂ ਨ? ਦੁਨੀਆਂ ਦੀ ਕਿਹੜੀ ਸ਼ੈ ਹੈ, ਜਿਸ ਵਿਚ ਕੋਈ ਗੁਣ ਨਹੀਂ? ਸੋ ਕਾਲਖ ਵਿਚ ਵੀ ਗੁਣ ਹੈ। ਓਹ ਗੁਣ ਆਇਆ ਕਿਸ ਤਰ੍ਹਾਂ? ਓਹ ਕਾਲਖ ਭਾਈ ਕਿਉਂ? ਕਿਉਂਕਿ ਬਿਰਹੋਂ ਦੀ ਅੱਗ ਲੱਗੀ ਹੈ। ਏਹ ਬਿਰਹਾ ਕੀ ਵਸਤ ਹੈ? ਸ਼ੇਖ ਫਰੀਦ ਜੀ ਦਸਦੇ ਹਨ—

"ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥"

ਬਿਰਹੋਂ ਤੋਂ ਬਿਨਾਂ ਤਨ ਮਸਾਣ ਹੈ। ਬਿਰਹਾ ਤਾਂ ਹੀ ਹੋਵੇਗਾ, ਜੇ ਪਹਿਲਾਂ ਪਿਆਰ ਪਿਆ ਹੋਵੇ। ਸੋ ਕਿਸ ਤਰ੍ਹਾਂ ਸਾਹਿਤਕ ਅੰਦਾਜ਼ ਨਾਲ ਸੁਝਾ ਗਏ ਕਿ ਕੋਇਲ ਨੇ ਪਹਿਲਾਂ ਪ੍ਰੀਤੀ ਕੀਤੀ ਸੀ।

ਬਾਬਾ ਫਰੀਦ ਜੀ ਉੱਤੇ ਸੂਫੀਆਂ ਦੀ ਰੰਗਤ ਸੀ। ਰੱਬ ਨੂੰ ਤਨੋਂ ਮਨੋਂ ਪਿਆਰਦੇ ਸਨ, ਜਦੋਂ ਓਹ ਮਿਲਿਆ ਜਾਪਦਾ ਨਹੀਂ ਸੀ, ਤਾਂ ਬਿਰਹੋਂ ਤੇ ਵੈਰਾਗ ਨਾਲ ਕਲਪਦੇ ਤੇ ਬਉਰੇ ਹੋ ਜਾਂਦੇ ਸਨ। ਬਉਰਾ ਹੋਣਾ ਹੀ ਇਕ ਜੀਵਨ ਸੀ। ਕਲਪਣਾ ਹੀ ਇਕ ਅਤੁੱਟ ਭਾਲ ਸੀ। ਫਰੀਦ ਜੀ ਜੀਵਨ-ਨੂਰ ਆਪਣੇ ਵਾਸਤੇ ਹੀ ਨਹੀਂ ਲਭਦੇ ਸਨ, ਹੋਰਾਂ ਭੁੱਲਿਆਂ ਭਟਕਿਆਂ ਨੂੰ ਵੀ ਅਮਲੀ ਚਾਨਣ ਦਿਖਾਕੇ ਰਾਹੇ ਪਾਉਣਾ ਚਾਹੁੰਦੇ ਸਨ। ਭਗਤੀ ਲਹਿਰ ਦੇ ਭਗਤਾਂ ਤੇ ਫਕੀਰਾਂ, ਕਈ ਪੁਰਾਣ ਰਿਸ਼ੀਆਂ ਵਾਂਗ ਆਪ ਹੀ ਆਨੰਦ ਲੈਣਾ ਨਹੀਂ ਚਾਹਿਆ, ਸਗੋਂ ਦੁਨੀਆਂ ਨੂੰ ਰਸ ਲੈਣ ਦਾ ਵੱਲ ਸਿਖਾਇਆ। ਭਗਤੀ ਲਹਿਰ ਵਾਲੇ, ਭਾਰਤ ਤਾਂ ਛਡਿਆ ਅਰਬ ਤਕ ਗਏ, ਪਰ ਰਿਸ਼ੀ ਏਸ ਤਰ੍ਹਾਂ ਨਹੀਂ ਫਿਰੇ ਤੁਰੇ ਸਨ। ਰਿਸ਼ੀ ਆਤਮ ਖੋਜੀ ਸਨ। ਭਗਤੀ ਲਹਿਰ ਵਾਲੇ ਲੋਕ-ਹਿਤ ਲਈ ਸਾਰੇ ਘੁੰਮਦੇ ਸਨ। ਸ਼ੇਖ ਫਰੀਦ ਜੀ ਨੇ ਪਾਕ ਪਟਨ ਦਾ ਹਲਕਾ ਸਰ ਕਰ ਛਡਿਆ ਸੀ। ਜਦੋਂ ਕੋਈ ਔਗੁਣ ਹੋ ਜਾਂਦਾ, ਓਦੋਂ ਆਪਣੇ ਤੋਂ ਰਬ ਨੂੰ ਦੂਰ ਜਾਣਦੇ। ਅਜਿਹੇ ਵੇਲੇ ਆਪ ਹਥ ਮਲਦੇ, ਦਿਲ ਤਪ ਜਾਂਦਾ, ਪਰ ਤਪਿਆ ਹੋਇਆ। ਦਿਲ ਵੀ, ਕਿਸੇ ਨੂੰ ਤਾਅਨਾ ਨਹੀਂ ਸੀ ਮਾਰਦਾ। ਕਿਸੇ ਦਾ ਹੀਆ

ਨਹੀਂ ਸੀ ਠਾਹੁੰਦਾ।

ਜਿਉਂ ਜਿਉਂ ਤਪਦਾ, ਤਿਉਂ ਤਿਉਂ ਕਹਿੰਦੇ–

"ਬਾਵਲ ਹੋਈ ਸੋ ਸਹੁ ਲੋਰਉ॥"

ਫਰੀਦ ਜੀ ਸਹੁ ਦੀ ਭਾਲ ਕਰਦੇ ਸਨ। ਸਹੁ (ਸਤਿ) ਦੀ ਪ੍ਰਾਪਤੀ ਚਾਹੁੰਦੇ ਸਨ। ਕਿਸੇ ਵਕਤ ਤਪ ਕੇ ਇਉਂ ਕਹਿ ਬੈਠਦੇ ਸਨ:–

ਤੈ ਸਹੁ ਮਨ ਮਹਿ ਕੀਆ ਰੋਸ,

ਫੇਰ ਨਾਲ ਹੀ ਇਉਂ ਕਹਿ ਦੇਂਦੇ:–

ਮੁਝ ਅਵਗੁਨ ਸਹਿ ਨਾਹੀ ਦੋਸ

ਆਪਣੇ ਵਿਚ ਹੀ ਦੋਸ਼ ਮੰਨਦੇ ਸਨ। ਗੱਲ ਵੀ ਠੀਕ ਸੀ। ਸੱਚ ਤਾਂ ਹੀ ਜਾਂਦਾ ਹੈ ਜ ਓਹਦੇ ਵਿਰੋਧੀ ਨੂੰ ਮੂੰਹ ਲਾ ਲਵੀਏ, ਜੇ ਝੂਠ ਜਾਂ ਲੋਕ ਅਹਿਤ ਨੂੰ ਦੂਰ ਕਰ ਦੇਵੀਏ, ਜੇ ਮੂੰਹ ਲਾਈਏ ਤਾਂ ਫਰੀਦ ਜੀ ਕਹਿੰਦੇ ਹਨ:–

ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ।

ਅਲਾਹ ਹਰ ਥਾਂ ਤੇ ਦਿਸਦਾ ਹੈ, ਜਦੋਂ ਸ਼ੁੱਧਤਾ ਆ ਜਾਵੇ, ਜਦੋਂ ਸ਼ੁਧਤਾ ਆ ਜਾਵੇ, ਓਹ ਬੇਲੀ ਹੈ ਗੂੜ੍ਹਾ ਯਾਰ ਹੈ।

ਅੱਜ ਤੋਂ ਪੰਜ ਸਦੀਆਂ ਪਹਿਲੇ, ਪੰਜਾਂ ਵਹਿਣਾਂ ਦੀ ਧਰਤ ਉੱਤੇ ਇਕ ਅਜੀਬ ਕੋਇਲ ਕੂਕੀ ਸੀ, ਬ੍ਰਿਹੋਂ ਨਾਲ ਸੜੀ ਹੋਈ ਸੀ, ਲੋਕ ਆਉਂਦੇ, ਪੈਰੀਂ ਪੈਂਦੇ ਤੇ ਬਚਨ ਸੁਣਦੇ ਸਨ –

ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ।

ਪਿਰੀ ਦੀ ਸਿਕ ਹੀ ਬ੍ਰਿਹੋਂ ਦੀ ਅਗ ਬਣਦੀ ਸੀ। ਬ੍ਰਿਹੋਂ ਨਾਲ ਓਹ ਕੋਇਲ ਬਉਰੀ ਹੋ ਜਾਂਦੀ ਸੀ। ਏਸ ਹਾਲਤ ਵਿਚ ਓਹਨੂੰ ਡਰ ਹੋਂਦਾ ਸੀ, ਕੋਈ ਕੁਬੋਲ ਨ ਮੂੰਹੋਂ ਨਿਕਲੇ। ਆਪਨੂੰ ਤੇ ਹੋਰਾਂ ਨੂੰ ਸਮਝਾਂਦੀ 'ਹਿਆਉ ਨ ਠਾਹੇ ਕਹੀਦਾ।'

ਜੇ ਮੈਂ ਚਿਤ੍ਰਕਾਰ ਹੋਂਦਾ ਤਾਂ ਏਸ ਅਮਰ ਕੋਇਲ ਦੀ ਮੂਰਤ ਇਉਂ ਖਿਚਦਾ:–

ਅਨ੍ਹੇਰੀ ਰਾਤ ਬਣਾਉਂਦਾ, ਕਿਸੇ ਨੂੰ ਡਰਾਉਣੀ ਲਗਦੀ ਤੇ ਕਿਸੇ

ਬ੍ਰਿਹੋਂ ਮਾਰੇ ਨੂੰ ਆਪਣੇ ਨਾਲ ਗੱਲਾਂ ਕਰਦੀ ਦਿਸਦੀ। ਬ੍ਰਿਹੋਂ ਮਾਰਿਆ ਕਾਲਾ ਹੋਇਆ ਹੋਂਦਾ ਹੈ। ਏਹਦੀ ਗੱਲ, ਕਾਲੀ ਰਾਤ ਨੇ ਸੁਣਨੀ ਹੋਈ। ਹੇਠਾਂ ਦੋ ਚਾਰ ਰੁੰਡ ਮੁੰਡ ਰੁਖ ਦਿਖਾਉਂਦਾ। ਲਾਗੇ ਇਕ ਬੁੱਢਾ ਦੀਨਦਾਰ ਮਨੁੱਖ ਖਲਿਹਾਰਦਾ। ਜਿਸ ਦੀਆਂ ਅਖਾਂ ਵਿਚ (ਜਿੰਨਾ ਕੁ ਅਨ੍ਹੇਰੇ ਵਿਚ ਦਿਸਣਾ ਚਾਹੀਦਾ ਹੈ) ਪਿਆਰ ਦੀ ਭਾਲ ਦਾ ਭਾਵ ਹੋਂਦਾ। ਨੈਣਾਂ ਨੂੰ ਉਤਾਂਹ ਤਕਦੇ ਇਉਂ ਦੱਸਦਾ, ਜਿਵੇਂ ਸਿੱਪ ਮੂੰਹ ਅੱਡੀ ਮੋਤੀਆਂ ਦੀ ਆਸ ਰਖਦੇ ਹਨ। ਬ੍ਰਿਹੋਂ ਮਾਰਿਆ ਮਨੁੱਖ ਇਉਂ ਦਿਖਾਉਂਦਾ, ਜਿਵੇਂ ਮਹਾਤਮਾ ਬੁੱਧ ਦੇ ਬੁੱਤ ਦੀਆਂ ਹੱਡੀਆਂ ਗਿਣੀਆਂ ਜਾਂਦੀਆਂ ਹਨ। ਅਨ੍ਹੇਰੇ ਵਿਚ ਘਸਮੈਲੇ ਖਾਕੀ ਰੰਗ ਵਰਤਕੇ, ਜਿਸਮ ਦੇ ਮਾਸ ਦਾ ਰਹਿੰਦਾ ਝਲਕਾਰਾ ਪਾਂਦਾ। ਬ੍ਰਿਹੋਂ ਦੇ ਮੁਰੀਦ ਤੇ ਪੰਜਾਬ ਦੇ ਪੀਰ ਦੇ ਬੁਲ੍ਹ ਫਰਕ ਰਹੇ ਦਿਖਾਉਂਦਾ, ਜਿਵੇਂ ਉਹ ਕਹਿ ਰਹੇ ਹੋਂਦੇ:—

"ਆਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥"

# ਨੇੜੈ ਦਿਸੈ ਮਾਤ ਲੋਕ ਤੁਧ ਸੁਝੈ ਦੂਰ

ਸੰਗੀਤ ਦਾ ਸਾਹਿਤ ਨਾਲ ਮੇਲ ਹੈ। ਚੰਗਾ ਰਾਗੀ, ਪੜ੍ਹਿਆ ਨ ਵੀ ਹੋਵੇ, ਤਾਂ ਵੀ ਉਹਨੂੰ ਸਾਹਿਤ ਦੀ ਸੂਝ ਜ਼ਰੂਰ ਹੋਂਦੀ ਹੈ। ਗੁਰੂ ਅਰਜਨ ਦੇਵ ਦੇ ਰਬਾਬੀਆਂ ਨੂੰ ਤਾਂ ਖਾਸ ਸਮਝ ਸੀ। ਸੱਤੇ ਬਲਵੰਡ ਨੇ ਵਾਰ ਵੀ ਲਿਖੀ। ਹਜ਼ੂਰ ਨੇ ਪ੍ਰਵਾਨ ਕਰ ਕੇ ਆਦਿ ਗ੍ਰੰਥ ਜੀ ਦੀ ਬੀੜ ਵਿਚ ਚਾੜ੍ਹੀ। ਵਾਰ ਨੂੰ ਰਾਗ ਰਾਮਕਲੀ ਵਿਚ ਥਾਂ ਮਿਲੀ।

ਉਪਰਲੀ ਤੁਕ ਗੁਰੂ ਅੰਗਦ ਦੇਵ ਜੀ ਦੀ ਉਸਤਤੀ ਵਿਚ ਹੈ। ਵਾਰ ਤੇ ਭੱਟਾਂ ਦੇ ਸਵਈਆਂ ਵਿਚ ਚੋਖਾ ਫਰਕ ਹੈ। ਉਸਤਤ ਦੋਵੇਂ ਕਰਦੇ ਹਨ, ਪਰ ਆਪਣੇ ਆਪਣੇ ਢੰਗ ਨਾਲ। ਭੱਟਾਂ ਨੂੰ ਪੁਰਾਣਿਕ ਕਥਾਂ ਯਾਦ ਹਨ ਤੇ ਓਸ ਅਸਰ ਹੇਠ ਗੁਰੂਆਂ ਨੂੰ ਬਿਆਨਦੇ ਹਨ। ਬੋਲੀ ਦਾ ਝੁਕਾ ਵੀ ਬ੍ਰਿਜਭਾਸ਼ਾ ਵਲ ਹੈ, ਪਰ ਸੱਤਾ ਬਲਵੰਡ ਪੰਜਾਬੀ ਦੇ ਮਾਹਿਰ ਹਨ।ਬ੍ਰਿਜ ਭਾਸ਼ਾ ਦੇ ਵੀ ਜਾਣੂ ਹਨ ਤੇ ਵੇਲੇ ਸਿਰ ਲਫਜ਼ ਜੜ ਜਾਂਦੇ ਹਨ। ਏਹਨਾਂ ਜਿਸ ਤਰ੍ਹਾਂ ਗੁਰੂਆਂ ਨੂੰ ਦੇਖਿਆ, ਓਸ ਤਰ੍ਹਾਂ ਬਿਆਨਿਆ। ਭੱਟਾਂ ਨੇ ਤਸੱਵਰੀ ਚੋਜ ਕੀਤੇ। ਵਾਰ ਵਾਲਿਆਂ ਅਸਲੀਅਤ ਨੂੰ ਢਾਲ ਕੇ ਪੌੜੀਆਂ ਦੀਆਂ ਰੈਣੀਮ ਬਣਾ ਦਿਤੀਆਂ ਹਨ। ਸਮੁੰਦਰ ਰਿੜਕਣਾ ਆਦਿ ਦਾ ਹਵਾਲਾ ਦੇ ਕੇ ਵੀ, ਆਪਣੀ ਲੀਕ ਤੇ ਹੀ ਚੱਲੇ ਹਨ। ਪੰਜਾਂ ਗੁਰੂਆਂ ਦਾ ਸਰਸਰੀ ਇਤਿਹਾਸ ਆ ਗਿਆ ਹੈ। ਲੰਗਰ ਕਿਸ ਤਰ੍ਹਾਂ ਦੇ ਲਗਦੇ ਸਨ? ਖੀਰ ਕਿਸ ਤਰ੍ਹਾਂ ਦੀ ਹੋਂਦੀ ਸੀ? ਅਜਿਹੀਆਂ ਸਭ ਗੱਲਾਂ ਨੂੰ ਨਿੱਕੀ ਜਿੰਨੀ ਵਾਰ ਵਿਚ ਬੰਨ੍ਹ ਦਿੱਤਾ ਹੈ। ਸੱਤਾ ਬਲਵੰਡ ਸੰਛੇਪਤਾ ਦੇ ਮਾਲਕ ਹਨ। ਕਈ ਤੁਕਾਂ ਵਿਚ ਸਾਹਿਤਕ ਰਸ ਭਰਿਆ ਹੈ, ਜਿਵੇਂ:—

"ਨੇੜੈ ਦਿਸੈ ਮਾਤ ਲੋਕ ਤੁਧ ਸੁਝੈ ਦੂਰ"

ਗੁਰੂ ਅੰਗਦ ਬਾਬਤ ਲਿਖਿਆ ਹੈ ਕਿ ਮਾਤ ਲੋਕ ਏਹ ਦੁਨੀਆਂ ਨੇੜੇ ਦਿਸਦੀ ਹੈ। ਦੁਨੀਆਂ ਦੇ ਸੁਖ, ਝੂਠ ਬੋਲ ਕੇ ਪੈਸਾ ਕਮਾਉਣਾ, ਗ਼ੀਬਾਂ ਦੀ ਸੰਘੀ ਨੱਪ ਕੇ ਕੰਮ ਕਢਣਾ, ਐਸ਼ ਕਰਨਾ, ਤੇ ਅਗਲੇ ਦੀ ਪੱਗ ਲਾਹ ਕੇ ਖੁਸ਼ ਹੋਣਾ ਆਦਿ ਨੇੜੇ ਦਿਸਦਾ ਹੈ। ਤੂੰ ਏਹਨਾਂ ਗੱਲਾਂ ਤੋਂ ਬੜਾ ਪਰੇ ਹੈਂ। ਸੁਝਣਾ ਦਿਸਣਾ ਦੇ ਅਰਥਾਂ ਵਿਚ ਵੀ ਹੈ ਤੇ ਸੁਝਣਾ ਦਾ ਅਰਥ ਦਿਮਾਗ਼ ਨੂੰ ਫੁਰਨਾ ਫੁਰਨ ਦਾ ਵੀ ਹੈ। ਦਿਸਣ ਨਾਲੋਂ ਸੁਝਣਾ ਬੜਾ ਢੁਕਦਾ ਹੈ। ਦਿਸ ਤਾਂ ਹਰ ਇਕ ਨੂੰ ਸਕਦਾ ਹੈ,ਪਰ ਸੁਝਣਾ ਸਿਆਣੇ ਨੂੰ ਹੀ ਹੈ।

ਮਾਤ ਲੋਕ ਇਹ ਦੁਨੀਆਂ ਜਾਂ ਇਉਂ ਕਹਿ ਲਵੋ,ਹੁਣ ਦਾ ਜ਼ਮਾਨਾ ਤੈਨੂੰ ਦੂਰ ਦਿਸਦਾ ਹੈ। ਅੱਖਾਂ ਨਹੀਂ ਮੀਟ ਲਈਆਂ, ਵੈਰਾਗ ਨਹੀਂ ਧਾਰ ਲਿਆ ਤੇ ਬਾਨ ਪ੍ਰਸਥੀ ਵੀ ਨਹੀ ਹੋਇਆ। ਤੈਨੂੰ ਦੂਰ ਏਸ ਕਰ ਕੇ ਲਗਦਾ ਹੈ ਕਿ ਤੂੰ ਏਹਦਾ ਹੀਜ ਪਿਆਜ ਦੇਖ ਲਿਆ ਹੈ। ਤੂੰ ਏਹਨੂੰ ਆਪਣੀ ਲਿਆਕਤ ਤੇ ਤਾਕਤ ਨਾਲ ਅਜਿਹਾ ਵਰਤ ਲਿਆ ਹੈ ਕਿ ਤੈਨੂੰ ਬਦਨਾਮ ਨਹੀਂ ਕਰ ਸਕਦਾ, ਤੇਰੇ ਅਧੀਨ ਹੈ। ਤੂੰ ਏਹਨੂੰ ਏਨਾ ਸੋਹਣਾ ਬਣਾ ਲਿਆ ਹੈ ਕਿ ਹੁਣ ਤੂੰ ਲਾਪਰਵਾਹ ਹੋ ਗਿਆ ਹੈਂ ; ਜਿਵੇਂ ਕਵੀ ਚੰਗੀਆਂ ਕਵਿਤਾ ਰਚ ਕੇ ਪਰ੍ਹਾਂ ਕਰ ਦੇਂਦਾ ਹੈ ਤੇ ਚਿਤ੍ਰਕਾਰ ਸੋਹਣੀਆਂ ਤਸਵੀਰਾਂ ਰਖ ਛਡਦਾ ਹੈ, ਇਵੇਂ ਤੂੰ ਜ਼ਮਾਨੇ ਨੂੰ ਸੁਧ ਕਰ ਕੇ ਅਲਹਿਦਾ ਹੋ ਬੈਠਾ ਹੈਂ। ਨੇੜੇ ਏਸ ਕਰ ਕੇ ਨਹੀਂ ਕਿ ਤੈਨੂੰ ਯਕੀਨ ਹੈ ਕਿ ਏਹਨੇ ਕੁਝ ਵਿਗਾੜਨਾ ਨਹੀਂ। ਕੋਈ ਖਟਕਾ ਨਹੀਂ ਰਿਹਾ। ਕੋਈ ਭਰਮ ਭਉ ਨਹੀਂ। ਏਸ ਤੁਕ ਨੂੰ ਮੁੜ ਪੜ੍ਹੋ:-

"ਨੇੜੈ ਦਿਸੈ ਮਾਤ ਲੋਕ ਤੁਧ ਸੁਝੈ ਦੂਰ"

ਮਾਤ ਲੋਕ ਦੂਰ ਸੁਝਦਾ ਤੇ ਪਰਲੋਕ ਲਾਗੇ ਦਿਸਦਾ ਹੈ। ਏਹ ਭਿੰਨ ਤੁਕ ਵਿਚੋਂ ਸਾਫ਼ ਨਿਕਲ ਰਹੀ ਹੈ। ਸਾਹਿੱਤ ਦਾ ਉੱਚਾ ਢੰਗ ਆ ਗਿਆ ਹੈ।

ਪਰਲੋਕ ਕੀ ਹੈ ? ਜੋ ਅੱਗੇ ਆਉਣਾ ਹੈ। ਮੋਟਿਆਂ ਲਫ਼ਜ਼ਾਂ ਵਿਚ ਅਸੀਂ ਆਉਂਦਾ ਸਮਾਂ ਕਹਿ ਸਕਦੇ ਹਾਂ। ਆਉਂਦਾ ਸਮਾਂ ਤੈਨੂੰ ਲਾਗੇ

ਦਿਸ ਪਿਆ ਹੈ। ਤੈਨੂੰ ਪਤਾ ਹੈ ਕਿ ਅਗਲੀ ਉਮਰ ਵਿਚ ਕੀ ਵਰਤਣਾ ਹੈ। ਜਵਾਨੀ ਜਾਣੀ ਹੈ, ਬੁਢੇਪਾ ਆਉਣਾ ਹੈ। ਤੈਨੂੰ ਪਤਾ ਹੈ, ਬੁਢੇਪੇ ਨੂੰ ਕਿਸ ਤਰ੍ਹਾਂ ਸਰ ਕਰਨਾ ਹੈ? ਤੈਨੂੰ ਅਗਲਾ ਸਮਾਂ ਦਿਸ ਪਿਆ ਹੈ ਪਈ ਅਮਰਦਾਸ ਜੀ ਨੂੰ ਗੱਦੀ ਦੇਣੀ ਹੈ ਤੇ ਬਾਬੇ ਦਿਆਂ ਦਾ ਦੌਰ ਦੌਰਾ ਚਲਣਾ ਹੈ। ਤੈਨੂੰ ਅਗਲੀਆਂ ਜ਼ਿੰਮੇਂਵਾਰੀਆਂ ਸਾਫ ਨਜ਼ਰ ਆ ਰਹੀਆਂ ਹਨ। ਤੂੰ ਬੁੱਢੇ ਇਨਸਾਨ ਨੂੰ ਜਵਾਨ ਬਣਾ ਜਾਣਾ ਹੈ। ਓਸ ਬੀਣੀ ਆਖਣੀ ਹੈ ਨਿਮਾਣਿਆਂ ਨੂੰ ਰਾਹੇ ਪਾ ਜਾਣਾ ਹੈ।

ਏਸ ਤੁਕ ਨੂੰ ਪੜ੍ਹਿਆਂ, ਇਕ ਅਦੱਸਵਾਂ ਲਿਟ੍ਰੇਰੀ ਸਵਾਦ ਆਉਂਦਾ ਹੈ। ਏਹਨਾਂ ਅਖਰਾਂ ਵਿਚ ਇਕ ਘੂਕਰ ਹੈ। ਲਫਜ਼ੀ ਨਾਦ, ਨਿਹਾਇਤ ਸੁੰਦਰ ਉਚੇ ਝਰਨੇ ਵਾਂਗੂੰ ਹੋ ਰਿਹਾ ਹੈ।

ਇਕ ਵੇਰ ਮੁੜ ਅਰਥਾਂ ਵਲ ਧਿਆਨ ਦੇਵੋ। ਜਿਸ ਬਾਬਤ ਏਹ ਤੁਕ ਹੈ, ਓਹ ਤਾਂ ਸਿਆਣਾ ਹੈ ਹੀ, ਪਰ ਜਿਹੜਾ ਏਹ ਤੁਕ ਕਹਿ ਰਿਹਾ ਹੈ, ਓਹ ਵੀ ਆਪਣੀ ਸਿਆਣਪ ਕੇਹੇ ਢੰਗ ਨਾਲ ਦੱਸ ਗਿਆ ਹੈ।

ਰਬਾਬੀਆਂ ਵਿਚ ਸੰਗੀਤ ਹੈ, ਸੰਗੀਤ ਤੇ ਸਾਹਿਤ ਦਾ ਮੇਲ ਹੈ ਤੁਸੀਂ ਅਨਪੜ੍ਹ ਰਬਾਬੀ ਨਾਲ ਵੀ ਗੱਲ ਕਰ ਕੇ ਵੇਖੋ,ਤੁਹਾਨੂੰ ਰਸ ਆਏਗਾ, ਓਸਦਾ ਗੱਲਾਂ ਕਰਨਾ ਕਸਬ ਨਹੀਂ, ਜਿਹਾ ਕਿ ਆਮ ਤੌਰ ਤੇ ਸਮਝਿਆ ਜਾਂਦਾ ਹੈ। ਰਬਾਬੀਆਂ ਦੀਆਂ ਬੇਅੰਤ ਪੀੜ੍ਹੀਆਂ ਰਾਗ ਦੀਆਂ ਮੁਰੀਦ ਰਹੀਆਂ ਹਨ। ਏਸੇ ਪਿੱਛੇ ਓਹਨਾਂ ਦੀ ਕਹਿਣੀ ਵਿਚ ਸਾਹਿਤਕ ਚਾਸ ਹੋਂਦੀ ਹੈ। ਸੱਤੇ ਬਲਵੰਡ ਵਿਚ ਏਹ ਰਸ ਬਹੁਤ ਸੀ। ਓਹ ਵਾਰ ਕਹਿ ਗਏ ਤੇ ਵਾਹਵਾ ਕਹਿ ਗਏ।

-----

# "ਜੇ ਤਉ ਪਿਰੀਆ ਕੀ ਸਿਕ ਹਿਆਉ ਨ ਠਾਹੇ ਕਾਹੀਦਾ"

ਬਾਬਾ ਫਰੀਦ ਜੀ ਆਪਣੇ ਸਜਣ ਦੇ ਮਿਲਣ ਦੀ ਤੀਬਰ ਇੱਛਾ ਰਖਦੇ ਹਨ। ਬਿਰਹਾ ਨੂੰ ਆਪ ਨੇ ਬਹੁਤ ਸੁੰਦਰ ਢੰਗ ਨਾਲ ਦੱਸਿਆ ਹੈ। ਏਥੇ ਵੀ ਪਿਆਰੇ ਦੀ ਸਿਕ ਹੈ। ਓਹ ਸਿੱਕ ਪੂਰੀ ਕਿਸ ਤਰ੍ਹਾਂ ਹੋਵੇ? ਕਹਿੰਦੇ ਹਨ, ਕਿਸੇ ਦਾ ਦਿਲ ਨਾ ਦੁਖਾਓ। ਬਾਬਾ ਜੀ ਨੇ ਬੜੇ ਸੋਹਣੇ ਢੰਗ ਨਾਲ ਦਸਿਆ ਹੈ ਕਿ ਰੱਬ ਹਰ ਹਿਰਦੇ ਵਿਚ ਹੈ ਤੇ ਪਿਆਰ ਦਾ ਚਾਹਵਾਨ ਹੈ। ਲਿਟ੍ਰੇਰੀ ਰੰਗ ਏਨਾ ਫ਼ਬਵਾਂ ਹੈ ਕਿ ਕਹਿਣ ਦੀ ਗੱਲ ਨਹੀਂ। ਭਾਵ ਏਨਾ ਖੁਲ੍ਹਾ ਹੈ ਕਿ ਹੈਰਾਨ ਹੋਈਦਾ ਹੈ ਪਈ ਕਿਵੇਂ ਚਾਰ ਅਖਰਾਂ ਵਿਚ ਗਲ ਬੰਦ ਹੋ ਗਈ ਹੈ।

'ਠਾਹੇ' ਦਾ ਲਫ਼ਜ਼ ਬੜਾ ਟਿਕਾਣੇ ਦਾ ਹੈ। ਹਾਲੀਂ ਵੀ ਰਿਵਾਜ ਹੈ, ਜੋ ਪੁਰਾਣੀਆਂ ਬੁੱਢੀਆਂ ਹਦਵਾਣਿਆਂ ਦੇ ਬੀਆਂ ਨੂੰ ਚੱਟੂ ਦੇ ਉਤੇ ਪੱਥਰ ਦਾ ਚਕਲਾ ਧਰ ਕੇ, ਗਿਠ ਭਰ ਡੰਡੇ ਨਾਲ ਉੱਤੇ ਹਲਕੀ ਸੱਟ ਲਾਂਦੀਆਂ ਹਨ ਤੇ ਬੀ ਦੋਫਾੜ ਹੋ ਜਾਂਦਾ ਹੈ। ਏਹ ਕਹਾਉਂਦਾ ਹੈ 'ਠਾਹਣਾ।' ਹਿਰਦੇ ਨੂੰ ਠਾਹੋ ਨ, ਦੋ ਟੁੱਕ ਨ ਕਰੋ। ਠਾਹਣਾ ਸਤਾਉਣ ਨਾਲੋਂ, ਵਧੇਰੇ ਤੇਜ਼ ਲਫ਼ਜ਼ ਹੈ। ਸਤਾਉਣ ਨਾਲ ਤਾਂ ਦੁਖ ਹੈ। ਓਹਦਾ ਤੋੜ ਹੋ ਸਕਦਾ ਹੈ, ਪਰ ਜੇ ਹਿਰਦਾ ਠਾਹ ਸੁੱਟਿਆ ਤਾਂ ਗੱਲ ਖਤਮ। ਜੇ ਸਖਤ ਤੋਂ ਸਖਤ ਬੋਲੀਆਂ ਦਿਨ ਦਿਹਾੜੇ ਵੱਜਦੀਆਂ ਰਹੀਆਂ ਤਾਂ ਹਿਰਦਾ ਦੋ ਟੁੱਕ ਹੀ ਹੋਣਾ ਹੈ। ਸਹਿਜ ਸੁਭਾ ਵੀ, ਕੋਈ ਭੈੜੀ ਗੱਲ ਨਿਕਲ ਜਾਂਦੀ ਹੈ। ਅਗਲੇ ਦਾ ਦਿਲ ਸੜਦਾ ਹੈ, ਜਿਸ ਨੂੰ ਮੁਆਫੀ ਮੰਗਿਆਂ ਜਾਂ ਆਪਣੇ ਚੰਗੇ ਕਰਮ ਨਾਲ ਦਰੁਸਤ ਕਰ ਸਕੀਦਾ ਹੈ।



Digitized by Panjab Digital Library | www.panjabdigilib.org

ਬਾਬਾ ਜੀ ਬੜੇ ਪਿ ਮਾਰ ਨਾਲ, ਮੁਰੀਦ ਦੀ ਪਿੱਠ ਉਤੇ ਹੱਥ ਫੇਰ ਕੇ ਕਹਿੰਦੇ ਹਨ; 'ਪੁਤਰ ! ਕਿਸੇ ਦਾ ਦਿਲ ਨਹੀਂ ਦੁਖਾਈਦਾ', ਬੜਾ ਬਜ਼ੁਰਗਾਨਾ ਲਹਿਜਾ ਹੈ। ਸਖਤ ਤੇ ਕੁਰਖਤ ਲਫਜ਼ ਨਹੀਂ । ਏਨਾ ਵੀ ਨਹੀਂ ਕਿਹਾ ਪਈ ਅਗਲੇ ਤੇਰਾ ਦਿਲ ਦੁਖਾਣਗੇ । ਨਹੀਂ ਤਾਂ ਬਿਆਨ ਵਿਚ ਤੁਰਸ਼ੀ ਆ ਜਾਣੀ ਸੀ। ਤੁਰਸ਼ੀ ਨਾਲ ਏਸ ਪਿਆਰ ਸਮਝਾਉਣੀ ਜੁਗਤੀ ਦਾ ਅਸਰ ਜਾਂਦਾ ਰਹਿਣਾ ਸੀ। ਪਿਆਰ ਨਾਲ ਕਹਿ ਕੇ ਏਹ ਦੱਸ ਦਿਤਾ ਹੈ, ਜੇ ਪਿਆਰੇ ਦੀ ਲੋੜ ਹੈ ਤਾਂ ਕਿਸੇ ਦਾ ਹੀਆ ਨਹੀਂ ਠਾਹਣਾ ਚਾਹੀਦਾ। ਫ਼ਰੀਦ ਜੀ ਦਬਾ ਪਾਕੇ ਨਹੀਂ ਕਹਿੰਦੇ। ਮੁਰੀਦ ਸਿਆਣਾ ਤੇ ਪੜ੍ਹਿਆ ਗੁੜ੍ਹਿਆ ਹੈ, ਆਪ ਵਿਚਾਰੇਗਾ। ਦਬਾ ਨਾਲ ਮੁਰੀਦ ਛਿੱਥਾ ਪੈ ਜਾਂਦਾ। ਏਸ ਵਾਸਤੇ ਬਾਬਾ ਜੀ ਨੇ ਨਰਮੀ ਦਾ ਪੈਂਤੜਾ ਰਖਿਆ ਹੋਇਆ ਹੈ। ਕਦੇ ਕਦੇ ਕਰੜੇ ਬੋਲ ਕਹਿ ਜਾਂਦੇ ਹਨ, ਜਿਵੇਂ 'ਬੇਨਿਮਾਜਾ ਕੁਤਿਆ ਏਹ ਨ ਭਲੀ ਰੀਤ।'

ਸ਼ੇਖ ਜੀ ਨੇ ਓਹੋ ਗੱਲ ਆਖੀ, ਜਿਹੜੀ ਇਕ ਰਾਜ ਕੁਮਾਰ ਨੇ ਕਈ ਸਦੀਆਂ ਪਹਿਲਾਂ ਆਖੀ ਸੀ । ਓਸ ਨੇ ਦਇਆ ਤੇ ਰਹਿਮ ਦੀ ਰੌ ਚਲਾਈ ਸੀ। ਓਸ ਰਹਿਮ ਦਾ ਅਸਲੀ ਭਾਵ ਫਰੀਦ ਜੀ ਨੇ ਦਸਿਆ। ਕਿਸੇ ਨੂੰ ਨਿਰਾ ਤਲਵਾਰ ਮਾਰ ਕੇ ਅਹਿੰਸਾ ਦਾ ਉਲੰਘਣ ਨਹੀਂ ਹੋਂਦਾ, ਸਗੋਂ ਬਲੀ ਮਾਰਨਾ, ਕੁਬੋਲ ਬੋਲਣਾ ਵੀ ਹਿੰਸਾ ਹੈ,ਏਸ ਤੋਂ ਰੋਕਣਾ ਚਾਹੁੰਦੇ ਸਨ।

ਹਿਰਦਾ ਤੋੜਨ ਦਾ ਜੋ ਸਿਲਾ ਮਿਲਣਾ ਹੈ, ਦੱਸਿਆ ਨਹੀਂ, ਪਰ ਲਫਜ਼ਾਂ ਦਾ ਵੰਧੇਜ, ਕਹਿਣੀ ਦਾ ਸੁਚੱਜਾ ਢੰਗ ਫੁੱਟ ਫੁੱਟ ਕੇ ਕਹਿ ਰਿਹਾ ਹੈ ਕਿ ਏਹ ਇਵਜ਼ਾਨਾ ਮਿਲਣਾ ਹੈ । ਬਾਬਾ ਜੀ, ਪਰਬਤ ਨੂੰ ਰਾਈ ਬਣਾ ਕੇ, ਭਾਵ ਘਟਣ ਨਹੀਂ ਦੇਂਦੇ। ਬੜਾ ਸਾਹਿਤਕ ਗੁਣ ਹੈ । ਪੰਜਾਬ ਨੂੰ ਮਾਣ ਹੈ ਕਿ ਓਹਦਾ ਏਹ ਸ਼ਾਇਦ, ਪਹਿਲਾ ਸ਼ਾਇਰ ਅਣਬਣੀ ਬੋਲੀ ਨੂੰ ਰੰਗ ਲਾ ਕੇ ਅਗਲਿਆਂ ਸ਼ਾਇਰਾਂ ਦਾ ਸਦੀਆਂ ਦਾ ਕੰਮ ਸਾਲਾਂ ਵਿਚ ਮੁਕਾ ਗਿਆ ਹੈ। ਆਪ ਪੰਜਾਬੀ ਦੇ ਬਾਲਮੀਕ ਅਖਵਾ ਸਕਦੇ ਹਨ । ਫਰੀਦ ਜੀ ਪੰਜਾਬੀ ਬੋਲੀ ਦੇ ਮਹਾਂ ਪੰਡਿਤ ਹਨ, ਕੱਚੀ ਜ਼ਬਾਨ ਨੂੰ ਪੱਕੀ

ਬਣਾ ਗਏ ਹਨ। ਕਦੇ ਵੀ ਫੋਕੀ ਗੱਲ ਨਹੀਂ ਕਹਿੰਦੇ। ਭਾਵ ਤੇ ਭਾਸ਼ਾ ਇਕ ਦੂਏ ਤੋਂ ਵਧਵੇਂ ਹੋਂਦੇ ਹਨ। ਭਾਵ ਤੇ ਭਾਸ਼ਾ ਦੇਖ ਕੇ, ਖਾਨ ਖਾਨਾ ਅਬਦੁਲ ਰਹੀਮ ਦਾ ਦੋਹਾ ਯਾਦ ਆ ਗਿਆ—

ਨੈਣ ਸਲੋਣੇ ਅਧਰ ਮਧੁ, ਕਹੁ ਰਹੀਮ ਘਟ ਕੌਨ ?
ਮੀਠੋ ਭਾਵੈ ਲੌਨ ਪਰ, ਅਰ ਮੀਠੋ ਪਰ ਲੌਨ।

ਲਫ਼ਜ਼ਾਂ ਦੀ ਛੂਹ ਮੂਹ ਨਾਲ ਹੀ ਕੰਮ ਨਹੀ ਸਾਰਦੇ। ਗੱਲ ਦਿਲੋਂ ਉਠਦੀ, ਦਿਮਾਗ ਵਿਚਾਰਦਾ, ਬੋਲੀ ਅਪਣਾਉਂਦੀ ਤੇ ਕਾਗਜ਼ ਸੰਭਾਲਦਾ ਹੈ। "ਹਿਆਉ ਨ ਠਾਹੇ ਕਹੀਦਾ" ਦਿਲੋਂ ਉੱਠੀ, ਦਿਮਾਗ ਨੇ ਸੋਚਿਆ ਪਈ ਜੇ ਜੀਊਣਾ ਹੈ ਤਾਂ ਕਿਸੇ ਦਾ ਦਿਲ ਨਹੀਂ ਤੋੜਨਾ ਚਾਹੀਦਾ, ਏਹ ਗੱਲ ਅਜਿਹੀ ਜੁਗਤੀ ਨਾਲ ਕਹੀ ਕਿ ਸੁਣਨ ਵਾਲਾ ਬੋਲ ਨਹੀਂ ਸਕਦਾ। ਦਿਮਾਗ ਨੇ ਦਲੀਲ ਭਾਲੀ ਕਿ ਜੇ ਰੱਬ ਨੂੰ ਮਿਲਣਾ ਹੈ ਤਾਂ ਹਿਰਦਾ ਨਾ ਤੋੜਾਂ। ਜਦ ਜ਼ਬਾਨ (ਬੋਲੀ) ਪਾਸ ਗੱਲ ਆਈ, ਤਾਂ ਓਹਨੇ ਪਹਿਲਾਂ ਤਾਂ ਠਾਹਣਾ ਲਫ਼ਜ਼ ਚੰਗਾ ਲੀਤਾ, ਫੇਰ ਸਿੱਕ ਵੀ ਡੂੰਘੇ ਅਰਥਾਂ ਵਾਲਾ ਵਰਤਿਆ. ਪਿਰੀਆ ਦੀ ਮਿਠਾਸ ਅਨੋਖੀ ਹੈ। ਠਾਹੇ ਦਾ, 'ਠਾ' ਸਖਤ ਹੈ, ਪਰ ਨਾਲ ਪਿਰੀਆ ਵਰਗੇ ਕੋਮਲ ਸ਼ਬਦ ਹਨ। ਏਸ ਲਈ ਓਹਦੇ ਵਿਚ ਨਰਮਾਇਸ਼ ਆਈ ਜਾਪਦੀ ਹੈ। ਜਿਸ ਤਰ੍ਹਾਂ ਮੁਸੱਵਰ ਗੂੜ੍ਹੇ ਰੰਗ ਕੋਲ, ਵਖਰੇ ਅੰਦਾਜ਼ ਨਾਲ ਹਲਕਾ ਰੰਗ ਲਾ ਕੇ, ਗੂੜ੍ਹਾਪਣ ਨਰਮ ਕਰਦਾ ਹੈ, ਓਸੇ ਤਰ੍ਹਾਂ ਬਾਬਾ ਜੀ ਵੀ ਏਹ ਢੰਗ ਵਰਤ ਗਏ। ਬੋਲੀ ਤਾਂ ਆਈ, ਪਰ ਕਹਿਣ ਦਾ ਢੰਗ ਵੀ ਚਾਹੀਦਾ ਸੀ। ਸੋ ਢਬ ਵੀ ਸੋਹਣਾ ਹੈ।ਪਿਰੀਆ ਦੀ ਸਿੱਕ ਕਹਿ ਦਿਤਾ ਹੈ।

ਤੁਕ ਵਿਚ ਉੱਚੇ ਦਰਜੇ ਦੀਆਂ ਖੂਬੀਆਂ ਹਨ। ਸਿਰਫ ਏਸ ਤੁਕ ਦਾ ਪ੍ਰਚਾਰ ਹੀ ਮੇਰੇ ਜਿਹੇ ਗੁਸੈਲਿਆਂ ਨੂੰ, ਰਾਹੇ ਪਾ ਸਕਦਾ ਹੈ। ਮਹਾਰਾਜਾ ਅਸ਼ੋਕ ਨੂੰ ਏਸੇ ਅਸੂਲ ਨੇ ਅਮਰ ਕਰ ਦਿਤਾ। ਏਹ ਭਾਵ ਮਨੁਖਤਾ ਲਈ ਜਿੰਨਾ ਜ਼ਿਆਦਾ ਜ਼ਰੂਰੀ ਹੈ, ਓਨਾ ਹੀ ਅਸਾਂ ਫਜ਼ੂਲ ਸਮਝ ਲਿਆ ਹੋਇਆ ਹੈ। ਏਹੋ ਭਾਵ ਜਗਤ ਜਲੰਦੇ ਨੂੰ ਬਚਾ ਸਕਦਾ ਹੈ। ਏਸ ਤੁਕ ਵਿਚ ਗੁਰੂ ਨਾਨਕ ਜੀ ਦਾ ਦਿਲ ਧੜਕਦਾ ਹੈ।



Digitized by Panjab Digital Library | www.panjabdigilib.org

# ਜੋਬਨ ਜਾਂਦੇ ਨ ਡਰਾ ਜੇ ਸਹਿ ਪ੍ਰੀਤ ਨ ਜਾਇ'

ਜੋਬਨ ਮਨ ਨੂੰ ਹੁਲਾਰਾ ਦੇਣਾ ਵਾਲਾ ਲਫ਼ਜ਼ ਹੈ । ਇਕ ਅਗਾਂਹ ਵਧੂ ਸ਼ਬਦ ਜਾਪਦਾ ਹੈ। ਕਈ ਥਾਈਂ ਜਾਂ ਕਈ ਵਾਰੀ ਜੋਬਨ ਹੀ ਜੀਵਨ ਸਮਝਿਆ ਜਾਂਦਾ ਹੈ। ਜੋਬਨ ਨਾਂ ਜਵਾਨੀ ਦਾ ਹੈ । ਜੋ ਸਵਾਦ 'ਜੋਬਨ' ਕਹਿਆਂ ਆਉਂਦਾ ਹੈ, ਓਹ ਜਵਾਨੀ ਆਖਿਆਂ ਨਹੀਂ ਮਿਲਦਾ। ਜੋਬਨ ਵਿਚ ਹੁਸਨ ਵੀ ਭਾਅ ਮਾਰਦਾ ਹੈ । ਜੋਬਨ ਸੁੰਦਰਤਾ ਦੀ ਤਸਵੀਰ ਨੂੰ ਪ੍ਰਗਟ ਕਰਨ ਲਈ, ਹਲਕੇ ਜਿਹੇ ਰੰਗ ਦੀ ਛੋਹ ਦਾ ਕੰਮ ਕਰਦਾ ਹੈ। ਜੋਬਨ ਨੂੰ ਹਰ ਮੁਲਕ ਦੇ ਸ਼ਾਇਰਾਂ ਸਲਾਹਿਆ ਹੈ । ਸ਼ਾਇਰ ਹੁਸਨ ਤੇ ਜਵਾਨੀ ਦੀ ਨਾਤ ਨੂੰ ਵਾਹਵਾ ਜਾਣਦੇ ਹਨ। ਜੋਬਨ ਉੱਤੇ ਹਿੰਦ ਦਾ ਮਹਾਂ ਕਵੀ ਕਾਲੀ ਦਾਸ ਵੀ ਮੋਹਿਤ ਹੋਇਆ ਹੋਇਆ ਸੀ । ਓਸ ਨੇ ਰਾਜਾ ਦੁਸ਼ਿਅੰਤ ਦੇ ਮੂੰਹੋਂ ਤਪਸਣੀ ਸ਼ਕੁੰਤਲਾ ਬਾਬਤ ਕਹਾਇਆ ਸੀ-'ਏਹਦੇ ਸੀਨੇ ਕਲਮਾਂ ਦੀ ਤਰ੍ਹਾਂ ਹਨ, ਜਿਵੇਂ ਕੰਵਲਾਂ ਉਤੋਂ ਸਿਬਾਲ (ਜਾਲਾ) ਆ ਜਾਂਦਾ ਹੈ, ਤਿਵੇਂ ਏਹਨੇ ਸੀਨਿਆਂ ਉਤੇ, ਆਸ਼ਰਮੀ ਲੀੜੇ ਪਾਏ ਹੋਏ ਹਨ।

ਭਗਤੀ ਲਹਿਰ ਵਾਲਿਆਂ ਨੇ ਵੀ ਜੋਬਨ ਨੂੰ ਵਡਿਆਇਆ ਹੈ। ਮਹਾਂ ਕਵੀ ਸੂਰ ਦਾਸ ਤੇ ਓਹਨਾਂ ਦੇ ਸੱਤ ਸਾਥੀਆਂ ਦੀਆਂ ਕਈ ਮਿਸਾਲਾਂ ਲਭ ਸਕਦੀਆਂ। ਭਗਤੀ ਲਹਿਰ ਵੇਲੇ ਹੀ ਪਾਕ ਪਟਨ ਵਿਚ ਬਾਬਾ ਫਰੀਦ ਹੋਏ। ਰੇਤਲਾ ਇਲਾਕਾ ਸੀ, ਵੱਸੋਂ ਖਿਲਰੀ ਹੋਈ ਸੀ ਤੇ ਲੋਕ ਹਰ ਇਲਮੋਂ ਘੱਟ ਜਾਣੂ ਸਨ। ਆਪ ਕੱਲਰੀ ਭੋਂ ਵਿਚ ਕੰਵਲ ਵਾਂਗ ਹੋਏ। ਕੌਲ ਫੁਲ ਵਿਚੋਂ, ਜੋਬਨ ਡੁਲ੍ਹ ਡੁਲ੍ਹ ਪੈਂਦਾ ਹੈ ਤੇ ਜੋਬਨ ਠਾਠਾਂ ਮਾਰਦਾ ਹੈ। ਕਮਲ ਆਪਣੇ ਆਪ, ਅਗਲੇ ਨੂੰ ਹੁਸਨ-ਪ੍ਰੀਤੀ ਦੀ ਰੀਝ



Digitized by Panjab Digital Library | www.panjabdigilib.org

ਪੈਦਾ ਕਰਦਾ ਹੈ, ਖ਼ੂਬਸੂਰਤੀ ਮਾਣਨ ਦਾ ਰਸ ਉਪਜਾਉਂਦਾ ਹੈ। ਹੁਸਨ ਦਾ ਵੇਰਵਾ ਦੇਣ ਲਈ ਆਪ ਹੀ ਕਿਤਾਬ ਹੈ ਤੇ ਆਪ ਹੀ ਹੁਸਨ-ਪਰਖਨੀ ਬਿਰਤੀ ਚਮਕਾਊ ਉਸਤਾਦ ਹੈ।

ਸੰਸਕ੍ਰਿਤ ਵਿਚ ਇਕ ਅਟੱਲ ਸਚਿਆਈ ਆਉਂਦੀ ਹੈ 'ਸਤਿਅਮ ਸ਼ਿਵਮ ਸੁੰਦਰਮ' ਸਤਿ (ਸੱਚ) ਸ਼ਿਵਮ ਕਲਿਆਣ ਸਰੂਪ (ਸੁਖੀ ਤੇ ਸੁਖੀ ਕਰਨ ਵਾਲਾ) ਸੁੰਦਰਮ (ਖ਼ੂਬਸੂਰਤ) ਹੈ। ਗੱਲ ਬਣੀ ਕਿ ਸੱਚ ਕਿਉਂਕਿ ਸੁੰਦਰ (ਹੁਸਨ) ਹੈ, ਏਸ ਲਈ ਸੁਖੀ ਕਰਨ ਵਾਲਾ ਹੈ। ਸੱਚ ਸੁੰਦਰ ਕਿਉਂ ਹੈ ? ਦੂਜੇ ਲਫ਼ਜ਼ਾਂ ਵਿਚ ਸੱਚ ਪਿਆਰਾ ਕਿਉਂ ਹੈ ? ਏਸ ਲਈ ਕਿ ਸੁਖੀ ਕਰਨ ਵਾਲਾ ਹੈ। ਕਈ ਵਾਰੀ ਕਹੀਦਾ ਹੈ, ਓਹ ਚੀਜ਼ ਸੋਹਣੀ ਹੈ, ਮਤਲਬ ਹੋਂਦਾ ਹੈ ਪਿਆਰੀ ਦਾ। ਪਿਆਰੀ ਕੀ ਹੋਈ ? ਪ੍ਰੀਤੀ। ਸੋ ਸ਼ਹੁ ਦੀ ਪ੍ਰੀਤੀ ਮਹਾਨ ਵਸਤੂ ਹੈ। ਪ੍ਰੀਤੀ ਜੋਬਨ ਨੂੰ ਬਹਾਰ ਦੇਣ ਵਾਲੀ ਹੈ। ਪ੍ਰੀਤੀ ਤੋਂ ਬਿਨਾ ਕਈ ਜੋਬਨ ਤੇ ਹੁਸਨ ਵੀ ਕਹਿ ਲਵੋ ਸੁੱਕ ਮੁੱਕ ਜਾਂਦੇ ਹਨ। ਏਹ ਪ੍ਰੀਤੀ ਖੁਲ੍ਹੇ ਪੈਮਾਨੇ ਦੀ ਹੈ। ਸ਼ਹੁ ਦੀ ਪ੍ਰੀਤੀ ਜੋ ਹੋਈ। ਓਹ ਸਹੁ ਜੋ ਜੱਗ ਦਾ ਖਸਮ ਹੈ। ਦੁਨੀਆਂ ਨੂੰ ਪਿਆਰੀ ਇਸਤ੍ਰੀ ਵਾਂਗ ਸੁਖੀ ਰਖਣਾ ਚਾਹੁੰਦਾ ਹੈ। ਕਈ ਵਾਰੀ ਤੀਵੀਂ ਕੰਤ ਨੂੰ ਖਿਚਦੀ ਹੈ। ਆਪਣੇ ਜੋਬਨ ਨੂੰ ਸੰਭਾਲ ਕੇ ਰਖਦੀ ਹੈ। ਖੌਂਦ ਵੇਖ ਵੇਖ ਕੇ ਰੀਝਦਾ ਹੈ। ਜੇ ਜੋਬਨ ਚਲਾ ਵੀ ਜਾਵੇ ਤਾਂ ਵੀ ਇਸਤਰੀ ਲੋਚਦੀ ਹੈ ਕਿ ਸਾਈਂ ਪ੍ਰੀਤੀ ਕਰੇ। ਜੋਬਨ ਕੋਲੋਂ ਵੀ ਪ੍ਰੀਤ ਵਡੇਰੀ ਹੋਈ। ਪ੍ਰੀਤ ਹਿਤ ਸਿਖਾਉਂਦੀ ਹੈ। ਦਰਦ ਵੰਡਾਉਣ ਦੀ ਸੂਝ ਦੇਂਦੀ ਹੈ।

ਫਰੀਦ ਜੀ ਨੇ ਕਈ ਮਿਸਾਲਾਂ ਵਿਚ ਪ੍ਰੀਤੀ ਦੇ ਕਈ ਅੰਗ ਦਸੇ ਹਨ। ਇਕ ਥਾਂ ਦੱਸਿਆ:–

"ਕਤਿਕ ਕੂੰਜਾ ਚੇਤਿ ਡਉ ਸਾਵਣ ਬਿਜੁਲੀਆ
ਸੀਆਲੇ ਸੋਹੰਦੀਆ ਪਿਰ ਗਲ ਬਾਹੜੀਆ"

ਆਪ ਨੇ ਪਿਰੀ ਦੇ ਗਲ ਬਾਹਾਂ ਪਾਈਆਂ, ਯਕੀਨਨ ਪਾਈਆਂ। ਲੋਕਾਂ ਨਾਲ ਪਿਆਰ ਕਰਦੇ ਸਨ, ਭੁੱਲਿਆਂ ਨੂੰ ਦੇਖ ਕੇ ਤੜਫਦੇ ਸਨ। ਪਿਆਰ ਕਰਨਾ ਹੀ ਪਿਰੀ ਗਲ ਬਾਹਾਂ ਪਾਉਣਾ ਸੀ। ਕਈ ਆਦਮੀ



Digitized by Panjab Digital Library | www.panjabdigilib.org

ਬਿਰਹਾ ਦੱਸ ਜਾਂਦੇ ਹਨ। ਮਿਲਾਪ ਵੇਲੇ ਚੁਪ ਸਾਧਦੇ ਹਨ, ਪਰ ਫਰੀਦ ਜੀ ਨੇ ਸੰਜੋਗ ਪਿਆਰ ਦਾ ਰਸ ਲੀਤਾ ਹੈ ਤੇ ਪਾਠਕ ਨੂੰ ਵੀ ਪੜ੍ਹ ਕੇ ਖੁਸ਼ੀ ਹੋਂਦੀ ਹੈ।

ਵਿਛੋੜੇ ਦੇ ਸ਼ਿੰਗਾਰ ਨਾਲ ਆਪ ਦੀ ਬਾਣੀ ਮੂੰਹੋਂ ਮੂੰਹ ਭਰੀ ਹੋਈ ਹੈ, ਜਿਹਾ ਕੁ :–

ਅਜ ਨ ਸੁਤੀ ਕੰਤ ਸਿਉ ਅੰਗ ਮੁੜੇ ਮੁੜ ਜਾਇ ॥

ਆਪ ਜੀ ਦਾ ਸ਼ਹੁ ਨਾਲ ਪਿਆਰ ਸੀ; ਕਿਉਂਕਿ ਜੋਬਨ ਸੀ। ਸ਼ਹੁ ਵੀ ਏਹਨਾਂ ਉਤੇ ਭੁਲਿਆ ਹੋਇਆ ਸੀ। ਆਪ ਨੇਮ ਨਿਭਾਂਦੇ ਸਨ, ਇਕ ਸਾਰ ਓਹਦੇ ਵਲ ਜਾਂਦੇ ਸਨ। ਜਾਣਾ ਕੀ ਸੀ? (ਸ਼ੁਭ ਗੁਣਾਂ ਨੂੰ ਅਪਣਾਉਣਾ) ਜੇ ਕਿਧਰੇ ਸ਼ੁਭ ਗੁਣਾਂ ਦਾ ਨੇਮ ਟੁੱਟ ਜਾਂਦਾ ਜਾਂ ਇਕ ਪਾਸੇ ਅਸ਼ੁਭ ਗੁਣ, ਤਰ੍ਹਾਂ ਤਰ੍ਹਾਂ ਦੇ ਲਾਲਚ ਦੇਂਦੇ ਤੇ ਦੂਜੇ ਪਾਸੇ ਸ਼ਹੁ ਦੀ ਪ੍ਰੀਤੀ (ਸ਼ੁਭ ਗੁਣ ਪਿਆਰ) ਦਿਸਦੀ, ਤਾਂ ਬਿਹਬਲ ਹੋ ਜਾਂਦੇ ਤੇ ਕਹਿੰਦੇ:–

ਚਲਾ ਤਾ ਭਿਜੈ ਕੰਬਲੀ ਰਹਾ ਤਾ ਤੁਟੈ ਨੇਹੁ ॥

ਦੋਚਿੱਤੀ ਵਿਚ ਹੋ ਜਾਂਦੇ। ਏਸ ਅਵਸਥਾ ਦਾ ਬਿਆਨ, ਮਹਾਂ ਕਵੀ ਗਾਲਿਬ ਨੇ ਵੀ ਕੀਤਾ ਹੈ :–

'ਈਮਾਂ ਮੁਝ ਖੈਂਚੇ ਹੈ, ਤੋ ਖੈਂਚੇ ਹੈ ਕੁਫ਼ਰ ਭੀ,
ਕਾਅਬਾ ਮੇਰੇ ਪੀਛੇ ਹੈ, *ਕਲੀਸਾ ਮੇਰੇ ਆਗੇ।

ਭਾਈ ਵੀਰ ਸਿੰਘ ਨੇ ਵੀ ਏਸ 'ਦੋ-ਚਿੱਤੀ' ਨੂੰ ਦਿਖਾਇਆ ਹੈ–

"ਮਿੱਠੇ ਤਾਂ ਲਗਦੇ ਮੈਨੂੰ ਫੁੱਲਾਂ ਦੇ ਹੁਲਾਰੇ
ਪਰ ਜਾਨ ਮੇਰੀ ਹੈ ਕੁਸਦੀ"

ਸ਼ੇਖ ਫਰੀਦ ਜੀ ਏਸ ਦੋਚਿੱਤੀਉਂ ਉਚੇ ਉਠੇ ਹਨ ਤੇ ਵੱਜ ਵਜਾ ਕੇ ਕਹਿ ਦਿਤਾ।

"ਭਿਜਉ ਸਿਜਉ ਕੰਬਲੀ ਅਲਹੁ ਵਰਸੈ ਮੇਹੁ ॥
ਜਾਇ ਮਿਲਾ ਤਿਨਾ ਸਜਣਾ ਤੁਟੈ ਨਾਹੀ ਨੇਹੁ ॥"

---

*ਗਿਰਜਾ।

ਲੱਕ ਬੰਨ੍ਹਿਆ, ਮੀਂਹ ਵਸਦੇ ਦੀ ਪਰਵਾਹ ਨ ਕਰਦੇ ਹੋਏ, ਆਪਣੇ ਸਜਣ (ਗੁਣ) ਨੂੰ ਜਾ ਮਿਲੇ। ਭਾਵੇ ਅਲਾਹ ਵਰਸੈ ਮੇਹੁ (ਕੁਦਰਤ ਨੇ ਅਨ੍ਹੇਰੀ ਤੂਫਾਨ ਰਾਹ ਵਿਚ) ਰੋਕ ਪਾਉਣ ਲਈ ਲਿਆਂਦੇ, ਪਰ ਫਰੀਦ ਜੀ ਛਪਾ ਛਪ ਚਲੇ ਗਏ।

ਜਿਸ ਤਰ੍ਹਾਂ ਜੋਬਨ ਰਹਿਣ ਦੇ ਨਾਲ ਖਾਵਿੰਦ ਪਿਆਰ ਕਰਦਾ ਹੈ, ਤੇ ਪਿਆਰ ਨ ਰਹਿਣ ਨਾਲ ਪਰੇ ਹਟਣਾ ਚਾਹੁੰਦਾ ਹੈ। ਫਰੀਦ ਜੀ ਨੂੰ ਡਰ ਹੈ ਕਿ ਜੋਬਨ ਢਲਣ ਨਾਲ ਮੇਰਾ ਸਾਈਂ ਵੀ ਪਰੇ ਨ ਹੋ ਜਾਵੇ ਤੇ ਜੀਵਨ ਦਾ ਸਵਾਦ ਫਿੱਕਾ ਨ ਪੈ ਜਾਵੇ। ਸ਼ੱਕ ਤਾਂ ਠੀਕ ਹੀ ਹੈ, ਕਈ ਮਹਾਤਮਾ ਪੈਂਤੜਿਓਂ ਥਿੜਕ ਜਾਂਦੇ ਹਨ, ਪਰ ਫਰੀਦ ਜੀ ਦਾ ਜੋਬਨ ਤਾਂ ਅਢਲਵਾਂ ਹੈ ਤੇ ਪ੍ਰੀਤੀ ਟੁਟਣੀ ਹੀ ਨਹੀਂ।

----



Digitized by Panjab Digital Library | www.panjabdigilib.org

# ਮਨਿ ਜੀਤੈ ਜਗੁ ਜੀਤੁ

ਕਵਿਤਾ ਵਿਚ ਸੰਛੇਪਤਾ ਦਾ ਹੋਣਾ ਬੜਾ ਜ਼ਰੂਰੀ ਹੈ, ਸੁਰ ਨਾਲ ਕੀਤੀ ਹੋਈ ਨਿੱਕੀ ਗੱਲ, ਵਡਿਆਂ ਲੈਕਚਰਾਂ ਨਾਲੋਂ ਵਧੇਰੇ ਅਸਰ ਰਖਦੀ ਹੈ। ਇਖ਼ਤਸਾਰ ਜਾਂ ਸੰਛੇਪਤਾ ਕਹਿਣੀ ਦਾ ਗਹਿਣਾ ਹੈ। ਫੇਰ ਅੱਜ ਕੱਲ ਦੇ ਜ਼ਮਾਨੇ ਵਿਚ, ਜਦ ਕਿ ਹਰ ਚੀਜ਼ ਜਲਦੀ ਮੁਕਣ ਨਾਲ ਸੋਹਣੀ ਲਗਦੀ ਹੈ। ਜਲਦੀ ਸਫ਼ਰ ਮੁਕਾਉਣ ਵਾਲੀ ਸਵਾਰੀ ਭਾਉਂਦੀ ਹੈ। ਛੇਤੀ ਕੰਮ ਨਿਬੇੜਨ ਵਾਲੀ ਮਸ਼ੀਨ ਖਰੀਦਣ ਨੂੰ ਜੀਅ ਕਰਦਾ ਹੈ। ਕਿਸੇ ਸਮਾਗਮ ਨੂੰ ਝਬਦੇ ਖਤਮ ਕਰਨ ਵਾਲਾ ਪ੍ਰੋਗਰਾਮ ਚੰਗਾ ਲਗਦਾ ਹੈ। ਵਡੇ ਪ੍ਰੋਗ੍ਰਾਮ ਦਾ ਵੇਰਵਾ ਦੇਖਦੇ ਹੀ ਚਿੱਤ ਦੋ-ਚਿੱਤਾ, ਹੋ ਜਾਂਦਾ ਹੈ। ਹੋਰ ਤਾਂ ਹੋਰ ਬਾਲਾਂ ਦੀਆਂ ਤਬੀਅਤਾਂ ਵੀ ਲੰਬਾ ਪਿਆ ਕੰਮ ਦੇਖਣਾ ਨਹੀਂ ਚਾਹੁੰਦੀਆਂ। ਮੇਰਾ ਸਾਢੇ ਚਾਰ ਸਾਲ ਦਾ ਬੱਚਾ, ਕਸੌਲੀ ਦੀ ਸੜਕ ਉਤੇ ਸਾਡੇ ਨਾਲ ਸੈਰ ਕਰ ਰਿਹਾ ਸੀ। ਰਾਹ ਵਿਚ ਇੱਕ ਸਜਣ ਮਿਲ ਪਿਆ। ਮੈਂ ਖਲੋ ਗਿਆ, ਕਾਕੇ ਹੋਰਾਂ ਨੂੰ ਤੋਰ ਦਿਤਾ। ਬੱਚੇ ਨੇ ਮਾਂ ਨੂੰ ਆਖਿਆ, "ਪਾਪਾ ਜੀ ਤਾਂ ਫਜ਼ੂਲ ਗੱਲਾਂ ਕਰਦੇ ਨੇ।" ਬੱਚਾ ਚਾਹੁੰਦਾ ਹੀ ਨਹੀਂ ਸੀ ਕਿ ਮੈਂ ਲੰਬੇ ਵਹਿਣਾਂ ਵਿਚ ਪੈ ਜਾਵਾਂ। ਅਸੀਂ ਵੱਡੀਆਂ ਕਿਤਾਬਾਂ ਨੂੰ ਦੇਖ ਕੇ ਪੋਥੇ ਕਹਿਣ ਲੱਗ ਪੈਂਦੇ ਹਾਂ। ਇਹ ਪੋਥਾ ਵਡੱਪਣ ਜ਼ਾਹਿਰ ਨਹੀ ਕਰਦਾ, ਸਗੋਂ ਕਿਤਾਬ ਦੇ ਫੈਲਾ ਦੀ ਨਿੰਦਿਆ ਹੈ। ਪੋਥਾ ਮਹਾਨ ਗ੍ਰੰਥ ਦੇ ਅਰਥਾਂ ਵਿਚ ਨਹੀਂ ਵਰਤਦੇ। ਗੱਲ ਕੀ, ਟਿਕਾਣੇ ਦੀ ਤੇ ਛੋਟੀ ਗੱਲ ਕੀਤੀ ਲੋੜਦੇ ਤੇ ਲੋਚਦੇ ਹਾਂ।

"ਮਨਿ ਜੀਤੈ ਜਗੁ ਜੀਤ" ਨਿੱਕਾ ਫਿਕਰਾ ਹੈ, ਪਰ ਵੱਡੇ ਅਰਥ ਰਖਦਾ ਹੈ। ਜਿਸ ਤਰ੍ਹਾਂ ਦੁਨੀਆਂ ਦੇ ਨਾਮੀ ਚਿਤ੍ਰਕਾਰ ਪ੍ਰੋਫੈਸਰ ਨਿਕੋ ਲਸ



Digitized by Panjab Digital Library | www.panjabdigilib.org

ਰੋਰਿਕ ਨੇ ਛੋਟੀਆਂ ਛੋਟੀਆਂ ਤਸਵੀਰਾਂ ਵਿਚ ਹਿਮਾਲੀਆ ਨੂੰ ਬੰਨ੍ਹ ਲਿਆ ਹੈ, ਤਿਵੇ ਏਸ ਤੁਕ ਦੀ ਤਸਵੀਰ ਵਿਚ, ਭਾਵਾਂ ਦੇ ਮਹਾਨ ਹਿਮਾਲੀਏ ਨੂੰ ਲਿਆਂਦਾ ਗਿਆ ਹੈ। ਗੰਗਾ ਦਰਿਆ ਨੂੰ ਵੇਖ, ਓਹਦੇ ਜਲ ਦੀਆਂ ਖ਼ੂਬੀਆਂ ਨੂੰ ਪਰਖ ਕੇ ਅਸੀਂ ਕਹਿ ਦੇਦੇ ਹਾਂ, ਜਿਥੋਂ ਇਹ ਨਿਕਲਿਆ ਹੈ, ਓਹ ਪਰਬਤ ਰੱਬੀ ਨਿਆਮਤਾਂ ਦਾ ਖ਼ਜ਼ਾਨਾ ਹੈ, ਇਵੇਂ ਹੀ ਅਸੀਂ ਕਹਿ ਸਕਦੇ ਹਾਂ, ਜਿੱਥੋਂ ਤੁਕ ਦੀ ਧਾਰਾ ਨਿਕਲੀ, ਓਹ ਹਿਮਾਲੀਆ ਕੀ, ਮਹਾ ਹਿਮਾਲੀਆ ਹੈ। ਧਾਰਾ ਕੀ ਹੈ, ਜੀਵਨ ਦਾ ਤੱਤ ਹੈ। ਮਨ ਉਤੇ ਸਾਰੀ ਖੇਡ ਹੈ। ਮਨ ਦੀ ਸੁਰ ਆਪਣੇ ਨਾਲ ਮਿਲ ਗਈ ਤਾਂ ਗੱਲ ਖ਼ਤਮ। ਫੇਰ ਤਾਂ ਸਮਝੋ ਜਗ ਜਿੱਤਿਆ ਗਿਆ। ਮਨ ਕੀ ਹੈ? ਮਨ ਹੈ 'ਜੋਤਿ ਸਰੂਪ'। 'ਮਨ ਤੂ ਜੋਤਿ ਸਰੂਪ ਹੈ ਆਪਣਾ ਮੂਲ ਪਛਾਣ।' ਮਨ ਏਧਰ ਓਧਰ ਹੋ ਜਾਂਦਾ ਹੈ, ਵਿਘਨ ਪੈਂਦਾ ਹੈ, ਜੀਵਨ ਬੇਰਸ ਹੋ ਜਾਂਦਾ ਹੈ। ਸਤਿਗੁਰੂ ਸਮਝਾਂਦੇ ਹਨ 'ਓਇ ਤੂੰ ਤਾਂ ਜੋਤਿ-ਸਰੂਪ ਹੈਂ ਆਪਣੇ ਮੂਲ ਦਾ ਤੈਨੂੰ ਥਹੁ ਕਿਉਂ ਨਹੀਂ ਰਿਹਾ?' ਤੂੰ ਤਾਂ ਓਹੋ ਸ਼ੈ ਹੈਂ, ਜਿਸ ਨੂੰ ਲੋਕ ਲੋਚਦੇ ਹਨ।" ਓਹਦੀ ਖ਼ੁਦੀ ਜਗਾਂਦੇ ਹਨ। ਖ਼ੁਦੀ ਨੂੰ ਪਿਆਰ ਤੇ ਠਰ੍ਹੰਮੇ ਨਾਲ ਜਗਾਉਂਦੇ ਹਨ। ਖ਼ੁਦੀ ਵੀ ਜਰਮਨ ਫਿਲਾਸਫਰ ਨੇਸ਼ੇ ਦੀ ਨਹੀਂ, ਜਿਸ ਨੇ ਜਰਮਨਾਂ ਦੇ ਦਿਮਾਗ ਵਿਚ ਅਜਿਹੀ ਫੂਕ ਮਾਰੀ, ਜਿਹਦੇ ਕਰ ਕੇ ਭੜ ਭੜ ਕਰਦੀ ਅਗ ਭੜਕੀ, ਜੋ ਸਾਰੀ ਕੌਮ ਤੇ ਦੇਸ਼ ਨੂੰ ਸਵਾਹ ਕਰ ਗਈ ਤੇ ਦੁਨੀਆਂ ਨੂੰ ਝੁਲਸਾ ਗਈ। ਨੇਸ਼ੇ ਦੇ ਖਿਆਲ ਨਾਲ ਆਪਣੇ ਆਪ ਨੂੰ ਉੱਚਾ ਸਮਝਣ ਲਗ ਪਏ ਤੇ ਦੂਜੀਆਂ ਕੌਮਾਂ ਨੂੰ ਨੀਵਾਂ। ਏਸ ਫਲਸਫੇ ਦਾ ਦੋਹਾਂ ਵੱਡਿਆਂ ਜੰਗਾਂ ਵਿਚ ਹਥ ਸੀ, ਖੈਰ।

"ਮਨ ਤੂ ਜੋਤਿ ਸਰੂਪ ਹੈ"। ਤੂੰ ਸਭ ਕੁਝ ਹੈਂ। ਤੇਰਾ ਮੂਲ ਜੋਤਿ ਹੈ। ਓਹ ਜੋਤੀ ਹਰ ਵਿਚ ਜਗ ਮਗਾ ਰਹੀ। ਇਸ ਤਰ੍ਹਾਂ ਸਭ ਦਾ ਮਨ ਇਕੋ ਜਿਹਾ ਹੋਇਆ। ਕੌਮਾਂ, ਫਿਰਕੇ ਤੇ ਵਰਨਾਂ ਦਾ ਸਵਾਲ ਨਹੀਂ ਉਠਦਾ। ਮਨ ਤੂੰ ਆਪਣਾ ਮੂਲ ਪਛਾਣ। ਮੂਲ ਤੇਰਾ ਸਭ ਥਾਂ ਤੇ ਪ੍ਰਕਾਸ਼ ਕਰ ਰਿਹਾ ਹੈ ਤੇ ਤੂੰ ਆਪਣੀ ਤਾਕਤ ਨਹੀਂ ਵੇਖਦਾ, ਆਪਣੀ ਕੀਮਤ ਨਹੀਂ ਪਾਂਦਾ। ਆਪਣੇ ਆਪ ਨੂੰ ਭੁਲ ਗਿਆ ਹੈਂ। ਜੇ ਤੂੰ ਆਪਣੇ ਆਪ ਨੂੰ ਜਾਣ-



Digitized by Panjab Digital Library | www.panjabdigilib.org

ਲਵੇਂ, ਤਾਂ ਸਾਰਿਆਂ ਦਾ ਮੂਲ ਤੇ ਤੇਰਾ ਮੂਲ ਇੱਕੋ ਹੀ ਹੈ।

ਉਪਰਲੀ ਖੁਦੀ ਨੋਸ਼ੇ ਦੀ ਖੁਦੀ ਨਾਲੋਂ ਨਿਆਰੀ ਹੈ। ਪੰਜਾਬ ਦੇ ਵੱਡੇ ਸ਼ਾਇਰ ਤੇ ਫਿਲਾਸਫਰ, ਡਾਕਟਰ ਸਰ ਮੁਹੰਮਦ ਇਕਬਾਲ ਤੇ ਵੀ, ਆਪਣੇ ਪੰਜਾਬੀ ਬਜ਼ੁਰਗ ਬਾਬਾ ਨਾਨਕ ਦਾ ਅਸਰ, ਪਿਆ ਜਾਪਦਾ ਹੈ। ਡਾਕਟਰ ਸਾਹਿਬ ਨੇ ਪਰਦੇਸੀ ਫਿਲਾਸਫਰਾਂ ਦੀਆਂ ਕਿਤਾਬਾਂ, ਪੜ੍ਹੀਆਂ ਗੁੜ੍ਹੀਆਂ ਹੋਈਆਂ ਸਨ। ਜਿਸ ਮਹਾਨ ਸ਼ਖਸੀਅਤ ਨੂੰ, ਓਹਨਾਂ ਆਪਣੀ ਕਵਿਤਾ ਦੇ ਸ਼ੇਅਰਾਂ ਵਿਚ ਯਾਦ ਕੀਤਾ ਹੋਵੇ ਤੇ ਜਿਸ ਨੂੰ ਮੰਨਣ ਵਾਲੇ ਗਵਾਂਢੀ ਹੋਣ, ਓਹਨਾਂ ਦੇ ਗੁਰੂਆਂ ਦੇ ਖਿਆਲਾਂ ਨੂੰ ਐਡਾ ਇਲਮ ਦੋਸਤ ਤੇ ਖੋਜੀ ਕੀਕੁਣ ਛੱਡ ਸਕਦਾ ਸੀ? ਡਾਕਟਰ ਸਾਹਿਬ ਸੁਲਾਹ ਵਾਲੀ ਖੁਦੀ ਪ੍ਰਗਟਾਉਣੀ ਚਾਹੁੰਦੇ ਸਨ, ਜਿਹੜੀ ਖੁਦੀ ਪੰਜਾਬ ਵਿਚ ਪਹਿਲਾਂ ਪ੍ਰਗਟਾਈ ਗਈ ਸੀ, ਤੇ ਜਿਨੇ ਮੋਏ ਪੰਜਾਬੀਆਂ ਵਿਚ ਜਾਨ ਪਾ ਦਿਤੀ ਸੀ।

ਖੁਦੀ ਮਨ ਦੀ ਜੋਤ ਹੈ; ਓਹਦੇ ਵਿਚ ਧੁੰਦਲਾਪਨ ਨ ਆਵੇ, ਸਾਫ ਦੀ ਸਾਫ ਰਹੇ ਤਾਂ ਜਗ ਜਿੱਤਿਆ ਗਿਆ।ਖੁਦੀ ਨਾਲ ਇਨਸਾਨ ਚੜ੍ਹਦੀਆਂ ਕਲਾਂ ਵਿਚ ਰਹਿੰਦਾ ਹੈ। ਖੁਦੀ ਵਾਲਾ ਪਰਾਏ ਹੱਥਾਂ ਵਲ ਨਹੀਂ ਤਕਦਾ, ਲੋਭ ਲਾਲਚ ਤੋਂ ਉੱਚਾ ਹੋ ਜਾਂਦਾ ਹੈ। ਲੋਭ ਨ ਆਵੇ ਤਾਂ ਡਿਗਾ ਕਾਹਦਾ? ਖੁਦਦਾਰ ਸ਼ਖਸ ਗੁਲਾਮੀ ਦੇ ਬਹੁਤ ਖਿਲਾਫ ਹੋਂਦਾ ਹੈ। ਓਹ ਦੂਸਰਿਆਂ ਦੀ ਖੁਦੀ ਦੀ ਕਦਰ ਕਰਦਾ ਹੈ। ਦੂਸਰਿਆਂ ਨੂੰ ਨੀਵਾਂ ਦੇਖ ਕੇ ਨਿਚੱਲਾ ਨਹੀਂ ਬਹਿੰਦਾ। ਗੁਲਾਮੀ ਦੂਰ ਕਰਨ ਹਿਤ ਜੋ ਵੇਲੇ ਦਾ ਹਥਿਆਰ ਹੋਵੇ, ਅਕਲ ਮੁਤਾਬਿਕ ਵਰਤ ਜਾਂਦਾ ਹੈ ਤੇ ਦੁਨੀਆਂ ਨਾਲ ਦਰਦ ਵੰਡਾ ਜਾਂਦਾ ਹੈ। ਸਭ ਦਾ ਪਿਆਰ ਪ੍ਰਾਪਤ ਹੋਇਆ,ਤਾਂ ਜੱਗ ਆਪੇ ਜਿੱਤਿਆ ਗਿਆ।

----



Digitized by Panjab Digital Library | www.panjabdigilib.org

## ਇਨੀ ਨਿਕੀ ਜੰਘੀਐ ਥਲ ਡੂਗਰ ਭਵਿਓਮਿ ॥
## ਅਜੁ ਫਰੀਦੈ ਕੂਜੜਾ ਸੈ ਕੋਹਾ ਥੀਓਮਿ ॥

ਸ੍ਰੀ ਸ਼ੇਖ ਫਰੀਦ ਜੀ, ਆਪ ਬੀਤੀ ਦੱਸਣ ਦੇ ਵੱਡੇ ਚਿੱਤ੍ਰਕਾਰ ਹਨ। ਬਾਬਾ ਜੀ ਦੀ ਮੁਸੱਵਰੀ ਅਸਰ ਵੀ ਕਰਦੀ ਹੈ। ਪਾਠਕ ਪਾਸੋਂ ਵਾਹਵਾ ਲੈ ਪਰ੍ਹਾਂ ਨਹੀਂ ਹੋ ਜਾਂਦੀ ਸਗੋਂ ਲੜੋਂ ਫੜ ਕੇ ਖਲਿਹਾਰ ਲੈਂਦੀ ਹੈ। ਓਹਦੇ ਦਿਮਾਗ਼ ਦੇ ਪੱਲੇ ਅੱਛੀ ਤਰ੍ਹਾਂ ਭਰ ਦੇਂਦੀ ਹੈ।

ਸ੍ਰੀ ਬਾਬਾ ਜੀ ਆਪ ਬੀਤੀ ਦੀ ਤਸਵੀਰ ਖਿੱਚਦੇ ਹਨ। ਆਪਣੀਆਂ ਲੱਤਾਂ ਸਦਕਾ, ਮੈਦਾਨ ਤੇ ਪਰਬਤ ਗਾਹੇ ਸਨ। ਟੋਏ ਟਿੱਬੇ ਦੇਖੇ ਸਨ। ਉਤਰਾਵਾਂ ਚੜ੍ਹਾਵਾਂ ਦਾ ਵੇਰਵਾ ਤਕਿਆ ਸੀ। ਇਹ ਵੇਰਵਾ ਨਿੱਕੀਆਂ ਜੰਘਾਂ ਨਾਲ ਲੈ ਲਿਆ। ਛੋਟੀਆਂ ਬਿਰਤੀਆਂ ਨਾਲ ਸਭ ਕੁਝ ਤੱਕਿਆ ਸੀ, ਪਰ ਅੱਜ ਉਮਰ ਜ਼ਿਆਦਾ ਹੋ ਗਈ ਹੈ; ਖਿਆਲ ਸੀ ਕਿ ਬਹੁਤੇ ਤਜਰਬੇ ਹੋਣ ਨਾਲ ਬੁੱਧੀ ਤੇ ਬਿਰਤੀ ਪੱਕ ਜਾਏਗੀ, ਸੋਹਣੀਆਂ ਸਕੀਮਾਂ ਸੋਚੇਗੀ; ਪਰ ਹੈਰਾਨੀ ਦੀ ਗੱਲ ਹੈ ਕਿ ਬੁਢੇਪੇ ਕਾਇਆਂ ਪਲਟਾ ਦਿੱਤੀ ਹੈ। ਓਹ ਜਵਾਨੀ ਨਹੀਂ ਰਹੀ, ਭਖਵਾਂ ਚਿਹਰਾ ਨਹੀਂ ਦਿਸਦਾ। ਵਾਲ ਵੀ ਪਲ ਗਏ ਹਨ (ਚਿੱਟੇ ਹੋ ਗਏ ਹਨ) ਹੱਥਾਂ ਦੀਆਂ ਨਾੜਾਂ ਸਾਹਨੇ ਦੀ ਧੌਣ ਵਾਂਗ ਖੜੀਆਂ ਹੋ ਗਈਆਂ ਹਨ, ਸੌਂਤਿਆ ਨਹੀਂ ਰਹੀ, ਹੱਥ ਧੋਣ ਨੂੰ ਜੀਅ ਕਰਦਾ ਹੈ, ਕਿਉਂਕਿ ਸਾਫ ਹੋ ਮਾਲਕ ਦਾ ਨਾਂ ਲੈਣਾ ਹੈ, ਪਰ ਅਫਸੋਸ ਹੈ, ਅੱਜ ਚੱਲਿਆ ਨਹੀ ਜਾਂਦਾ। ਕੁੱਜਾ ਫੜਨ ਦੀ ਹਿੰਮਤ ਨਹੀਂ। ਅੱਜ ਆਸਾ ਨਿਰਾਸਾ ਦਾ ਮੂੰਹ ਦਿਖਾ ਰਹੀ ਹੈ। ਇਹ ਭਾਣਾ ਵਰਤਿਆ ਕਿਉਂ? ਫਰੀਦ ਜੀ ਨੂੰ ਬੁਢੇਪੇ ਨੇ ਦਬਾ ਲਿਆ ਹੈ। ਗੁਣ ਨੂੰ ਔਗੁਣ ਨੇ ਢਾਹ ਲਿਆ ਹੈ, ਫਰੀਦ ਜੀ ਬੁਢੇਪੇ ਦੇ ਜਾਂ ਔਗੁਣ ਦੇ ਵਹਿਣ ਵਿਚ



Digitized by Panjab Digital Library | www.panjabdigilib.org

ਨਹੀਂ, ਰੁੜ੍ਹੋ ਕਿਉਂਕਿ ਆਪਣੀ ਖਿੱਚ ਮੌਜੂਦ ਹੈ। ਸੋਹਣੇ ਪਾਸੇ ਜਾਣ ਦੀ ਚਾਹ ਹੈ। ਸੱਚਾ ਜੀਵਨ ਗੁਜ਼ਾਰਨ ਦਾ ਬੜਾ ਮਜ਼ੇਦਾਰ ਤਰਲਾ ਹੈ। ਸੱਚਾ ਤੇ ਸੁੰਦਰ ਸਾਹਿੱਤਕ ਹੌਕਾ ਹੈ। ਏਹ ਤਰਲਾ, ਦਿਲ ਢਾਹੂ ਨਹੀਂ। ਏਹ ਹੌਕਾ ਢਹਿੰਦੀਆਂ ਕਲਾਂ ਵਲ ਲੈ ਜਾਣ ਵਾਲਾ ਨਹੀਂ। ਏਹ ਦੋਹਰਾ ਹਲਕਾ ਜਿਹਾ ਜਜ਼ਬਾ ਨਹੀਂ ਲੁਕਾਈ ਬੈਠਾ। ਸ਼ਲੋਕ ਵਿਚ ਲੁਕੀ ਹੋਈ ਹਿੰਮਤ ਹੈ ਕਿ ਪਹਿਲਾਂ ਛੋਟੀ ਉਮਰੇ ਐਨਾ ਸਾਰਾ ਕੰਮ ਕੀਤਾ, ਹੁਣ ਵੱਡੀ ਉਮਰ ਵਿਚ ਕਿਉਂ ਨਹੀਂ ਕਰਦਾ? ਉਤਸ਼ਾਹ ਸਾਫ ਹੈ।

ਕੰਬਦੇ ਹੋਏ ਹੱਥਾਂ ਨੂੰ ਜਾਣੋ ਸਿੱਖਿਆ ਦੀ ਟੋਹਣੀ ਦੇ ਕੇ ਖਲਿਹਾਰ ਰਹੇ ਹਨ। ਹੱਥਾਂ ਨੂੰ ਸੁਣਾ ਰਹੇ ਹਨ, 'ਭੈੜਿਓ ਕਿਹੜੀ ਗੱਲੋਂ ਥਿੜਕੀ ਜਾ ਰਹੇ ਹੋ? ਤੁਸੀਂ ਓਹੋ ਹੀ ਹੋ, ਜਿਨ੍ਹਾਂ ਨੇ ਕਈ ਉਪਕਾਰ ਕੀਤੇ ਸਨ। ਤੁਸੀਂ ਹੁਣ ਕਿਉਂ ਸਾਹ ਛੱਡ ਬੈਠੇ ਹੋ, ਕਿਸ ਗੱਲੋਂ ਕੰਬਦੇ ਹੋ? ਕੀ ਆਹ ਸਾਹਵੇਂ ਪਏ ਕੁੱਜੇ ਨੂੰ ਫੜ ਨਹੀਂ ਸਕਦੇ?" ਕਿੰਨੀ ਅਗਾਂਹ ਵਧੂ ਤੁਕ ਹੈ। ਕਿੰਨਾ ਜੀਵਨ ਲਈ ਵੰਗਾਰਨ ਵਾਲਾ ਦੋਹਰਾ ਹੈ, ਕਿੰਨੀ ਹਿੰਮਤ ਦੇਣ ਵਾਲਾ ਲਹਿਜਾ ਹੈ।

ਫ਼ਰੀਦ ਜੀ ਹੈਰਾਨ ਹਨ ਕਿ ਅੱਜ ਮੈਨੂੰ, ਕੁੱਜਾ ਸੈ ਕੋਹਾਂ ਤੇ ਕਿਉਂ ਦਿਸਦਾ ਹੈ? ਅੱਜ ਪਿਆਰ ਵਿਚ ਏਨੀ ਵਿੱਥ ਕਿਉਂ ਪੈ ਗਈ ਹੈ? ਅੱਜ ਪ੍ਰੀਤਮ ਸਾਹਮਣੇ ਵੀ, ਅਸਾਹਮਣੇ ਕਿਉਂ ਹੋ ਗਿਆ ਹੈ?

----



Digitized by Panjab Digital Library | www.panjabdigilib.org

# ਭਿੰਨੀ ਰੈਨੜੀਏ ਚਮਕਣ ਤਾਰੇ, ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ

(ਮ: ੩)

ਮੇਰਿਆਂ ਕੰਨਾਂ ਵਿਚ ਅਣੋਖੀ ਬੰਸਰੀ ਦੀ ਮਧੁਰ ਸੁਰ ਗੂੰਜ ਰਹੀ ਹੈ। ਏਹ ਤੁਕ ਬਿਰਤੀ ਅੱਗੇ, ਬੁਰਸ਼ਾਂ ਦਾ ਕੰਮ ਕਰਕੇ ਤਸਵੀਰ ਖਿੱਚਦੀ ਜਾ ਰਹੀ ਹੈ । ਅਸਲੀ ਕਵਿਤਾ ਦਾ ਕ੍ਰਿਸ਼ਮਾ ਦਿਖਾ ਰਹੀ ਹੈ। ਜੋ ਦਿਲ ਮਹਿਸੂਸ ਕਰਕੇ ਲਿਖੇ, ਓਸਦਾ ਕਿੰਨਾ ਅਸਰ ਹੋਣਾ ਚਾਹੀਦਾ ਹੈ, ਪ੍ਰਤੱਖ ਜਵਾਬ ਦੇ ਰਹੀ ਹੈ। ਤੁਕ ਨੂੰ ਪੜ੍ਹ ਕੇ ਮੈਂ ਭਿੰਨੀ ਰੈਣ ਦੇ ਆਨੰਦ ਵਿਚ ਮਸਤ ਹੋ ਗਿਆ ਹਾਂ। ਏਹ ਰੈਣ ਬੇਹੋਸ਼ੀ ਦੀ ਨਹੀਂ, ਸਗੋਂ ਮਸਤੀ ਦੀ ਹੈ। ਹਾਂ, ਏਹ ਵਿਚਾਰ ਦੇਣ ਵਾਲੀ ਤੇ ਸੁੱਤੀ ਅਕਲ ਜਗਾਉਣ ਵਾਲੀ ਹੈ।

ਮਹਾਂ ਚਿਤ੍ਰਕਾਰ ਤੇ ਫਿਲਾਸਫਰ ਪ੍ਰੋਫੈਸਰ ਨਿਕੋ ਲਸ ਰੋਰਿਕ ਕੁੱਲੂ ਵਿਚ ਰਹਿੰਦੇ ਹਨ। ਆਪ ਨੇ ਆਪਣਾ ਵਤਨ ਰੂਸ, ਸਿਆਸੀ ਕਾਰਨਾਂ ਕਰਕੇ ਛੱਡ ਦਿਤਾ ਸੀ, ਪਰ ਆਤਮ ਰਸੀਏ ਨੂੰ ਪਰਦੇਸ ਵੀ ਦੇਸ ਹੀ ਹੈ। ਏਹ ਰਿਸ਼ੀ ਪਰਬਤਾਂ ਵਿਚ ਰਹਿ ਕੇ, ਹਰ ਇਕ ਦੇਸ ਦੀ ਆਪਣੇ ਢੰਗ ਨਾਲ ਸੇਵਾ ਕਰ ਰਹਾ ਹੈ। ਪ੍ਰੋਫੈਸਰ ਸਾਹਿਬ ਦੇ ਬੁਰਸ਼ ਵਿਚ ਅੰਦਰਲੇ ਦੇ ਭਾਵ ਹੋਂਦੇ ਹਨ। ਅੰਦਰਲਾ ਰੂਪ ਧਾਰਕੇ ਬਾਹਰ ਆਉਂਦਾ ਹੈ। ਏਸ ਤਰ੍ਹਾਂ ਆਪ ਨੇ ਕਈ ਤਸਵੀਰਾਂ ਵਿਚ, ਰਾਤ ਦੇ ਅੰਦਰਲੇ ਨੂੰ ਦਿਖਾਇਆ ਹੈ। ਆਪ ਜ਼ਿਆਦਾ ਗੂੜ੍ਹੇ ਰੰਗ ਵਰਤਦੇ ਹਨ । ਓਹਨਾਂ ਰੰਗਾਂ ਦਾ ਬਿਆਨ ਜੀਭ ਨਹੀਂ ਕਰ ਸਕਦੀ, ਆਪਣੀ ਸਮਝ ਮੁਤਾਬਿਕ



Digitized by Panjab Digital Library | www.panjabdigilib.org

ਦਿਮਾਗ ਕਰਦਾ ਹੈ। ਆਪ ਨੇ ਵੀ ਭਿੰਨੀਆਂ ਰੈਨੜੀਆਂ ਬਣਾਈਆਂ ਹਨ, ਰੰਗ ਚਿੱਟ ਨੀਲੇ ਜਿਹੇ ਕਰਕੇ, ਰਾਤ ਦਾ ਰੰਗ ਬੰਨ੍ਹਦੇ ਤੇ ਕਿਧਰੇ ਸਖਤ ਅਨ੍ਹੇਰੀ ਰਾਤ ਦਾ ਗੂੜ੍ਹਾ ਕਾਲਾ ਰੰਗ ਦੇ ਕੇ ਅਜੀਬ ਸ਼ਾਂਤੀ ਦਾ ਸਮਾਂ ਦਸਦੇ ਹਨ। ਰਾਤਾਂ ਹੋਰਨਾਂ ਚਿਤ੍ਰਕਾਰਾਂ ਵੀ ਸੋਹਣੀਆਂ ਬਣਾਈਆਂ ਹਨ ਤੇ ਰਾਤ ਉੱਤੇ ਕਵੀਆਂ ਵਾਹਵਾ ਸ਼ੇਅਰ ਕਹੇ ਹਨ, ਪਰ ਜਿਹੜੀ ਬਹਾਰ ਉਪਰਲੀ ਤੁਕ ਦੇ ਰਹੀ ਹੈ, ਹੋਰਥੇ ਨਹੀਂ ਦਿਸਦੀ ਤੇ ਜੋ ਰੰਗ ਰੋਰਿਕ ਜੀ ਲਿਆਉਂਦੇ ਹਨ, ਹੋਰਥੇ ਘਟ ਹੀ ਦਿਸਣਗੇ। ਆਪ ਨੇ ਸਦੀਆਂ ਬਾਅਦ ਭਿੰਨੀ ਰੈਣੜੀ ਦਾ ਮਤਲਬ ਦੱਸਿਆ ਹੈ।

ਮੈਂ ਵੀ ਕਈ ਵਾਰ ਭਿੰਨੀ ਰੈਨੜੀ ਦੇਖਦਾ ਹਾਂ, ਇਕ ਵਾਰੀ ਤੁਕ ਦੀ ਨੂਰੀ ਪਗ ਡੰਡੀ (ਕਹਿਕਸ਼ਾਂ) ਮੈਨੂੰ ਉਪਰ ਲੈ ਗਈ ਸੀ, ਜਿੱਥੇ ਜਾ ਕੇ ਹੇਠਲਾ ਸੋਰਠਾ ਕਿਹਾ ਸੀ:-

ਡੂੰਘੀ ਡੂੰਘੀ ਰਾਤ ਤਕਦੇ ਤਕਦੇ ਜਾਪਿਆ,
ਜਿਉਂ ਸ਼ੀਸ਼ੇ ਵਿਚਕਾਰ ਦੇਖ ਰਿਹਾ ਹਾਂ ਆਪ ਨੂੰ।

ਰਾਤ ਨੂੰ ਜਿਉਂ ਜਿਉਂ ਤੱਕੋ, ਤਿਉਂ ਤਿਉਂ ਸਾਡੇ ਮਨ ਦੀ ਤੇ ਕੁਦਰਤ ਦੀ ਬੇਅੰਤਤਾ ਦਸਦੀ ਹੈ ਤੇ ਜਤਲਾਂਦੀ ਹੈ ਕਿ ਜੇ ਇਨਸਾਨ ਅਗਾਂਹ ਵਧੇ, ਤਾਂ ਲਖਾਂ ਪਤਾਲਾਂ ਤੇ ਅਕਾਸਾਂ ਦੀ ਹਾਥ ਲੈ ਸਕਦਾ ਹੈ।

ਗੁਰੂ ਸਾਹਿਬ ਦਸਦੇ ਹਨ ਕਿ ਭਿੰਨੀ ਰੈਣ ਵੇਲੇ ਕਿਹੋ ਜਿਹ ਜਨ ਜਾਗਦੇ ਹਨ? ਜਨ, ਪਰਉਪਕਾਰੀ ਹਨ ਤੇ ਲੋਕ ਹਿਤ ਵਾਲੇ ਸ੍ਰੀ ਬੁੱਧ ਵਰਗੇ, ਜਿਹੜੇ ਭਿੰਨੀ ਰੈਣ ਸਮੇਂ ਸਚ ਦੀ ਭਾਲ ਵਿਚ ਮਹਿਲੋਂ ਤੁਰੇ ਸਨ।

ਸੰਤ ਜਨ ਜਾਗ ਰਹੇ ਹਨ। ਦੁਨੀਆਂ ਵਿਚ ਰਹਿੰਦੇ, ਬਹਿੰਦੇ, ਖਾਂਦੇ ਤੇ ਪੀਂਦੇ ਵੀ ਜਗ ਤੋਂ ਵਖਰੇ ਹਨ। ਜਗ ਸੌਂਦਾ ਹੈ, ਏਹ ਜਾਗਦੇ ਹਨ ਜੀਵਨ ਲਈ, ਸੋਚ ਦੀਆਂ ਅੱਖਾਂ ਖੋਲ੍ਹਦੇ ਹਨ। ਨਿਰਾ ਸੋਚਦੇ ਹੀ ਨਹੀਂ, ਹੱਥ ਪੈਰ ਵੀ ਹਿਲਾਉਂਦੇ ਹਨ। ਕਰਮ ਯੋਗੀ ਹਨ, ਫਰਜ਼ ਨਿਭਾਉਂਦੇ ਹਨ। ਬਹੱਤਰ ਸਾਲ ਦੀ ਉਮਰ ਵਿਚ ਸੇਵਾ ਕਰਦੇ ਹਨ। ਏਹਨਾਂ ਨੂੰ ਭਿੰਨੀ ਰੈਣ ਤਾਂ ਮਾਨੋ, ਤਿੰਨ ਵਜੇ ਫੋਨ ਕਰਦੀ ਹੈ। ਏਹ

ਸੰਤ ਉਠਦੇ ਹਨ। ਅੱਜ ਤੋਂ ਸਾਢੇ ਤਿੰਨ ਕੁ ਸੌ ਸਾਲ ਪਹਿਲਾਂ ਇਕ ਸਿੱਖ ਸੰਤ ਉਠਦਾ ਸੀ। ਬਿਆਸਾ ਕੰਢੇ ਜਾਂਦਾ ਸੀ।ਓਸ ਦਾ ਹਾਲ ਦਰਿਆ ਦੀ ਜ਼ਬਾਨੀ ਸੁਣੋ:–

ਆਕੜ ਲੈ ਕੇ ਰਾਤ ਜਦੋਂ ਸੀ ਜਾਗਦੀ।
ਟੁਟਦੀ ਹੈਸੀ ਮਸਤੀ ਸੁਫਨੇ ਰਾਗ ਦੀ।
ਤਾਰੇ ਹਾਲ ਸੁਣਾਉਂਦੇ ਹੈਸਨ ਓਸ ਨੂੰ।
ਜਾਗ ਤਦੋਂ ਆ ਜਾਂਦੀ ਬਿਲਕੁਲ ਓਸ ਨੂੰ।
ਮੇਰਾ ਪਾਣੀ ਬੜਾ ਦਾ ਥਰ ਸੀ ਹੋਂਵਦਾ।
ਯਾਦ ਕਿਸੇ ਦੀ ਦੇ ਵਿਚ ਆਣ ਖਲੋਂਵਦਾ।
ਮੇਰੇ ਉੱਤੇ ਤਾਰੇ ਉੱਡ ਕੇ ਆਉਂਦੇ।
ਕੰਢੇ ਵਲ ਸਿਰ ਢੁੱਕਦੇ, ਨੀਝਾਂ ਲਾਉਂਦੇ।
ਤਾਂਘ ਜਿਦ੍ਹੀ ਸੀ ਹੋਂਦੀ ਉਹ ਵੀ ਆਉਂਦਾ।
ਗਾਗਰ ਮੋਢਿਓਂ ਲਾਹ ਕੇ ਨਾਮ ਧਿਆਉਂਦਾ।
"ਧੰਨ ਗੁਰੂ ਧੰਨ" ਕਹਿੰਦੇ ਨਾਮ ਧਿਆਉਂਦਿਆਂ।
ਮੇਰੇ ਅੰਦਰ ਸੇਵਾ ਲਹਿਰ ਚਲਾਉਂਦਿਆਂ।
ਗਾਗਰ ਭਰ ਕੇ ਉੱਚੀ ਸਾਰੀ ਆਖਕੇ:–
"ਆਨੰਦ ਉਹਨੂੰ ਆਉਂਦਾ ਜੋ ਗੁਰ ਪਾ ਲਵੇ।"

(ਸ਼ਾਨਾਂ ਮੇਰੇ ਪੰਜਾਬ ਦੀਆਂ)

ਸੰਤ ਜੁਲਾਹੀ ਦੇ ਮਿਹਣੇ ਦੀ ਪ੍ਰਵਾਹ ਕਰਦਾ ਹੀ ਨਹੀਂ ਸੀ। ਭਿੰਨੀ ਰੈਣ ਦਾ ਜਗਾਇਆ ਹੋਇਆ, ਜਗ ਨੂੰ ਜਗਾ ਗਿਆ। ਭਿੰਨੀ ਰੈਣ ਹੋਰਨਾਂ ਨੂੰ ਵੀ ਕੁਝ ਦਸਦੀ ਹੋਵੇਗੀ, ਪਰ ਓਹ ਏਸ ਉੱਤੇ ਚਲਣ ਨੂੰ ਤਿਆਰ ਨਹੀਂ ਹੋਂਦੇ। ਗੁਰੂ ਜੀ ਕਹਿੰਦੇ ਹਨ ਕਿ ਓਹ ਸੰਤ ਜਨ ਜਾਗਦੇ ਹਨ, ਜੋ ਮੇਰੇ ਰਾਮ ਦੇ ਪਿਆਰੇ ਹਨ। ਓਹਨਾਂ ਨੂੰ ਹਰ ਥਾਂ ਤੇ ਰਾਮ ਰਮਿਆ ਦਿਸਦਾ ਹੈ। ਹਰ ਕੰਮ ਆਉਣ ਵਾਲੀ ਜੋ ਹੋਈ, ਏਸ ਲਈ



Digitized by Panjab Digital Library | www.panjabdigilib.org

ਹਰ ਚੀਜ਼ ਤੋਂ ਸਿੱਖਿਆ ਮਿਲ ਜਾਣੀ ਹੋਈ, ਫੇਰ ਓਹ ਕੀਕੁਣ ਰਾਮ ਤੋਂ ਖਾਲੀ ਹੋ ਸਕਦੀ ਹੈ ? ਰਾਮ ਓਹਨਾਂ ਲਈ ਸੁਖਾਂ ਦਾ ਘਰ ਹੈ । ਸਭ ਅਕਲਾਂ ਦਾ ਮਾਲਕ ਹੈ।

ਅਜਿਹੇ ਨਿੱਤ ਰਹਿਣੇ ਸੁਖ ਤੇ ਸੂਝ ਦੇ ਦਾਤੇ ਰਾਮ ਦੇ ਪਿਆਰੇ ਸੰਤ ਜਨ, ਭਿੰਨੀ ਰੈਣ (ਅਮਨ ਭਰੀ ਅਵਸਥਾ) ਵਿਚ ਵੀ ਕਰਮ ਯੋਗ ਕਰਦੇ ਹਨ।

---



Digitized by Panjab Digital Library | www.panjabdigilib.org

# ਨਦਰੀ ਪਵੈ ਅਕਿਰਤਘਣ ਮਤ ਹੋਇ ਵਿਣਾਸ

ਆਪ ਜੀ ਨੂੰ ਸ਼ਾਇਦ,ਪਤਾ ਹੀ ਨਹੀਂ ਕਿ ਕਿਹੜੀ ਸ਼ੈ ਅਕਿਰਤਘਣ ਦੀ ਨਜ਼ਰ ਨਾਲ ਹੀ ਭ੍ਰਸ਼ਟ ਹੋ ਜਾਣੀ ਹੈ। ਓਹ ਚੀਜ਼ ਬੜੀ ਅਪਵਿਤਰ, ਅਸ਼ੁਧ ਸ਼ੈ ਵਿਚ ਰਿੰਨ੍ਹੀ ਹੋਈ ਤੇ ਖ਼ੂਨ ਲਿਬੜੇ ਲੀੜੇ ਨਾਲ ਕੱਜੀ ਹੋਈ ਹੈ। ਖ਼ੂਨ ਵੀ ਗੰਦੇ ਤੋਂ ਗੰਦਾ ਹੈ। ਚੁੱਕਣ ਵਾਲੀ ਚੂੜ੍ਹੀ ਹੈ, ਜਿਸ ਦੇ ਹੱਥ ਮਨੁਖੀ ਖੋਪਰੀ ਹੈ, ਓਹਦੇ ਵਿਚ ਕੁੱਤੇ ਦਾ ਸ਼ਰਾਬ ਵਿਚ ਰਿੰਨ੍ਹਿਆ ਹੋਇਆ ਮਾਸ ਢੱਕ ਕੇ, ਬੜੇ ਚਾਅ ਮਲ੍ਹਾਰ ਨਾਲ ਜਾ ਰਹੀ ਹੈ। ਕਿਸੇ ਨੇ ਪੁਛਿਆ, ਆਹ ਕੀ ਕੱਜਿਆ ਹੋਇਆ ਈ? ਤਾਂ ਦਸਿਆ ਪਈ ਏਹ ਏਸ ਲਈ ਢੱਕਿਆ ਹੋਇਆ ਹੈ ਕਿ ਏਹਨਾਂ ਚੀਜ਼ਾਂ ਨੂੰ ਅਕਿਰਤਘਨ ਦੀ ਨਜ਼ਰ ਖਰਾਬ ਨ ਕਰ ਦੇਵੇ। ਕੀਕੁਣ ਦੀ ਸੋਚ ਉਡਾਰੀ ਹੈ, ਕਿਹੋ ਜਿਹੀ ਮਜ਼ਮੂਨ ਦੀ ਗੋਂਦ ਹੈ, ਕਿਵੇਂ ਆਪਣੇ ਭਾਵ ਨੂੰ ਟੀਸੀ ਉਤੇ ਚੜ੍ਹਾਇਆ ਹੈ? ਏਹ ਸਭ ਗੱਲਾਂ ਲਿਟ੍ਰੇਰੀ ਬੰਦਾ ਹੀ ਵਿਚਾਰ ਸਕਦਾ ਹੈ।

ਭਾਈ ਗੁਰਦਾਸ ਜੀ ਨੇ ਇਖਲਾਕ ਦੇ ਕਈ ਪਹਿਲੂਆਂ ਉੱਤੇ, ਵੰਨ ਸੁਵੰਨੇ ਖਿਆਲ ਦਿੱਤੇ ਹਨ, ਅਕਿਰਤਘਣਾਂ ਉਤੇ ਪਹਿਲਾਂ ਇੱਕ ਪਉੜੀ ਏਹ ਲਿਖੀ ਕਿ ਧਰਤੀ ਉਤੇ ਬੇਅੰਤ ਨਦੀਆਂ, ਨਾਲੇ, ਦਰਿਆ ਤੇ ਸਮੁੰਦਰ ਹਨ। ਅਨੇਕਾਂ ਹੀ ਵੇਲਾਂ, ਬੂਟੇ, ਬ੍ਰਿਛ ਤੇ ਪਹਾੜ ਹਨ, ਅੱਤ ਦਾ ਭਾਰ ਹੈ, ਪਰ ਧਰਤੀ ਨੂੰ ਹੋਰ ਚੀਜ਼ ਭਾਰੀ ਲਗਦੀ ਹੈ:—

"ਭਾਰੇ ਭੂਈਂ ਅਕਿਰਤਘਨ ਮੰਦੀ ਹੂ ਮੰਦੇ"

ਏਹ ਪਉੜੀ ਲਿਖ ਕੇ, ਫੇਰ ਚੂੜ੍ਹੀ ਵਾਲੀ ਪਉੜੀ ਦਿੱਤੀ ਹੈ। ਏਦੂੰ ਬਾਅਦ, ਅਕਿਰਤਘਣ ਉਤੇ ਕੁਝ ਨਹੀਂ ਲਿਖਿਆ। ਭਾਈ ਸਾਹਿਬ



Digitized by Panjab Digital Library | www.panjabdigilib.org

ਸਮਝਦੇ ਸਨ ਕਿ ਮੱਕਿਓਂ ਪਰੇ ਉਜਾੜ ਹੈ। ਤਸੱਲੀ ਹੋ ਗਈ ਸੀ ਕਿ ਮਜ਼ਮੂਨ ਦੀ ਹੱਦ ਮੁਕਾ ਦਿਤੀ ਹੈ। ਇੰਗਲੈਂਡ ਦੇ ਮਹਾਂ ਕਵੀ ਸ਼ੇਕਸਪੀਅਰ ਨੇ ਏਸ ਮਜ਼ਮੂਨ ਉਤੇ ਲਿਖਿਆ ਹੈ, ਪਰ ਸਿਆਣਿਆਂ ਨੂੰ ਜੋ ਏਸ ਪਉੜੀ ਵਿਚੋਂ ਲਭਣਾ ਹੈ, ਓਹ ਹੋਰਥੋਂ ਨਹੀ ਮਿਲਣਾ। ਮੈਂ ਡੂੰਘੇ ਮੁਕਾਬਲੇ ਨਹੀਂ ਕਰਨੇ, ਏਸ ਰਸ ਨੂੰ ਪਿਆਉਣ ਲਈ ਜੀਅ ਕਰਦਾ ਹੈ। ਮੈਂ ਸਾਕੀ ਬਣ ਗਿਆ ਹਾਂ। ਤੁਸੀਂ ਬੁੱਕ ਭ... ਭਰ ਪੀਵੀ ਜਾਓ। ਪਰ੍ਹੇ ਵਿਚ ਖਪ ਨ ਪਾਉਣੀ, ਹੋਰ ਸ਼ਰਾਬ ਨ ਮੰਗਣੀ। ਏਸ ਤਰ੍ਹਾਂ ਦੀ ਸ਼ਰਾਬ ਪੰਜਾਬੀ ਦਾ ਮਸਤਾਨਾ ਤੇ ਭਾਈ ਸਾਹਿਬ ਦੇ ਸਮੇਂ ਦਾ ਸ਼ਾਇਰ, ਸ਼ਾਹ ਹੁਸੈਨ ਵੀ ਨਹੀਂ ਦੇ ਸਕਿਆ। ਏਸ ਸ਼ਰਾਬ ਦੇ ਮੁਕਾਬਲੇ ਉਤੇ ਵਾਰਸ ਦੀ ਰੰਗੀਨ ਸੁਰਾਹੀ—ਹੀਰ, ਸਖਣੀ ਸਖਣੀ ਜਾਪਦੀ ਹੈ। ਏਹੋ ਜਿਹੀ ਸ਼ਰਾਬ ਬੁਲ੍ਹੇ ਦੀਆਂ ਫਕੀਰਾਨਾਂ ਠੂਠੀਆਂ (ਕਾਫੀਆਂ) ਵਿਚ ਵੀ ਨਹੀਂ। ਅਜਿਹੀ ਸ਼ਰਾਬ ਦੇਣ ਤੋਂ ਹਾਸ਼ਮ ਦੇ ਮੱਟ—ਦੋਹੜੇ ਅਸਮਰੱਥ ਹਨ। ਏਹ ਸ਼ਰਾਬ ਹੋਰ ਭਾਰਤੀ ਬੋਤਲਾਂ ਤੋਂ ਵੀ ਸੋਹਣੀ ਹੈ। ਪੰਜਾਬੀ ਸਾਹਿਤ ਦੀ ਮਦ-ਸ਼ਾਲਾ, ਜਿੰਨਾ ਏਸ ਸ਼ਰਾਬ ਉਤੇ ਸਿਰ ਚੁਕੇ, ਓਨਾ ਹੀ ਥੋੜ੍ਹਾ ਹੈ। ਏਹ ਸ਼ਰਾਬ ਦ੍ਰੋਪਤੀ ਦੀ ਖੀਰ ਵਾਂਗ ਮੁਕਦੀ ਨਹੀਂ, ਭਾਵੇਂ ਸਦੀਆਂ ਤਕ ਪੀਂਦੇ ਜਾਓ। ਏਸ ਸ਼ਰਾਬ ਦਾ ਸਾਹਿਤਕ ਨਸ਼ਾ ਵੀ ਹੈ ਤੇ ਇਖ਼ਲਾਕੀ ਖੁਮਾਰ ਵੀ।

ਅਕਿਰਤਘਣ ਲਫ਼ਜ਼, ਪੰਜਾਬੀ ਵਿਚ ਆ ਕੇ, ਸੰਸਕ੍ਰਿਤ ਦੇ ਉਲਟ ਅਰਥ ਦੇ ਰਿਹਾ ਹੈ। ਗੁਰਾਂ ਦਾ ਦਾਸ ਸੰਸਕ੍ਰਿਤ ਦਾ ਵੱਡਾ ਪੰਡਿਤ ਸੀ, ਪਰ ਪੰਜਾਬੀ ਨੇ ਜਿਸ ਸ਼ਕਲ ਵਿਚ ਏਸ ਸ਼ਬਦ ਨੂੰ ਅਪਣਾਇਆ ਸੀ, ਓਹਨੂੰ ਠੁਕਰਾ ਨਹੀਂ ਸਕਿਆ। ਜਨਤਾ ਨੂੰ ਸਮਝਣ ਵਾਲਾ, ਜਨਤਾ ਦੇ ਬਣਾਏ ਲਫ਼ਜ਼ਾਂ ਤੋਂ ਮੂੰਹ ਨਹੀਂ ਮੋੜਦਾ। ਜਿਸ ਓਪਰੇ ਸ਼ਬਦ ਨੂੰ ਬੋਲੀ ਆਪਣੀ ਬੁਕਲ ਵਿਚ ਲੈ ਲਵੇ, ਓਹਦੀ ਪਹਿਲਾਂ ਨਾਲੋਂ ਹੋਰ ਸ਼ਕਲ ਹੋ ਜਾਂਦੀ ਹੈ। ਕਦੇ ਕਦੇ ਪਹਿਲੀ ਤਰ੍ਹਾਂ ਦਾ ਹੀ ਸ਼ਬਦ ਰਹਿੰਦਾ ਹੈ। ਜਿਸ ਤਰ੍ਹਾਂ ਸਟੇਸ਼ਨ ਦਾ ਸਟੇਸ਼ਨ ਹੀ ਹੈ। ਹਾਂ, ਏਪਰਿਲ ਦਾ ਅਪ੍ਰੈਲ ਕਰ ਲਿਆ ਹੈ। ਬਹੁਤੀ ਵਾਰੀ ਸੂਰਤ ਬਦਲੀ ਹੋਈ ਹੋਂਦੀ ਹੈ। ਏਸੇ ਤਰ੍ਹਾਂ ਭਯ ਤੋਂ ਭਉ ਬਣਾਉਣਾ ਐਬ ਨਹੀਂ। ਬੋਲੀ ਵਿਗਿਆਨ ਤੋਂ ਉਕੇ ਹੋਏ ਸੱਜਣ ਗਲਤ ਸਮਝ ਲੈਂਦੇ

ਹਨ। ਏਸ ਪਉੜੀ ਦੀ ਸਮੁੱਚੀ ਭਾਸ਼ਾ ਓਸ ਵੇਲੇ ਦੀ ਠੇਠ ਪੰਜਾਬੀ ਹੈ। ਫਰੀਦ ਜੀ ਤੋਂ ਬਾਅਦ ਭਾਈ ਸਾਹਿਬ ਦੀ ਬੋਲੀ ਹੀ ਠੇਠ ਤੇ ਸੁੰਦਰ ਹੈ। (ਸ਼ਾਹ ਹੁਸੈਨ ਤੋਂ ਆਪ ਪਹਿਲਾਂ ਲਿਖਦੇ ਰਹੇ ਹਨ) ਬੋਲੀ ਦਾ ਵੀ ਏਸ ਸ਼ਰਾਬ ਵਿਚ ਕਾਫ਼ੀ ਰਸ ਆਉਂਦਾ ਹੈ। ਜਿੱਥੇ ਭਾਵ ਤੇ ਬੋਲੀ ਦੋਵੇਂ ਚੀਜ਼ਾਂ ਇਕ ਜਾਨ ਹੋਈਆਂ ਹੋਈਆਂ ਹੋਣ, ਓਥੇ ਹੀ ਅਸਲੀ ਨਸ਼ਾ ਹੋਂਦਾ ਹੈ। ਹੁਣ ਪਹਿਲਾਂ ਸਾਰੀ ਪਉੜੀ ਦੀ ਇਕ ਇਕ ਕਲੀ ਨੂੰ ਵੇਖਦੇ ਜਾਓ: -

ਮਦ ਵਿਚ ਰਿਧਾ ਪਾਇਕੈ ਕੁਤੇ ਦਾ ਮਾਸ।
ਧਰਿਆ ਮਾਣਸ ਖੋਪਰੀ ਤਿਸ ਮੰਦੀ ਵਾਸ।
ਰੱਤੂ ਭਰਿਆ ਕਪੜਾ ਕਰ ਕਜਣ ਤਾਸ।
ਢਕ ਲੈ ਚਲੀ ਚੂਹੜੀ ਕਰ ਭੋਗ ਬਿਲਾਸ।
ਆਖ ਸੁਣਾਏ ਪੁਛਿਆ ਲਾਹੈ ਵਿਸਵਾਸ।
ਨਦਰੀ ਪਵੈ ਅਕਿਰਤਘਣ ਮਤ ਹੋਇ ਵਿਣਾਸ।

(ਵਾਰ ੩੫ ਪਉੜੀ ੯)

ਏਹ ਪਉੜੀ ਫਿਲਮ ਵਾਂਗ ਚਲਦੀ ਹੈ। ਇਕ ਇਕ ਕਲੀ ਇਕ ਇਕ ਰੀਲ ਹੈ ਹਰ ਨਵੀਂ ਰੀਲ (ਤਸਵੀਰ) ਵੇਖੀ ਜਾਂਦੀ ਹੈ, ਪਰ ਇਕ ਦੂਜੀ ਨਾਲ ਮੇਲ ਇਉ ਹੈ, ਜਿਵੇਂ ਮਹਾਂ ਮੁਸੱਵਰ ਰੰਗਾਂ ਦੀ ਇਕ ਸੁਰਤਾ ਰਖਦਾ ਹੈ, 'ਨਦਰੀ ਪਵੈ ਅਕਿਰਤਘਣ ਮਤ ਵਿਣਾਸ'' ਉਤੇ ਏਹ ਫਿਲਮ ਖ਼ਤਮ ਹੋਂਦੀ ਹੈ। ਜਿਸ ਤਰ੍ਹਾਂ ਸੁਘੜ ਨਾਟਕਕਾਰ ਦੀ ਕਹਾਣੀ ਦੇ ਅੰਤ ਦਾ ਪਤਾ ਨਹੀਂ ਹੋਂਦਾ, ਤਿਵੇਂ ਪਹਿਲੀਆਂ ਤੁਕਾਂ ਪੜ੍ਹਕੇ ਪਤਾ ਨਹੀਂ ਲਗਦਾ ਕਿ ਮੁਕਾ ਕਿਵੇਂ ਹੋਣਾ ਹੈ। ਅੱਜ ਕੱਲ ਦੇ ਕਹਾਣੀ ਲੇਖਕ ਵੇਖਣ ਤਾਂ ਸਹੀ ਕਿ ਕਹਾਣੀ ਕਿਵੇਂ ਮੁਕਾਈਦੀ ਹੈ।

ਅਕਿਰਤਘਣ ਹੈ ਈ ਮਾੜਾ ਆਦਮੀ। ਭਾਵੇਂ ਕੋਈ ਲੱਖ ਮੁਸੀਬਤਾਂ ਓਹਦੇ ਲਈ ਝੱਲੇ, ਪਰ ਓਹ ਧੰਨਵਾਦ ਦੀ ਥਾਂ ਅੱਗੋਂ ਇਉਂ ਕਹੇਗਾ "ਮੇਰਾ ਕੀਤਾ ਕੀ ਹੈ?" ਕਿੰਨੀ ਬੁਰੀ ਗੱਲ ਹੈ। ਅਕਿਰਤਘਣ



Digitized by Panjab Digital Library | www.panjabdigilib.org

ਉਪਕਾਰ ਨਹੀਂ ਮੰਨਦਾ। ਉਪਕਾਰ ਹੀ ਜੀਵਨ ਦਾ ਤੱਤ ਹੋਇਆ। ਗੱਲ ਕੀ, ਅਕਿਰਤਘਣ ਬੇਤੱਤਾ ਹੀ ਜੱਗ ਉੱਤੇ ਸਾਹ ਲੈ ਰਿਹਾ ਹੈ। ਇਹਦੀ ਆਤਮਾ ਤਾਂ ਮੈਲੀ ਹੋਈ ਹੋਂਦੀ ਹੈ। ਕੋਈ ਕਿੰਨਾ ਚੋਰ ਚਕਾਰ ਹੋਵੇ, ਓਹ ਕਿਸੇ ਦੀ ਕੀਤੀ ਮੁਸ਼ਕਲ ਹੀ ਭੁਲਾਉਂਦਾ ਹੈ। ਜੇ ਕੋਈ ਉਪਕਾਰ ਕਰੇ ਤਾਂ ਮੰਦੇ ਵੀ ਉਪਕਾਰ ਕਰਕੇ ਬਦਲਾ ਲਾਹ ਦੇਂਦੇ ਹਨ, ਪਰ ਅਕਿਰਤਘਣ ਕੰਮ ਕਰਾਕੇ ਇਨਕਾਰੀ ਹੋ ਜਾਂਦਾ ਹੈ। ਓਸ ਨੇ ਉਪਕਾਹ ਦਾ ਬਦਲਾ ਦੇਣਾ ਹੀ ਨਾ ਹੋਇਆ। ਜੇ ਅੱਗੋਂ ਚੰਗੀ ਤਰ੍ਹਾਂ ਵਰਤੇ ਤਾਂ ਅਕਿਰਘਣ ਕਾਹਦਾ ਹੋਇਆ, ਜੇ ਅੱਗੋਂ ਭਲਾ ਬਦਲਾ ਦੇਣ ਲਗ ਪਵੇ, ਤਾਂ ਉਹ ਅਕਿਰਤਘਣਾਂ ਦੀ ਨਜ਼ਰ ਵਿਚ ਪਤਿਤ ਹੋਏ ਦੇ ਸਮਾਨ ਹੋ ਜਾਂਦਾ ਹੈ। ਅਕਿਰਤਘਣ ਵਿਚ ਹਿਤ ਤੇ ਦਰਦ ਨਹੀਂ ਹੋਂਦਾ। ਉਪਕਾਰ, ਹਿਤ ਜਾਂ ਦਰਦ ਦੇ ਨਾਲ ਹੋਂਦਾ ਹੈ। ਅਕਿਰਘਣ ਦਰਦੋਂ ਖਾਲੀ ਹੋਂਦਾ ਹੈ ਤੇ ਉਪਕਾਰ ਵਾਲੀ ਗੱਲ ਕਿਸ ਤਰ੍ਹਾਂ ਸਰੇ ? ਉਪਕਾਰ ਨ ਹੋਇਆ ਤਾਂ ਸਮਝੋ ਇਨਸਾਨੀਅਤ ਨੂੰ ਸੱਟ ਵੱਜੀ । ਅਕਿਰਤਘਣ ਭਾਵੇਂ ਕਿੰਨਾ ਬਣ ਬਣ ਬਹੇ, ਪਰ ਓਹ ਬੜਾ ਭਾਰੀ ਊਣਾ ਹੋਂਦਾ ਹੈ। ਓਹਦਾ ਸਾਫ਼ ਰਹਿਣਾ, ਮਿੱਠਾ ਬੋਲਣਾ ਵੀ ਇਕ ਓਪਰਾ ਵਿਹਾਰ ਹੋਂਦਾ ਹੈ। ਏਸ ਦੀ ਰਹਿਣੀ, ਬਹਿਣੀ ਤੇ ਕਹਿਣੀ ਵਿਚ ਨਿਗਰਤਾ ਨਹੀਂ ਹੋਂਦੀ। ਇਹਸਾਨ ਫਰਾਮੋਸ਼ ਸੱਭਿਤਾ ਤੇ ਕਲਚਰ ਦੀ ਬੇਇਜ਼ਤੀ ਕਰਦਾ ਹੈ। ਸੱਭਿਤਾ ਆਦਿ ਏਹ ਨਹੀਂ ਸਿਖਾਉਂਦੀਆਂ ਕਿ ਜੋ ਤੁਹਾਡਾ ਕੰਮ ਸਵਾਰੇ ਤੇ ਤੁਸੀਂ ਓਸ ਨਾਲ ਕੋਰਾ ਵਿਹਾਰ ਕਰੋ।

ਜੇ ਮੈਂ ਹਤ ਇਕ ਦੀ ਕੀਤੀ ਜਾਣਾ ਤਾਂ ਬੁਰਾਈ ਕਿਦ੍ਹੇ ਨਾਲ ਕਰਾਂਗਾ ? ਜੇ ਬੁਰਾਈ ਨ ਕਰਾਂ ਤਾਂ ਗੱਲ ਠੀਕ ਹੈ। ਜੇ ਮੈਂ ਉਪਕਾਰੀ ਦਾ ਬਦਲਾ ਚੁਕਾ ਦਿਆਂ ਤਾਂ ਸ਼ਰਾਫਤ ਆ ਗਈ। ਸ਼ਰਾਫਤ ਆਉਣ ਨਾਲ ਅਕਿਰਤਘਣਤਾ ਦਾ ਨਾਸ ਹੋ ਜਾਣਾ ਹੋਇਆ। ਸੋ ਸ਼ਰਾਫਤ ਲਿਆਉਣ ਵਾਸਤੇ ਭਾਈ ਸਾਹਿਬ ਅਕਿਰਤਘਣ ਦੀ ਇਕ ਭਿਆਨਕ ਤਸਵੀਰ ਲਿਆ ਰਹੇ ਹਨ। ਪਉੜੀ ਵਿਚ ਵਿਭਤਸ ਰਸ ਹੈ। ਮਨੁਖੀ ਖੋਪਰੀ, ਕੁੱਤੇ ਦਾ ਮਾਸ ਤੇ ਰੱਤੂ ਭਰਿਆ ਕਪੜਾ (ਲਹੂ ਵੀ ਮਹਾਂ ਨਖਿੱਧ) ਹੈ।

ਏਹ ਸਭ ਦਿਲ ਮਿਚਕਾਉਣੀਆਂ ਚੀਜ਼ਾਂ ਹਨ। ਸਰਸਰੀ ਪੜ੍ਹ ਜਾਈਏ
ਤਾਂ ਜ਼ਰਾ ਹਾਸਾ ਆਉਂਦਾ ਹੈ ਕਿ ਭਾਈ ਸਾਹਿਬ ਕੀ ਕਰ ਰਹੇ ਹਨ।
ਪਾਠਕ ਦੀ ਬਿਰਤੀ ਵਿਚ ਇਕ ਹਲਕੀ ਜਿਹੀ ਹੋਰ ਖਿਚ ਦੇਣੀ ਵੀ, ਬੜਾ
ਕਮਾਲ ਹੈ, ਪਰ ਏਹ ਗੱਲ ਸੌ ਸੈਂਕੜਿਆਂ ਵਿਚੋਂ ਕੋਈ ਹੀ ਕਰਦਾ ਹੈ।
ਏਹ ਤਾਂ ਮੁਸਕ੍ਰਾਹਟ ਹੋਈ, ਪਰ ਜ਼ਰਾ ਫੇਰ ਦਿਲ ਮਿਚਕਾਉਂਣੇ ਮਜ਼ਮੂਨ
ਵਲ ਆਓ। ਇਕ ਗੱਲ ਸੋਚਣ ਵਾਲੀ ਹੈ ਕਿ ਚੂਹੜੀ ਵੀ ਏਸ ਨਖਿੱਧ
ਟੋਲੇ ਵਿਚ ਹੈ। ਮੈਲਾ ਚੁਕਣ ਵਾਲੀ ਹੈ। ਸੋਸਾਇਟੀ ਨੇ ਇਸ ਪੇਸ਼ੇ ਵਾਲਿਆਂ
ਦਾ ਚੰਗਾ ਪ੍ਰਬੰਧ ਨਹੀਂ ਕੀਤਾ ਤੇ ਏਹਨਾਂ ਨੂੰ ਲੋਕੀ ਨਿੰਦਣ ਲਗ ਪਏ।ਭਾਈ
ਸਾਹਿਬ ਨੇ ਏਸ ਫਹਿਰਿਸਤ ਵਿਚ ਨਾਂ ਲਿਖ ਦਿਤਾ। ਵਿਭਤਸ ਰਸ ਨੂੰ
ਲਿਆ ਕੇ ਨਜ਼ਰ ਨਾਲ ਹੀ ਭ੍ਰਸ਼ਟ ਕਰ ਦੇਣਾ ਵੀ, ਅਸਰ ਪਾਉਣੀ ਚੀਜ਼
ਹੈ। ਗੱਲ ਕੀ, ਏਸ ਸ਼ਰਾਬ ਦੇ ਨੁਸਖੇ ਵਿਚ ਬਹੁਤ ਸਾਰੀਆਂ ਅਲੱਭ ਤੇ
ਲਾਸਾਨੀ ਚੀਜ਼ਾਂ (ਦਵਾਈਆਂ) ਪਾਕੇ, ਪਉੜੀ ਦੀ ਬੋਤਲ ਵਿਚ ਸਾਹਿਤਕ
ਤੇ ਇਖ਼ਲਾਕੀ ਸ਼ਰਾਬ ਭਰੀ ਹੈ। ਪੀਵੋ, ਮੁੜ ਪੀਵੋ ਤੇ ਝੂਮੋ।

# ਗੁਰੂ ਨਾਨਕ ਦੀ ਤਸਵੀਰ

ਜਿਵੇਂ ਇਤਿਹਾਸਕਾਰ ਜਾਂ ਕਵੀ ਆਪਣਾ ਨਾਇਕ ਭਾਲਦਾ ਹੈ, ਤਿਵੇਂ ਮੁਸੱਵਰ ਆਪਣਾ ਹੁਨਰ ਦਿਖਾਉਣ ਲਈ ਮੁਖੀ ਤੇ ਪਵਿਤ੍ਰ ਹਸਤੀ ਢੂੰਡਦਾ ਹੈ। ਹਿੰਦਵਾਨੀ ਕਲਮ ਨੇ ਸ੍ਰੀ ਕ੍ਰਿਸ਼ਨ ਜੀ ਨੂੰ ਸਾਹਵੇਂ ਰਖਿਆ। ਬੁੱਧ ਦੇ ਉਪਾਸ਼ਕਾਂ ਆਪਣੇ ਭਗਵਾਨ ਦੀ ਮੂਰਤੀ ਉੱਤੇ ਹੁਨਰ ਦਾ ਜ਼ੋਰ ਵਿਖਾਇਆ। ਯੂਰਪ ਵਿਚ ਇਕ ਜ਼ਮਾਨਾ ਓਹ ਸੀ, ਜਦੋਂ ਹਰ ਮੁਸੱਵਰ ਮਹਾਤਮਾ ਈਸਾ ਦੀਆਂ ਮੂਰਤਾਂ ਵਾਹੁੰਦਾ ਸੀ। ਹਾਲੀਂ ਤਕ ਆਰਟ ਦੇ ਲਿਹਾਜ਼ ਨਾਲ ਓਹਨਾਂ ਤਸਵੀਰਾਂ ਦਾ ਨੰਬਰ ਅਗੇ ਹੈ।

ਸਿੱਖ ਸਕੂਲ ਨੇ ਗੁਰੂ ਨਾਨਕ ਸਾਹਿਬ ਦੀਆਂ ਤਸਵੀਰਾਂ ਵਾਹੀਆਂ। ਜਦੋਂ ਜਨਮ ਸਾਖੀਆਂ ਚਿਤਰੀਨ ਲੱਗੀਆਂ, ਓਦੋਂ ਗੁਰੂ ਬਾਬੇ ਦੀਆਂ ਤਸਵੀਰਾਂ ਸਾਹਮਣੇ ਆਈਆਂ। ਫੇਰ ਮੁਸੱਵਰਾਂ ਨੇ ਬਾਲਾ ਮਰਦਾਨਾ ਬਣਾ ਕੇ ਮੂਰਤ ਮੁਕਾਈ। ਪਿਛਵਾੜ ਸੀਨਰੀ ਵਾਹੁੰਦੇ ਸਨ। ਜੰਗਲ ਦੇ ਵਿਚ ਈਰਾਨੀ ਕਾਲੀਨ ਵੀ ਵਿਛਾ ਦੇਂਦੇ ਸਨ। ਕਈ ਵਾਰੀ ਇਕੱਲੇ ਗੁਰੂ ਨਾਨਕ ਦੀ ਹੀ ਤਸਵੀਰ ਬਣਾਈ। ਬੈਠਕ ਦੀ ਤਰਜ਼ ਇੱਕੋ ਰਖੀ ਜਾਂਦੀ ਸੀ, ਸੀਸ ਜ਼ਰਾ ਕੁ ਇਕ ਪਾਸੇ ਝੁਕਿਆ ਹੋਇਆ ਨੈਣਾਂ ਵਿੱਚ ਖੁਮਾਰੀ ਮੁਸੱਵਰ ਆਪਣੀ ਲਿਆਕਤ ਮੁਤਾਬਿਕ ਦੱਸ ਜਾਂਦਾ ਸੀ। ਸੌ ਸਾਲ ਤੋਂ ਜ਼ਿਆਦਾ ਪੁਰਾਣੀ ਤਸਵੀਰ ਸਾਡੇ ਪਾਸ ਹੈ। ਓਹਦੇ ਵਿਚ ਆਪ ਦੀ ਦਾੜ੍ਹੀ ਖੁਲ੍ਹੀ ਹੈ, ਗੋਲ ਨਹੀਂ। ਮਗਰਲੇ ਮੁਸੱਵਰਾਂ ਨੇ, ਖਾਸ ਕਰ ਕੇ ਵੱਡੇ ਮੁਸੱਵਰ ਭਾਈ ਕਪੂਰ ਸਿੰਘ ਨੇ ਵੀ, ਮੁਗਲਈ ਹੱਥ ਰਖਿਆ। ਦਾੜ੍ਹੀ ਮੁਸਲਮਾਨੀ ਢੰਗ ਦੀ ਗੋਲ ਕਰ ਦਿੱਤੀ। ਮਾਲੂਮ ਹੋਂਦਾ ਹੈ ਪਈ ਏਹ ਗੁਰ-ਮੂਰਤਾਂ ਮੁਗਲਈ ਕਲਮ ਵਿਚ ਬਣੀਆਂ। ਉਂਞ ਵੀ ਗੁਰੂ ਨਾਨਕ ਜੀ ਦਾ ਹੁਲੀਆ



Digitized by Panjab Digital Library | www.panjabdigilib.org

ਏੱਝ ਗਿਆ ਸੀ। ਇਕ ਸ਼ਕਲ ਪ੍ਰਚਲਤ ਹੋ ਚੁਕੀ ਸੀ। ਭਾਈ ਕਪੂਰ ਸਿੰਘ ਨੇ ਸਮਝਿਆ, ਹੁਣ ਓਹ ਹੁਲੀਆ ਦੇਣਾ ਮੁਨਾਸਿਬ ਹੈ। ਕਈ ਤਸਵੀਰਾਂ ਵਿਚ ਬਾਲੇ ਵਾਲੀ ਟੋਪੀ ਸੀਸ ਤੇ ਪਵਾਈ ਹੋਈ ਹੈ। ਸਿੰਧੀ ਟੋਪੀ ਜੋ ਪੱਗ ਵਾਕਰ ਜਾਪਦੀ ਹੈ, ਹਾਲੀਂ ਵੀ ਸਿਰ ਉਤੇ ਦਿਖਾਈ ਜਾਂਦੀ ਹੈ, ਹੁਣ ਦੇ ਮੁਸੱਵਰ ਦਸਤਾਰ ਸਜਾਂਦੇ ਹਨ। ਮੇਰੇ ਪਾਸ ਸੌ ਕੁ ਸਾਲ ਦੀ ਪੁਰਾਣੀ ਤਸਵੀਰ ਹੈ, ਜਿਸ ਵਿਚ ਆਪ ਧੋਤੀ ਬੰਨ੍ਹ ਕੇ ਨਹਾ ਰਹੇ ਹਨ। ਪਜਾਬ ਦੇ ਮਸ਼ਹੂਰ ਆਰਟਿਸਟ ਮੀਆਂ ਅਲਾ ਬਖਸ਼ ਨੇ, ਇਕ ਚਿੱਤ੍ਰ ਬਣਾਇਆ ਸੀ, ਜਿਸ ਵਿਚ ਤਹਿਮਤ ਬੱਝੀ ਜਾਂ ਸਲਵਾਰ ਪਾਈ ਦਾ ਨਿਖੇੜਾ ਨਹੀਂ ਹੋ ਸਕਦਾ। ਕਪੜੇ, ਦਾੜ੍ਹੀ, ਟਪੀ ਜਾਂ ਦਸਤਾਰ ਭਾਵੇਂ ਕਿਸੇ ਤਰ੍ਹਾਂ ਦੀ ਵੀ ਹਵੇ, ਪਰ ਚਿਹਰੇ ਦੀ ਬਜ਼ੁਰਗੀ ਨੂੰ ਦੇਖ ਕੇ ਅਸੀਂ ਗੁਰੂ ਨਾਨਕ ਦੀ ਤਸਵੀਰ ਹੀ ਕਹਿ ਦੇਂਦੇ ਹਾਂ।

ਓਹਨਾਂ ਵਿਚ ਜਿੰਨੀ ਜਨਤਾ ਦੇ ਸੁਧਾਰ ਦੀ ਤੜਪ ਤੇ ਲੋਕ ਭਲਾਈ ਦੀ ਚਾਹ ਸੀ, ਓਨੀ ਚੇਹਰੇ ਤੇ ਨਹੀਂ ਹੋਂਦੀ, ਜਾਂ ਏਹ ਜਿਹੀ ਸ਼ਕਲ ਨਹੀਂ ਬਣਾਉਂਦੇ, ਜਿਸ ਵਿਚੋਂ ਉਪਰਲੀਆਂ ਗੱਲਾਂ ਜ਼ਾਹਿਰ ਹੋਣ। ਗੁਰਦੇਵ ਦੁਨੀਆਂ ਤੋਂ ਅੱਖਾਂ ਮੀਟੀ, ਵਖਰੇ ਨਹੀਂ ਰਹਿੰਦੇ ਸਨ। ਹਾਂ, ਲੋਕ-ਭਲਾਈ ਦਾ ਨਸ਼ਾ ਛਕਦੇ ਸਨ, ਜੋ ਅੱਖਾਂ ਨੂੰ ਮਸਤਾਉਂਦਾ, ਰੂਹ ਨੂੰ ਰਸ ਦੇਂਦਾ ਸੀ। ਏਹ ਨਸ਼ਾ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਨਾਲ ਲਿਖੀ ਜਾਣ ਵਾਲੀ ਘਟਨਾ ਪੈਦਾ ਕਰਦਾ ਸੀ। ਅਨ੍ਹੇਰੇ ਵਿਚ ਡਿੱਗੀ ਖ਼ਲਕਤ ਲਈ ਮਿਸਾਲ ਦਾ ਕੰਮ ਕਰਦਾ ਸੀ।

ਅਸੀਂ ਗੁਰਦੇਵ ਦੀ ਮੂਰਤ ਬਾਣੀ ਵਿਚੋਂ ਨਹੀਂ ਲਭਦੇ। ਗੁਰਦੇਵ ਦਾ ਦਿਲ ਬਾਬਰਵਾਣੀ ਦਾ ਡੰਕਾ ਵੱਜਣ ਵੇਲੇ ਨਹੀਂ ਵੇਖਦੇ। ਗੁਰਦੇਵ ਦਾ ਭਰਮਾਂ ਵਿਰੁੱਧ ਨਾਅਰਾ ਨਹੀਂ ਸੁਣਦੇ। ਗੁਰੂ ਦੀ ਦੁਖੀਆਂ ਲਈ ਆਹ ਸੁਣਨ ਜੋਗੇ ਨਹੀਂ ਰਹੇ। ਬਾਬਾ ਜੀ ਦਾ ਹਰ ਗ਼ੁਲਾਮੀ ਤੋਂ ਛੁਡਾਉਣ ਵਾਲਾ ਦਿਲ ਸੀ, ਸੋ ਬਣਾਉਂਦੇ ਨਹੀਂ। ਓਹ ਸਾਡਾ ਸੀ, ਸਾਡੇ ਵਿਚ ਰਹਿੰਦਾ ਸੀ, ਅਗੰਮੀ ਦੇਸ ਦਾ ਨਹੀਂ ਸੀ। ਅੱਖਾਂ ਮੀਟ ਕੇ ਬਹਿਣ ਵਾਲਾ ਨਹੀਂ ਸੀ, ਸਾਡੀਆਂ ਕਰਤੂਤਾਂ ਦੇਖਦਾ ਹਟਕਦਾ ਤੇ ਹੋੜਦਾ ਸੀ!



Digitized by Panjab Digital Library | www.panjabdigilib.org

ਸਾਨੂੰ ਦੂਰ ਦੇਸ ਦਾ ਬਣਾ ਕੇ ਸਵਾਦ ਨਹੀਂ ਆਉਣਾ ਚਾਹੀਦਾ। ਨੂਰਾਨੀ ਚੱਕਰ ਨਾਲ ਅਸੀਂ ਸ਼ਰਧਾ ਦਿਖਾਉਂਦੇ ਹਾਂ, ਅਸਲੀਅਤ ਤੋਂ ਦੂਰ ਰਹਿੰਦੇ ਹਾਂ। ਲੋੜ ਹੈ ਓਹਦੇ ਦਿਲ ਦਾ ਨੂਰ ਦਿਖਾਉਣ ਦੀ। ਦੁਕਾਨ ਦਾ ਜ਼ਾਹਿਰਾ ਸ਼ੋ ਨਹੀਂ ਚਾਹੀਦਾ। ਅੰਦਰਲਾ ਮਾਲ ਸਮਝ ਨਾਲ ਦਿਖਾਉਣ ਦੀ ਜ਼ਰੂਰਤ ਹੈ। ਬਾਲਾ ਤੇ ਮਰਦਾਨਾ ਦਿਖਾ ਕੇ, ਸਾਂਝਾ ਪੀਰ ਬਨਾਉਣ ਦਾ ਰਵਾਜ ਹੈ। ਹੋਰ ਸਾਖੀਆਂ ਵਿਚੋਂ ਵੀ ਸਾਂਝਾ ਪੀਰ ਦਿਖਾ ਸਕਦੇ ਹਾਂ। ਆਪਣੀ ਸੋਚ-ਉਡਾਰੀ ਦੀ ਸਹੀ ਤੇ ਸੁਥਰੀ ਵਰਤੋਂ ਕਰ ਸਕਦੇ ਹਾਂ। ਸਾਡੀਆਂ ਤਸਵੀਰਾਂ ਵਿਚੋਂ ਏਹ ਜ਼ਾਹਿਰ ਹੋਂਦਾ ਹੀ ਨਹੀਂ ਕਿ ਬਾਬਾ ਏਸ਼ੀਆ ਦਾ ਚੱਕਰ ਲਾਉਣ ਵਾਲਾ ਸੀ। ਓਹ ਦੀਆਂ ਪਿੰਨੀਆਂ ਕੱਸੀਆਂ ਨਹੀਂ ਦਿਖਾਉਂਦੇ ਤਾਂ ਜੋ ਸਫ਼ਰ ਕਰਨ ਵਾਲਾ ਜ਼ਾਹਿਰ ਹੋਵੇ। ਓਹਦੇ ਗਿੱਟਿਆਂ ਤੇ ਪਈ ਧੂੜ ਦਸਦੇ ਹੀ ਨਹੀਂ, ਬੇ-ਅਦਬੀ ਸਮਝਦੇ ਹਾਂ। ਅਸੀਂ ਤਾਂ ਬਾਬੇ ਨੂੰ ਚੌਂਕੜਾ ਮਾਰਿਆਂ ਦਿਖਾਉਂਦੇ ਹਾਂ, ਜਿਵੇਂ ਕੋਈ ਅੱਜ ਕੱਲ ਦਾ ਗੱਦੀਦਾਰ ਹੋਂਦਾ ਹੈ। ਬਾਬਾ ਜੀ ਦੇ ਪਿਛੇ ਓਹਨਾਂ ਦੀ ਜੰਮਣ ਭੋਂ ਦਾ ਨਜ਼ਾਰਾ ਨਹੀਂ ਦੇ ਦੇ। ਵਣ, ਪੀਲੂ ਦਾ ਦਰਖਤ ਤੇ ਬਾਰ ਦਾ ਕੋਈ ਅੱਖੀਂ ਧਸ ਜਾਣ ਵਾਲਾ ਨਜ਼ਾਰਾ ਦੇਂਦੇ ਹੀ ਨਹੀਂ। ਦ੍ਰਿਸ਼ ਵਿਚ ਅਪਣੱਤ ਨਹੀਂ ਹੋਂਦੀ। ਮਜ਼ੇਦਾਰ ਡੀਟੇਲ ਵੀ ਨਹੀਂ ਦਿਸਦੀ। ਜੰਗਲ ਵਿਚ ਤੋਤੇ ਦਾ ਪਿੰਜਰਾ ਟੰਗ, ਚਰਣਾਂ ਅੱਗੇ ਖੜਾਵਾਂ ਰੱਖ, ਆਪਣੀ 'ਉੱਚੀ ਮੱਤ' ਦੀ ਨੁਮਾਇਸ਼ ਕਰਦੇ ਹਾਂ। ਸਾਡੇ ਸ਼ਾਇਰ ਵੀ ਬਾਬਾ ਜੀ ਦੀ ਈਕੁਣ ਦੀ ਹੀ ਉਸਤਤ ਕਰ ਛੱਡਦੇ ਹਨ। ਦਿਲ ਦਾ ਦਰਸ਼ਨ ਕੋਈ ਹੀ ਕਰਾਉਂਦਾ ਹੈ। ਸਾਡੇ ਮੁਸੱਵਰ ਬੜੀ ਗੱਲ ਤਾਂ ਸ਼ਾਂਤੀ ਦਾ ਚੁਗਿਰਦਾ ਪੇਸ਼ ਕਰਦੇ ਹਨ। ਏਹ ਗੱਲ ਮਹਾਤਮਾ ਬੁੱਧ ਦੇ ਬੁੱਤਾਂ ਤੇ ਸ੍ਰੀ ਈਸਾ ਜੀ ਦੀਆਂ ਮੂਰਤਾਂ ਤੋਂ ਚੰਗੇਰੀ ਤਰ੍ਹਾਂ, ਸਾਡੇ ਕਾਰੀਗਰ ਮੁਸ਼ਕਲ ਹੀ ਦਿਖਾ ਸਕੇ ਹਨ। ਮੈਂ ਸ਼ਾਂਤੀ ਵਾਲੀਆਂ ਤਸਵੀਰਾਂ ਤੋਂ ਰੋਕਦਾ ਨਹੀਂ, ਪਰ ਉਪਰਲੇ ਹੁਨਰ ਦੇ ਟਾਕਰੇ ਦੀ ਚੀਜ਼ ਹੋਵੇ, ਤਾਂ ਸਵਾਦ ਹੈ। ਸ਼ਾਂਤੀ ਵਾਲੀਆਂ ਤਸਵੀਰਾਂ ਤੋਂ, ਜਿਸ ਤਰ੍ਹਾਂ ਪਹਿਲਾਂ ਲਿਖਿਆ ਹੈ, ਬਾਬਾ ਜੀ ਦਾ ਸੁਭਾ ਜ਼ਾਹਿਰ ਨਹੀਂ ਹੋਂਦਾ। ਏਹਨਾਂ ਤਸਵੀਰਾਂ ਵਿਚ ਰੰਗੀਨ ਸ਼ਰਧਾ ਹੀ ਸ਼ਰਧਾ ਹੋਂਦੀ ਹੈ। ਮੈਨੂੰ ਗੁਰਦੇਵ ਜਗ-ਭਲਾਈ ਲਈ

ਜੁਟੇ ਹੋਏ ਦਿਸਦੇ ਹਨ। ਏਹੋ ਖ਼ਿਆਲ ਬਾਣੀ ਵਿਚ ਬਹੁਤ ਤਰ੍ਹਾਂ ਆਇਆ ਹੈ। ਓਹਨਾਂ ਦੇ ਜਾ-ਨਸ਼ੀਨਾਂ, ਏਸੇ ਗੱਲ ਦੀ ਪ੍ਰੋੜ੍ਹਤਾ ਕੀਤੀ ਹੈ। ਮਹਾਂ ਵਿਦਵਾਨ ਭਾਈ ਗੁਰਦਾਸ ਨੇ ਪਹਿਲੀ ਵਾਰ ਵਿਚ, ਗੁਰਦੇਵ ਨੂੰ ਲੋਕ-ਦਰਦ ਵੰਡਾਉਣ ਲਈ ਹਰ ਥਾਂ ਤੇ ਫਿਰਦਿਆਂ ਦਿਖਾਇਆ ਹੈ। ਇਸ ਤਰ੍ਹਾਂ ਦੀ ਤਸਵੀਰ ਬਣਾਉਣ ਨਾਲ, ਨਾਲੇ ਤਾਂ ਨਵਾਂ ਰੰਗ ਆਵੇਗਾ, ਨਾਲੇ ਗੁਰਦੇਵ ਦੇ ਹਿਰਦੇ ਦੀ ਤਸਵੀਰ ਦਿਸੇਗੀ। ਸੋ ਚਿਤ੍ਰਕਾਰਾਂ ਨੂੰ ਅਜਿਹੀਆਂ ਤਸਵੀਰਾਂ ਖਿੱਚਣ ਨਾਲ, 'ਪੁੰਨ ਨਾਲੇ ਫਲੀਆਂ' ਮਿਲ ਸਕਦੀਆਂ ਹਨ।

———



Digitized by Panjab Digital Library | www.panjabdigilib.org

# ਨਮੋ ਸੋਗ ਸੋਗੇ

ਦੁਨੀਆਂ ਸੁਖ ਲਈ ਤਰਦੱਦ ਕਰਦੀ ਆਈ ਹੈ। ਸੁਖ ਦਾ ਨਾਂ ਲੈਣਾ ਚਾਹੁੰਦੀ ਹੈ ਤੇ ਦੁਖ ਤੋਂ ਨਸਦੀ ਹੈ। ਨਸਦਿਆਂ ਰਾਹ ਵਿਚ ਕਈ ਗ਼ਮੀਆਂ ਟਕਰਦੀਆਂ ਹਨ, ਪਰ ਓਹ ਗ਼ਮੀਆਂ ਜਾਂ ਤਕਲੀਫਾਂ ਸਤਾਂਦੀਆਂ ਨਹੀਂ, ਕਿਉਂਕਿ ਓਹਨਾਂ ਦਾ ਨਤੀਜਾ ਸੁਖ ਹੋਂਦਾ ਹੈ, ਦੁਖ ਭੁਲ ਜਾਂਦਾ ਹੈ। ਸੁਖ ਜੀਵਨ ਨੂੰ ਖਿੜਾਓ ਵਿਚ ਲਿਆਉਂਦਾ ਹੈ, ਏਹ ਆਮ ਖਿਆਲ ਹੈ।

ਸੋਗ ਜਾਂ ਗ਼ਮੀ ਵੀ ਦੁਨੀਆਂ ਦਾ ਮੇਵਾ ਹੈ, ਜੋ ਹਰ ਬੰਦੇ ਨੂੰ ਚਖਣਾ ਪੈਂਦਾ ਹੈ। ਪੀਰ ਪੈਗੰਬਰ ਵੀ ਇਸ ਤੋਂ ਵਾਂਜਿਆ ਨਹੀਂ ਰਹਿੰਦਾ। ਦੁੱਖ ਨਾਲ ਸ੍ਰੀ ਰਾਮ ਰੋਏ, ਸੀਤਾ ਜੀ ਨੇ ਆਹਾਂ ਮਾਰੀਆਂ ਤੇ ਲਛਮਣ ਜੀ ਲੁੱਛੇ। ਗੁਰੂ ਨਾਨਕ ਜੀ ਨੇ ਦੁੱਖ ਦਾ ਇਤਿਹਾਸ ਫੋਲਦਿਆਂ ਏਥੇ ਮੁਕਾਈ "ਨਾਨਕ ਦੁਖੀਆ ਸਭ ਸੰਸਾਰ।"

ਸੰਸਾਰ ਸੋਗੀ, ਪਰ ਕਿਸੇ ਵੇਲੇ ਕਈ ਬੰਦੇ, ਦੁਖ ਵਿਚ ਸੁਖ ਮਨਾ ਜਾਂਦੇ ਹਨ। ਕਈ ਬੰਦੇ ਤਕਲੀਫਾਂ ਨਾਲ ਏਸ ਤਰ੍ਹਾਂ ਇਕ ਜਾਨ ਹੋ ਜਾਂਦੇ ਹਨ ਕਿ ਓਹਨਾਂ ਨੂੰ ਤਕਲੀਫਾਂ ਜਾਂ ਮੁਸ਼ਕਲਾਂ,ਦੁਖਦਾਈ ਨਹੀਂ ਭਾਸਦੀਆਂ, ਸਗੋਂ ਆਸਾਨੀ ਜਾਪਦੀਆਂ ਹਨ, ਜਿਸ ਤਰ੍ਹਾਂ ਗ਼ਾਲਿਬ ਕਹਿੰਦਾ ਹੈ।

"ਮੁਸ਼ਕਲੇਂ ਇਤਨੀ ਪੜੀ ਮੁਝ ਪਰ ਕਿ ਆਸਾਂ ਹੋ ਗਈਆਂ। ਏਹ ਹਿਸਾਬ ਕਦੇ ਹੀ ਹੋਂਦਾ ਹੈ। ਉਂਜ ਦੁਖ, ਦੁਖ ਹੀ ਲਗਦਾ ਹੈ, ਆਮ ਤੌਰ ਤੇ ਗ਼ਮੀ ਹੀ ਸ਼ਕਲ ਰਖਦੀ ਹੈ, ਪਰ ਅਸ਼ਕੇ ਜਾਈਏ, ਓਸ ਮਹਾਨ ਆਤਮਾ ਦੇ, ਜਿਸ ਨੇ ਦੁਖ ਨੂੰ ਦੁਖ ਕਹਿ ਕੇ ਨਮਸਕਾਰਿਆ, ਜਿਸ ਨੇ ਆਪਣਾ ਪਰਵਾਰ ਵਾਰ ਕੇ, ਮਹਾਂ ਸੋਗ ਦੀ ਪੂਜਾ ਕੀਤੀ। ਪਰਵਾਰੋਂ



Digitized by Panjab Digital Library | www.panjabdigilib.org

ਵਧ, ਆਪਣੇ ਸਿੱਖਾਂ ਨੂੰ ਸੋਗ ਦੀ ਭੇਟਾ ਕਰਕੇ ਆਪ ਸੋਗ-ਭਗਤੀ ਤੋਂ ਨਹੀਂ ਡਿੱਗੇ। ਜਿਹੜਾ ਗੁਰੂ ਸੋਗ ਨੂੰ ਕੀ, ਸੋਗਾਂ ਦੇ ਸੋਗ ਨੂੰ ਵੀ ਯਾਦ ਕਰਦਾ ਹੈ, ਓਹ ਭਲਾ ਕਿਹੜੇ ਸੋਗ ਤੋਂ ਨਸ ਸਕਦਾ ਹੈ? ਗੁਰੂ ਗੋਬਿੰਦ ਸਿੰਘ ਨੇ ਬ੍ਰਹਮ ਦੀ ਪੂਜਾ ਕੀਤੀ, ਓਹਦੀ ਹਰ ਸਿਫਤ ਨੂੰ ਸਲਾਹਿਆ। ਓਹਦੇ ਹਰ ਗੁਣ ਨੂੰ ਤੱਕਿਆ ਤੇ ਨਮਸਕਾਰਿਆ। ਬ੍ਰਹਮ ਰੋਗਾਂ ਦਾ ਰੋਗ ਦਿੱਸਿਆ, ਸੀਸ ਨਿਵਾਇਆ, ਬ੍ਰਹਮ ਸੋਗਾਂ ਦਾ ਸੋਗ ਪਛਾਣ ਕੇ, ਮਸਤਕ ਨਿਹੁੜਾਇਆ, ਤਾਕਿ ਸਿਖ ਸੋਗ ਦੀ ਪੂਜਾ ਕਰਨ, ਸ਼ਹੀਦੀਆਂ ਦੇਣ, ਕਿਸੇ ਤੋਂ ਡਰਨ ਨਾ, ਨਾ ਹੀ ਚਿੰਤਾ ਤੇ ਭਰਮ ਨੂੰ ਫਟਕਣ ਦੇਣ। ਗੁਰੂ ਜੀ ਚਾਹੁੰਦੇ ਸਨ ਕਿ ਸਿਖ ਸੋਗ ਨੂੰ ਰੱਬ ਸਮਝਕੇ, ਹਿੱਕੇ ਲਾਉਣ, ਸੋਗ ਨੂੰ ਹਿੱਕੇ ਲਾਉਣ ਵਾਲਾ ਹੀ ਸੂਰਮਾ ਕਹਾਉਂਦਾ ਹੈ। ਆਪ ਨੂੰ ਸੂਰਮਿਆਂ ਦੀ ਲੋੜ ਸੀ। ਜੰਗ ਵਿਚ ਤੀਰ, ਤੁਪਕ, ਤਲਵਾਰ ਤੇ ਤੋਪ ਵਗੈਰਾ ਆਪਣੇ ਢੰਗ ਨਾਲ ਸੋਗ ਵਰਤਾ ਰਹੇ ਹਨ, ਪਰ ਹਜ਼ੂਰ ਸੋਗਾਂ ਦੇ ਸੋਗ ਨੂੰ ਸਿਰ ਨਿਵਾ ਰਹੇ ਹਨ, ਤਾਂ ਜੋ ਸਿਖ ਦੁਖਾਂ ਤੋਂ ਭੱਜ ਨਾ ਜਾਣ। ਦੁੱਖਾਂ ਦੇ ਦੁੱਖ ਦਾ ਖਿਆਲ ਕਰਕੇ, ਜੀਵਨ-ਪੰਧ ਉਤੇ ਤੁਰੇ ਰਹਿਣ, ਡਟੇ ਰਹਿਣ। ਸਿਖਾਂ ਏਸ ਤੁੱਕ ਦਾ ਸਹੀ ਭਾਵ ਜਾਤਾ। ਸੋਗ ਤੇ ਦੁਖ ਆਏ। ਜਾਣਿਆ, ਪਿਆਰੇ ਨੇ ਪਿਆਰੀ ਚੀਜ਼ ਹੀ ਨਹੀਂ ਘੱਲੀ, ਸਗੋਂ ਓਹ ਆਪ ਆਇਆ ਹੈ। ਓਹਨੂੰ ਸਿਰ ਮੱਥੇ ਤੇ ਚੁੱਕਿਆ, ਚੁਕ ਕੇ ਇਤਿਹਾਸ, ਕਾਮਯਾਬੀਆਂ ਦੀ ਕਿਤਾਬ ਬਣਾ ਦਿੱਤਾ।

'ਨਮੋ ਸੋਗ ਸੋਗੇ' ਵਿਚ ਇਕ ਸਪਿਰਿਟ ਹੈ, ਜਿਹੜੀ ਜੀਵਨ ਲਈ ਉਭਾਰਦੀ ਹੈ। ਇਕ ਇਸ਼ਾਰਾ ਹੈ, ਜਿਹੜਾ ਦੁਖ ਦਾ ਰੰਗ ਦਸ ਕੇ, ਸੁਖ ਲਭਾਉਂਦਾ ਹੈ।

'ਨਮੋ ਸੋਗ ਸੋਗੇ' ਇਕ ਅਟੱਲ ਸਚਾਈ ਹੈ, ਜਿਹੜੀ ਭੁਲਾਈ ਨਹੀਂ ਜਾ ਸਕਦੀ। ਜਦੋਂ ਇਨਸਾਨ ਉੱਤੇ ਦੁਖਾਂ ਦੇ



Digitized by Panjab Digital Library | www.panjabdigilib.org

ਪਹਾੜ ਡਿਗਦੇ ਹਨ, ਤਾਂ ਓਹ ਸੋਗਾਂ ਅੱਗੇ ਆਪਣੀ ਬੇਵਸੀ ਜ਼ਾਹਿਰ ਕਰਦਾ ਹੈ । ਦੂਜੇ ਲਫ਼ਜ਼ਾਂ ਵਿਚ ਸੋਗ ਨੂੰ ਵੱਡਾ ਮੰਨ ਕੇ ਚੁੱਪ ਹੋ ਜਾਂਦਾ ਹੈ । ਕਲਗ਼ੀਧਰ ਵਾਂਗ ਸਾਫ ਨਹੀਂ ਕਹਿੰਦਾ, ਪਰ ਅਸਲ ਵਿਚ ਓਹ ਵੀ ਵਲ ਪਾ ਕੇ ਕਹਿੰਦਾ "ਨਮੋ ਸੋਗ ਸੋਗੇ" ਹੀ ਹੈ ।

———



Digitized by Panjab Digital Library | www.panjabdigilib.org

# ਮੁਸਲਮਾਨ ਤੇ ਸਿੱਖ

ਮੁਸਲਮਾਨ ਵੀਰ, ਸਾਡੇ ਪਹਿਲੇ ਗੁਰੂ ਸਾਹਿਬ ਨੂੰ ਪੀਰ ਕਹਿੰਦੇ ਹਨ। ਗੁਰੂ ਨਾਨਕ ਦੇਵ ਨੇ ਸਭ ਮਨੁਖਾਂ ਨੂੰ,ਆਪਣਾ ਭਰਾ ਭਾਈ ਜਾਣਿਆ ਸੀ, ਹਰ ਇਕ ਨਾਲ ਪਿਆਰ ਭਰੀ ਵਰਤੋਂ ਕਰਦੇ ਸਨ। ਮੁਸਲਮਾਨਾਂ ਨੂੰ ਕਿਸ ਤਰ੍ਹਾਂ ਨਿਰਾਦਰਦੇ ? ਮਰਦਾਨਾ ਆਪਣੇ ਅੰਤਲੇ ਦਮ ਤਕ ਗੁਰੂ ਜੀ ਦੇ ਨਾਲ ਰਿਹਾ। ਆਪ ਪੀਰਾਂ ਫਕੀਰਾਂ ਨੂੰ ਮਿਲੇ, ਚਰਚਾਂ ਕੀਤੀਆਂ, ਦਿਲ ਦੀਆਂ ਦਿੱਤੀਆਂ ਤੇ ਲਈਆਂ। ਏਸੇ ਕਰ ਕੇ ਜਦ ਜੋਤੀ ਜੋਤ ਸਮਾਏ, ਤਦ ਮੋਮਨਾਂ ਆਪ ਦੀ ਦੇਹ ਦਾ ਅੰਤਮ ਸੰਸਕਾਰ, ਆਪਣੇ ਤ੍ਰੀਕੇ ਨਾਲ ਕਰਨਾ ਚਾਹਿਆ। ਏਹ ਗੁਰੂ ਨਾਨਕ ਦੇ ਪਿਆਰ ਦੀ ਨਿਸ਼ਾਨੀ ਸੀ। ਹਾਂ, ਆਪ ਹਰ ਇਕ ਦੇ ਐਬ ਨੂੰ ਤਕਦੇ ਤੇ ਮਿੱਠੀ ਬਾਣੀ ਨਾਲ ਰੋਕਦੇ ਸਨ। ਕਬੀਰ ਸਾਹਿਬ ਵਾਂਗ ਤਿੱਖੀ ਗੱਲ ਨਹੀਂ ਕਰਦੇ ਸਨ। ਤਿੱਖੀ ਗੱਲ ਨਫਰਤ ਦਾ ਮੁੱਢ ਬੰਨ੍ਹ ਦੇਂਦੀ ਹੈ। ਜੇ ਤਿੱਖੀ ਗੱਲ ਨੂੰ ਮਹੀਨ ਸੋਚੂ, ਮੁੜ ਮੁੜ ਯਾਦ ਕਰੇ, ਤਾਂ ਲੜਾਈ ਦਾ ਦਮਾਮਾ ਵਜ ਜਾਂਦਾ ਹੈ। ਏਸੇ ਲਈ ਗੁਰੂ ਨਾਨਕ ਜੀ ਪਿਆਰ ਨਾਲ ਵਰਜਦੇ ਸਨ।

ਬਾਕੀ ਸਿੱਖ ਗੁਰੂ, ਪਹਿਲੇ ਗੁਰੂ ਦੀ ਲੀਹ ਉੱਤੇ ਹੀ ਚੱਲੇ। ਚੱਲਦੇ ਵੀ ਕਿਉਂ ਨਾ ? ਜਦ ਕਿ ਸਭ ਨੇ ਮਨੁੱਖਤਾ ਦਾ ਹੀ ਪ੍ਰਚਾਰ ਕਰਨਾ ਸੀ। ਸਾਈਂ ਮੀਆਂ ਮੀਰ, ਗੁਰੂ ਸਾਹਿਬਾਨ ਦੀਆਂ ਖੂਬੀਆਂ ਵੇਖ ਕੇ ਝੁਕੇ। ਏਧਰੋਂ ਵੀ ਆਪ ਦਾ ਸਤਿਕਾਰ ਹੋਇਆ। ਕਿਹਾ ਤਾਂ ਏਹ ਵੀ ਜਾਂਦਾ ਹੈ ਪਈ ਹਰਿਮੰਦਰ ਸਾਹਿਬ ਦੀ ਨੀਂਹ ਏਹਨਾਂ ਪਾਸੋਂ ਹੀ ਰਖਾਈ ਗਈ ਸੀ। ਖੈਰ !

ਗੁਰੂ ਅਰਜਨ ਦੇਵ ਦੀ ਸ਼[illegible]ਲ ਮੀਆਂ ਮੀਰ ਜੀ ਨੂੰ

ਬਹੁਤ ਦੁਖ ਹੋਇਆ। ਬਾਦਸ਼ਾਹ ਜਹਾਂਗੀਰ ਮੀਆਂ ਸਾਹਿਬ ਦੀ ਇਜ਼ਤ ਕਰਦਾ ਸੀ। ਸੋ ਮੀਰ ਸਾਹਿਬ ਨੇ ਗੁਰੂ ਜੀ ਨਾਲ ਇਨਸਾਫ ਕਰਨ ਲਈ ਟਿੱਲ ਵੀ ਲਾਇਆ ਹੋਵੇਗਾ, ਪਰ ਰਾਜ ਪਿਆਸੇ ਸ਼ਾਹ ਨੂੰ, ਮੀਆਂ ਮੀਰ ਜੀ ਦੇ ਬੋਲ ਕਿਵੇਂ ਠਾਰਦੇ? ਹੋਰ ਮੁਸਲਮਾਨ ਵੀ ਗੁਰੂ ਦਰਬਾਰ ਵਿਚ ਆਉਂਦੇ ਰਹਿੰਦੇ ਸਨ। ਛੇਵੇਂ ਤੇ ਦਸਵੇਂ ਪਾਤਸ਼ਾਹ ਪਾਸ ਪਠਾਣ ਵੀ ਫੌਜੀ ਨੌਕਰ ਸਨ। ਸਾਈਂ ਬੁੱਧੂ ਸ਼ਾਹ ਦਾ ਗੁਰੂ-ਪਿਆਰ ਕਿਸ ਨੂੰ ਭੁੱਲ ਸਕਦਾ ਹੈ? ਓਸ ਨੂੰ ਗੁਰੂਕਿਆਂ ਕਿਹੜੇ ਖਿਤਾਬ ਤੇ ਜਾਗੀਰਾਂ ਦਿੱਤੀਆਂ ਸਨ? ਸੱਯਦ ਸਾਹਿਬ ਨੇ ਸਪਸ਼ਟ ਲਿਆ ਸੀ ਕਿ ਔਰੰਗਜ਼ੇਬ ਕਿਸੇ ਦੇ ਭਲੇ ਦੀ ਗੱਲ ਨਹੀਂ ਕਰ ਰਿਹਾ ਤੇ ਗੁਰੂ ਗੋਬਿੰਦ ਸਿੰਘ ਜੀ, ਮਨੁਖਤਾ ਲਈ ਹਿੰਦੂ ਰਾਜਿਆਂ ਨਾਲ ਲੜ ਰਹੇ ਹਨ। ਇਹ ਸੋਚ ਕੇ ਹੀ ਦੀਨਦਾਰ ਮਨੁੱਖ ਨੇ, ਧੱਕੇ ਸ਼ਾਹੀ ਵਿਰੁੱਧ ਰਾਜਿਆਂ ਦੀ ਫੌਜ ਨਾਲ ਭੰਗਾਣੀ ਵਿਚ ਜੁਧ ਕੀਤਾ। ਪੀਰਜ਼ਾਦੇ ਸ਼ਹੀਦ ਹੋਏ। ਅਫਸੋਸ! ਅਸੀਂ ਓਹਨਾਂ ਲਾਲਾਂ ਦੀ ਕਦਰ ਨਹੀਂ ਪਾਈ। ਓਨ੍ਹਾਂ ਦੇ ਨਾਂ ਉਤੇ ਕੋਈ ਹਾਲ ਨਹੀਂ ਬਣਾਇਆ ਤੇ ਨਾ ਹੀ ਓਹਨਾਂ ਦੀ ਯਾਦ ਵਿਚ ਕੋਈ ਪੁਸਤਕ ਜਾਂ ਸ਼ਹੀਦ ਗੰਜ ਬਣਾ ਸਕੇ। ਇਹ ਕਾਰਨਾਮਾ ਮੁਸਲਮਾਨਾਂ ਦੀ ਬੜੀ ਖੁਲ੍ਹ ਦਿਲੀ, ਸਿਆਣਪ ਤੇ ਦਲੇਰੀ ਦਾ ਹੈ। ਏਸ ਮਿਸਾਲ ਨਾਲ ਇਸਲਾਮ ਦਾ ਸਿਰ ਉੱਚਾ ਹੈ, ਭੰਗਾਣੀ ਦੇ ਅਸਥਾਨ ਉਤੇ ਮੁਸਲਮਾਨਾਂ ਤੇ ਸਿਖਾਂ ਦਾ ਸਾਂਝਾ ਖ਼ੂਨ ਵਗਿਆ ਸੀ। ਭੰਗਾਣੀ ਦਾ ਅਸਥਾਨ ਮੁਸਲਮਾਨਾਂ ਲਈ ਵੀ ਸਿੱਖਾਂ ਜਿਨਾਂ ਹੀ ਕੀਮਤੀ ਹੈ। ਓਦੋਂ ਸਚਾਈ ਪਸੰਦ ਮੁਸਲਮਾਨ, ਸਿੱਖਾਂ ਨੂੰ ਨੇਕ ਰਾਹ ਉਤੇ ਦੇਖ ਕੇ ਸਿਖਾਂ ਵਲੋਂ ਲੜੇ ਸਨ ਤੇ ਹੁਣ ਵੀ ਮੌਲਾਨਾ ਅਬੁੱਲ ਕਲਾਮ ਆਜ਼ਾਦ, ਖਾਂ ਅਬਦੁਲ ਗੁਫਾਰ ਖਾਂ, ਤੇ ਹੋਰ ਮੁਖੀਏ ਕਾਂਗਰਸ ਦਾ ਸਾਥ ਦੇ ਰਹੇ ਹਨ।

ਗੁਰੂ ਗੋਬਿੰਦ ਸਿੰਘ ਜੀ ਲੋਕ-ਹਿਤ ਲਈ, ਚਮਕੌਰ ਦੀ ਗੜ੍ਹੀਓਂ ਨਿਕਲੇ, ਏਧਰ ਸ਼ਾਹੀ ਫ਼ੌਜਾਂ ਆ ਸਿਰ ਕੱਢਿਆ।

ਓਸਐਥੇ ਸਮੇਂ ਨਬੀ ਖਾਂ ਤੇ ਗਨੀ ਖਾਂ ਗੁਰੂ ਜੀਨੂੰ ਉਚ ਦਾ ਪੀਰਬਣਾਕੇਫੌਜਾਂ ਵਿਚੋਂ,ਕਢਲੈ ਗਏ।ਦੋਹਾਂ ਭਰਾਵਾਂ ਇਨਸਾਨੀਅਤ ਦਾਪੱਖਕੀਤਾ। ਮੁਸਲਮਾਨਾਂ ਦਾ ਏਹ ਉਪਕਾਰ ਭਾਰਤ ਦੇ ਸਿਰ ਤੋਂ ਲਹਿ ਹੀ ਨਹੀਂ ਸਕਦਾ। ਸਿੱਖਾਂ ਨੇ ਜੇ ਮੁਸਲਮਾਨਾਂ ਦੇ ਜ਼ੁਲਮ ਯਾਦ ਕਰਨੇ ਹਨ, ਤਾਂ ਏਹ ਉਪਕਾਰ ਵੀ ਚੇਤੇ ਕਰਨ। ਜੇ ਉਪਕਾਰ ਤੇ ਜ਼ੁਲਮ ਦੋਵੇਂ ਭੁਲਾਉਣੇ ਹਨ, ਤਾਂ ਹੇਠਲੇ ਵਾਕਾਂ ਨੂੰ ਕਿਸ ਤਰਾਂ ਭੁਲਾਣਾ ਹੈ ?

'ਹਿੰਦੂ ਔ ਤੁਰਕ ਕੋਊ ਰਾਫਜੀ ਇਮਾਮ ਸ਼ਾਫ਼ੀ,
ਮਾਨਸ ਕੀ ਜ਼ਾਤ ਸਬੈ ਏਕ ਪਹਿਚਾਨਬੋ।'
'ਦੇਹੁਰਾ ਮਸੀਤ ਸੋਈ, ਪੂਜਾ ਔ ਨਿਮਾਜ਼ ਓਹੀ,
ਮਾਨਸ ਸਬੈ ਏਕ, ਪੈ ਅਨੇਕ ਕੋ ਪ੍ਰਭਾਉ ਹੈ।'

ਬਾਬੇ ਬੰਦੇ ਨੇ ਜਦੋਂ ਮਾਰਾਂ ਮਾਰੀਆਂ, ਤਦੋਂ ਮਲੇਰ ਕੋਟਲੇ ਨੂੰ ਹੱਥ ਤਕ ਨਾ ਲਾਇਆ। ਕਿਉਂਕਿ ਮਲੇਰ ਕੋਟਲੇ ਦੇ ਨਵਾਬ ਨੇ ਸਾਹਿਬਜ਼ਾਦਿਆਂ ਦੀ ਸਜ਼ਾ ਵਿਰੁਧ ਆਵਾਜ਼ ਉਠਾਈ ਸੀ, ਪਰ ਸਿੰਘਾਂ ਦੇ ਅਸ਼ਕੇ ਆਖੋ ਕਿ ਜਿਨ੍ਹਾਂ ਨੇ ਮਲੇਰ ਕੋਟਲੇ ਦੇ ਏਸ ਅਹਿਸਾਨ ਨੂੰ ਸਦਾ ਚੇਤੇ ਰਖਿਆ ਤੇ ਓਸ ਨੂੰ ਕਦੇ ਤਬਾਹ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਮਿਸਲਾਂ, ਲੁਟੇਰੇ ਤੇ ਧਾੜਵੀਆਂ ਨਾਲ ਕਟਾ ਵੱਢ ਕਰਦੀਆਂ ਰਹੀਆਂ, ਪਰ ਪੰਜਾਬੀ ਮੋਮਨ ਵਸੋਂ ਨੂੰ ਕਦੇ ਦੁਖ ਨਾ ਦਿੱਤਾ। ਜੇ ਮੋਮਨਾਂ ਉਤੇ ਜਬਰ ਕਰਦੇ ਤਾਂ ਏਹਨਾਂ ਦੀ ਹੁਣ ਦੀ ਗਿਣਤੀ ਨ ਦਿਸਦੀ।

ਮਹਾਰਾਜਾ ਰਣਜੀਤ ਸਿੰਘ ਨੂੰ ਮੁਸਲਮਾਨ ਵਜ਼ੀਰ, ਫਕੀਰ ਅਜ਼ੀਜ਼ੁਦੀਨ ਮਿਲਿਆ, ਜਿਸਦਾ ਕੰਮ ਬਾਹਰਲਿਆਂ ਮੁਆਮਲਿਆਂ ਨੂੰ ਨਜਿੱਠਣਾ ਸੀ। ਬਾਹਰਲੀਆਂ ਹਕੂਮਤਾਂ ਮੁਸਲਮਾਨ ਸਨ। ਮਹਾਰਾਜ ਨੇ ਏਸ ਤੇ ਇਤਬਾਰ ਕੀਤਾ, ਫਕੀਰ ਜੀ ਨੇ ਮੁਸਲਮਾਨ ਹੋਣ ਦਾ ਹੱਕ ਅਦਾ ਕੀਤਾ, ਤੋਪਖਾਨੇ ਉਤੇ ਮੁਸਲਮਾਨ ਅਫਸਰ ਸਨ। ਜਿਸ ਲਾਹੌਰ ਵਿਚ ਸਿੰਘਾਂ ਦੇ ਸੀਸ ਵਿਕਦੇ ਰਹੇ, ਓਸੇ ਲਾਹੌਰ ਵਿਚ, ਇਨਸਾਫ ਲਈ ਕਾਜ਼ੀ ਬਹਾ ਕੇ ਮਹਾਰਾਜੇ ਨੇ



Digitized by Panjab Digital Library | www.panjabdigilib.org

ਸਿਖ-ਮੁਸਲਿਮ ਏਕੇ ਦੀ ਨੀਂਹ ਰੱਖੀ । ਮਹਾਰਾਜੇ ਨੇ ਮੁਸਲਮਾਨਾਂ ਨਾਲ ਏਹ ਖਾਸ ਰਿਆਇਤ ਕੀਤੀ, ਜੋ ਰਾਜ ਦਰਬਾਰ ਦੀ ਬੋਲੀ ਫਾਰਸੀ ਹੀ ਰਹਿਣ ਦਿਤੀ (ਜਿਸ ਕਰਕੇ ਸਲਤਨਤ ਨੂੰ ਨੁਕਸਾਨ ਵੀ ਪੁੱਜਾ)

ਸਿੱਖਾਂ ਦਾ ਮੁਸਲਮਾਨਾਂ ਨਾਲ ਵਿਰੋਧ ਨਹੀਂ । ਕਈ ਤਰ੍ਹਾਂ ਦੀਆਂ ਗ਼ਰਜ਼ਾਂ ਭਰਾ ਨਾਲੋਂ ਭਰਾ ਨੂੰ ਵੀ ਲਾਂਭੇ ਕਰ ਦੇਂਦੀਆਂ ਹਨ । ਰਾਜਸੀ ਹੇਰਾ ਫੇਰੀਆਂ ਨੇ ਸਿਖ ਤੇ ਮੁਸਲਮਾਨ ਅੱਡ ਅੱਡ ਕਰ ਦਿਤੇ । ਮੁਸਲਿਮ ਮੁਵੱਰਖਾਂ ਸਿੱਖਾਂ ਨੂੰ ਸਗ (ਕੁਤੇ) ਵਗ਼ੈਰਾ ਲਿਖਿਆ ਤੇ ਸਿਖ ਇਤਿਹਾਸ ਕਾਰਾਂ ਵੀ, ਤੁਰਕੜੇ ਤ੍ਰੈ ਮਲੇਛ ਆਦਿ ਸ਼ਬਦ ਲਿਖ ਮਾਰੇ । ਮੁਸਲਮਾਨਾਂ ਨੂੰ ਨੀਵੇਂ ਕਰਨ ਲਈ ਏਹ ਕਹਾਣੀ ਵੀ ਘੜੀ:-

'ਤੇਲ ਨਾਲ ਭਿੱਜੀ ਬਾਂਹ ਹੋਵੇ, ਓਹ ਤਿਲਾਂ ਦੇ ਢੇਰ ਵਿਚ ਆਣ ਕਰਕੇ ਰੱਖੀ ਜਾਵੇ, ਓਸ ਸੰਗ ਜਿਤਨੇ ਤਿਲ ਲਗੇ ਹੋਵੈਂ, ਉਤਨੀਆਂ ਮਲੇਛ ਸੁਰੀਦਾਂ ਖਾਵੈ, ਤਾਂ ਵੀ ਤੁਰਕ ਕਾ ਬਿਸਾਹ ਨ ਕੀਚੈ ।'

ਹੁਣ ਵੀ ਕਈ ਮੁਸਲਿਮ ਵੀਰ, ਗੁਰੂ ਨਾਨਕ ਜੀ ਨੂੰ ਆਪਣਾ ਕਹਿੰਦੇ ਹਨ, ਪਰ ਸਿਆਸੀ ਹਾਲਾਤ ਕਰਕੇ ਸਿਖ ਤੇ ਮੋਮਨ ਪਰਾਏ ਦੇ ਹਥ ਵਿਚ ਹਨ; ਜਿਵੇਂ ਪਰਾਇਆ ਚਾਹੁੰਦਾ ਹੈ, ਤਿਵੇਂ ਨਚਾਉਂਦਾ ਹੈ ।

—— ——

# ਸਿੱਖ ਤੇ ਹਿੰਦੂ

ਅਗਸਤ ਸੰਨ ਛਤਾਲੀ ਦੇ 'ਸੰਤ ਸਿਪਾਹੀ' ਵਿਚ ਮਾਸਟਰ ਤਾਰਾ ਸਿੰਘ ਜੀ ਨੇ ਸਿੱਖਾਂ ਦਾ ਮੁਸਲਮਾਨਾਂ ਨਾਲ ਸੰਬੰਧ ਦਸਿਆ ਕਿ ਮੁਸਲਮਾਨ ਅਸੂਲੋਂ ਸਿੱਖਾਂ ਦੇ ਨੇੜੇ ਤੇ ਹਿੰਦੂ ਰਹਿਣੀ ਬਹਿਣੀ ਦੇ ਲਿਹਾਜ਼ ਨਾਲ ਬਿਲਕੁਲ ਸਿੱਖਾਂ ਦੇ ਨਜ਼ਦੀਕ ਹਨ।

ਮੁਸਲਮਾਨ, ਪੰਜ ਨਮਾਜ਼ਾਂ, ਚਾਰ ਯਾਰ ਤੇ ਇਕ ਦੀ ਪੂਜਾ ਲਿਆਏ। ਏਹਦੇ ਮੁਕਾਬਲੇ ਉੱਤੇ, ਪੰਜ ਪਿਆਰੇ, ਪੰਜ ਬਾਣੀਆਂ ਤੇ ਵਾਹਿਗੁਰੂ ਦੀ ਪੂਜਾ, ਮੁਸਲਮਾਨਾਂ ਦੇ ਨੇੜੇ ਢੁਕਾਂਦੀ ਹੈ। ਝਟਕੇ ਤੇ ਹਲਾਲ ਨੇ ਸਾਨੂੰ ਮੁਸਲਮਾਨਾਂ ਤੋਂ ਏਨਾ ਦੂਰ ਕਰ ਦਿਤਾ ਹੈ ਕਿ ਹਿੰਦੂਆਂ ਦਾ ਏਕੇਸ਼ਵਰਵਾਦ ਨੇੜੇ ਜਾਪਦਾ ਹੈ। ਧਿਆਨ ਨਾਲ ਦੇਖਿਆ ਜਾਏ ਤਾਂ ਆਵਾ ਗਵਣ ਦਾ ਖਿਆਲ, ਵਾਹਿਗੁਰੂ ਦੀ ਵਿਆਪਕਤਾ ਆਦਿ ਗੱਲਾਂ ਹਿੰਦੂ ਮਤ ਵਿਚੋਂ ਲਈਆਂ ਗਈਆਂ ਮਾਲੂਮ ਹੋਂਦੀਆਂ ਹਨ। ਕਿਸੇ ਚੀਜ਼ ਨੂੰ ਲਵੋ, ਓਹਨੂੰ ਬਿਆਨ ਕਰਨ ਨਾਲ ਤੇ ਵਰਤਣ ਨਾਲ, ਜ਼ਰਾ ਕੁ ਸ਼ਕਲ ਆਪਣੇ ਆਪ ਬਦਲ ਜਾਂਦੀ ਹੈ। ਕਈ ਵਾਰ ਮਹਾਨ ਸ਼ਖਸੀਅਤਾਂ, ਅਸੂਲਾਂ ਨੂੰ, ਵੇਲੇ ਮੁਤਾਬਿਕ ਘਟਾ ਵਧਾ ਵੀ ਦੇਂਦੀਆਂ ਹਨ। ਥੋੜ੍ਹੇ ਵਿਚ ਏਹ ਮੁੱਕੀ ਪਈ ਅਸੀਂ ਅਸੂਲਨ ਹਿੰਦੂਆਂ ਤੋਂ ਵੀ ਬਹੁਤੇ ਦੂਰ ਨਹੀਂ। ਏਹ ਠੀਕ ਹੈ ਕਿ ਸਿੱਖ ਗੁਰੂ ਸਾਹਿਬਾਨ ਹਿੰਦੂ ਘਰਾਣਿਆਂ ਵਿਚੋਂ ਹੋਏ। ਦਸਮੇਸ਼ ਜੀ ਨੇ ਤਾਂ ਬਚਿਤ੍ਰ ਨਾਟਕ ਵਿਚ, ਸ੍ਰੀ ਰਾਮਚੰਦਰ ਜੀ ਦੀ ਵੰਸ ਵਿਚੋਂ ਹੋਣ ਕਰ ਕੇ, ਖੁਸ਼ੀ ਜ਼ਾਹਿਰ ਕੀਤੀ ਹੈ।

ਏਸੇ ਕਰਕੇ ਕਈ ਸਿਆਣੇ ਹਿੰਦੂ ਕਹਿੰਦੇ ਹਨ ਕਿ ਸਿਖ ਹਿੰਦੂਆਂ ਦੀ ਅਗਾਂਹ ਵਧੂ ਜਮਾਤ ਹੈ ਤੇ ਓਹ ਆਪਣੇ ਆਪ ਨੂੰ ਵਖਰਾ ਨ ਕਹਿਣ।



Digitized by Panjab Digital Library | www.panjabdigilib.org

ਓਹਨਾਂ ਦਾ ਖਿਆਲ ਹੈ ਪਈ ਗੁਰੂ ਗ੍ਰੰਥ ਸਾਹਿਬ ਵਿਚ ਰਾਮ, ਕ੍ਰਿਸ਼ਨ ਹਰਿ ਤੇ ਗੋਬਿੰਦ ਵਗੈਰਾ ਨਾਂ ਹਿੰਦੂ ਹੋਣ ਕਰ ਕੇ ਲੀਤੇ ਗਏ ਹਨ। ਏਹ ਸ੍ਰੀ ਰਾਮ ਕ੍ਰਿਸ਼ਨ ਆਦਿ ਅਵਤਾਰਾਂ ਦੀ ਪੂਜਾ ਹੈ।

ਹਿੰਦੂ, ਸਿਖ ਨੂੰ ਆਪਣਾ ਹੀ ਕਹਿਕੇ ਛੁਟਕਾਰਾ ਪਾਉਣਾ ਚਾਹੁੰਦਾ ਹੈ। ਓਹਦਾ ਖਿਆਲ ਹੈ ਕਿ ਜੋ ਉਪਕਾਰ ਸਿਖਾਂ ਨੇ ਕੀਤੇ ਹਨ, ਓਹ ਏਹਨਾਂ ਕਰਨੇ ਹੀ ਸਨ, ਕਿਉ ਕਿ ਸਿਖ ਹਿੰਦੂ ਹੀ ਤਾਂ ਹਨ ਏਸ ਤਰ੍ਹਾਂ ਸਿਖਾਂ ਦੇ ਉਪਕਾਰ ਘਟੇ ਕੌਡੀਂ ਰੁਲ ਜਾਂਦੇ ਹਨ। ਜਿਵੇ ਸਿਖਾਂ ਦੀ ਸੂਝ ਵਾਲੀ ਅਖ ਨਹੀਂ ਦਿਸਦੀ ਤੇ ਓਹਨਾਂ ਦੀ ਦੁਖੀਆਂ ਲਈ ਧੜਕਦੀ ਛਾਤੀ ਦਾ ਪਤਾ ਨਹੀਂ ਲਗਦਾ। ਕਿਉਂਕਿ ਸਿੱਖਾਂ ਨੇ ਆਪਣੇ ਬਚਾਉ ਲਈ ਸਭ ਕੁਝ ਕਰਨਾ ਹੀ ਸੀ। ਏਸ ਤਰ੍ਹਾਂ ਮੰਨਣ ਨਾਲ ਸਿਖਾਂ ਵਿਚ ਉਪਕਾਰ ਦਾ ਰਸ, ਉਪਕਾਰੀ ਦੀ ਸ਼ਰਾਫਤ ਤੇ ਲੋਕ ਹਿਤ ਰਹਿੰਦਾ ਹੀ ਨਹੀਂ।

ਸਿੱਖ ਕਹਿੰਦਾ ਹੈ, ਮੈਂ ਹਿੰਦੂ ਸਾਂ। ਹਿੰਦੂਆਂ ਦੀਆਂ ਵਧੀਕੀਆਂ ਦੇਖ, ਓਹਨਾਂ ਨਾਲ ਲੜਿਆ, ਜਿਵੇਂ ਮੁਸਲਮਾਨਾਂ ਦੇ ਧੱਕਿਆਂ ਤੋਂ ਜ਼ਿੱਚ ਹੋ ਕੇ ਓਹਨਾਂ ਨਾਲ ਲੋਹਿਆ ਖੜਕਾਇਆ। ਮੈਂ ਗੁਰੂ ਨਾਨਕ ਦਾ ਚੇਲਾ ਹਾਂ। ਸਭ ਨਾਲ ਇੱਕੋ ਜਿਹਾ ਸਲੂਕ ਕਰਨਾ ਹੈ। ਜੋ ਮੇਰੇ ਬਜ਼ੁਰਗ ਉਪਕਾਰ ਕਰ ਗਏ ਹਨ, ਓਹਨਾਂ ਦੀ ਕੀਮਤ ਘਟਾਉਣ ਨੂੰ ਤਿਆਰ ਨਹੀਂ।" ਇੱਕ ਗੱਲ ਸਿੱਖ ਵੀ ਵਾਧੇ ਦੀ ਕਰ ਜਾਂਦੇ ਹਨ। ਕਿਉਂ ਜੋ ਓਹ ਗੁਰੂ ਤੇਗ ਬਹਾਦਰ ਜੀ ਦਾ ਸਾਕਾ ਯਾਦ ਕਰਾ ਕੇ, ਹਿੰਦੂਆਂ ਪਾਸੋਂ ਇਵਜ਼ਾਨਾ ਚਾਹੁੰਦੇ ਹਨ। ਇਉਂ ਉਪਕਾਰ ਨੂੰ ਜਤਾ ਕੇ ਓਹਨੂੰ ਖੂਹ ਵਿਚ ਪਾਉਣ ਵਾਲੀ ਗੱਲ ਹੋਂਦੀ ਹੈ। ਅਸੀਂ ਹਿੰਦੂ ਉਤੇ ਉਪਕਾਰ ਨਹੀਂ ਕੀਤਾ। ਹਾਂ, ਜਿਨ੍ਹਾਂ ਉਤੇ ਓਦੋਂ ਉਪਕਾਰ ਹੋਇਆ, ਓਹ ਲੋਕ ਹਿੰਦੂ ਸਨ। ਬਚਿਤ੍ਰ ਨਾਟਕ ਵਿਚ ਜ਼ਿਕਰ ਆਇਆ ਹੈ:-

"ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥
ਕੀਨੋ ਬਡੋ ਕਲੂ ਮਹਿ ਸਾਕਾ ॥"

ਨੌਵੇਂ ਗੁਰੂ ਜੀ ਨੇ ਜੰਞੂ ਲਈ ਕੁਰਬਾਨੀ ਨਹੀਂ ਸੀ ਕੀਤੀ, ਓਹ ਤਾਂ ਦੁਖੀਆਂ ਲਈ ਸ਼ਹੀਦ ਹੋਏ ਸਨ। ਗੁਰੂ ਸਾਹਿਬਾਨ ਨੇ ਜੰਞੂ ਧਾਰਿਆ ਨਹੀਂ। ਗੁਰੂ ਬਾਣੀ ਵਿਚ ਖੰਡਨ ਹੈ। ਕਿਉਂਕਿ ਦੁਖੀਆਂ ਦੀ ਰਖਿਆ ਕਰਨੀ ਸੀ, ਏਸ ਲਈ ਓਹਨਾਂ ਨੂੰ ਦੁਖੀ ਦਾ ਸਭ ਕੁਝ ਚੰਗਾ ਲੱਗਾ। ਤੁੱਕ ਨੇ ਬੜਾ ਗੰਭੀਰ ਭਾਵ ਦੱਸਿਆ ਹੈ। ਕਿਉਂਕਿ ਤਾਕਾ ਸ਼ਬਦ ਅਨਜ ਪੁਰਖ (Third Person) ਹੈ।

ਸ੍ਰੀ ਰਾਮ ਜਾਂ ਕ੍ਰਿਸ਼ਨ ਜੀ ਦੇ ਨਾਂ ਬਾਣੀ ਵਿਚ ਆਉਣ ਨਾਲ, ਸਿਖ ਹਿੰਦੂ ਨਹੀਂ ਬਣ ਸਕਦੇ। ਭਗਤੀ ਲਹਿਰ ਵੇਲੇ ਜਿਹੜੇ ਭਗਤ ਹੋਏ, ਓਹ ਬੜੇ ਪਿਆਰ ਨਾਲ ਰੱਬ ਨੂੰ ਯਾਦ ਕਰਦੇ ਸਨ। ਓਹ ਰੱਬ ਲਈ ਸੋਹਣੇ, ਮਿੱਠੇ ਤੇ ਚਾਲੂ ਹੋਏ ਲਫ਼ਜ਼ ਆਪਣੇ ਪਿਆਰ ਨੂੰ ਜ਼ਾਹਿਰ ਕਰਨ ਲਈ ਵਰਤਦੇ ਸਨ। ਓਹ ਰੱਬ ਨੂੰ ਕਈ ਰੂਪਾਂ ਵਿਚ ਇਸ ਤਰ੍ਹਾਂ ਵੇਖਦੇ ਹਨ, ਜਿਵੇਂ ਪੁਤਰ ਪਿਓ ਨੂੰ, ਤੀਵੀਂ ਖੌਂਦ ਨੂੰ, ਬਚੜੀ ਮਾਂ ਨੂੰ ਤੇ ਯਾਰ ਯਾਰ ਨੂੰ ਦੇਖਦਾ ਹੈ। ਓਸ ਜ਼ਮਾਨੇ ਵਿਚ ਵੈਸ਼ਨਵਾਂ ਦਾ ਜ਼ੋਰ ਸੀ। ਸ੍ਰੀ ਕ੍ਰਿਸ਼ਨ ਉਪਾਸ਼ਕ ਤੇ ਸ੍ਰੀ ਰਾਮ ਉਪਾਸ਼ਕ ਆਪਣੇ ਆਪਣੇ ਬਜ਼ੁਰਗਾਂ ਦਾ ਟਿੱਲ ਲਾ ਕੇ ਪ੍ਰਚਾਰ ਕਰ ਰਹੇ ਸਨ। ਰਾਮ ਦਾ ਉਪਾਸ਼ਕ ਗੋਸਾਈਂ ਤੁਲਸੀ ਦਾਸ ਤੇ ਓਧਰ ਸ੍ਰੀ ਕ੍ਰਿਸ਼ਨ ਦੇ ਪੂਜਨਹਾਰੇ ਮਹਾਂ ਕਵੀ ਸੂਰਦਾਸ 'ਤੇ ਓਹਨਾਂ ਦੇ ਸੱਤ ਸਾਥੀਆਂ ਨੇ (ਜੋ ਅਸ਼ਟ ਸਖਾ ਕਹਾਉਂਦੇ ਹਨ) ਆਪਣੇ ਆਪਣੇ ਪਿਆਰੇ ਲਈ ਮਿੱਠੇ ਮਿੱਠੇ ਪਦ ਲਿਖੇ, ਸੋਹਣਿਆਂ ਸੋਹਣਿਆਂ ਲਫਜ਼ਾਂ ਨਾਲ ਆਪਣੇ ਆਪਣੇ ਇਸ਼ਟ ਦੇਵ ਨੂੰ ਯਾਦ ਕੀਤਾ। ਏਹਨਾਂ ਤੋਂ ਪਹਿਲਾਂ ਵੀ ਬੰਗਾਲ ਵਿਚ ਜੈ ਦੇਵ ਜੀ ਹੋ ਗੁਜ਼ਰੇ ਸਨ। ਓਹਨਾਂ ਕ੍ਰਿਸ਼ਨ ਜੀ ਦੀ ਲੀਲ੍ਹਾ, ਨਿਹਾਇਤ ਰਸ ਭਰੀ ਸੰਸਕ੍ਰਿਤ ਵਿਚ ਵਰਣਨ ਕੀਤੀ ਸੀ। ਕ੍ਰਿਸ਼ਨ ਜੀ ਦੀ ਤਾਰੀਖ ਵਿਚੋਂ ਓਹਨਾਂ ਦੇ ਨਾਂ ਦੇ ਸਮਾਸ ਬਣੇ। ਮਧੁ ਸੂਦਨ (ਮਧੁ ਦੈਂਤ ਦਾ ਮਾਰਨ ਵਾਲਾ) ਜੁੜਵੇਂ ਅੱਖਰਾਂ ਵਿਚ ਕਹਿਕੇ ਭਾਵ ਤੇ ਭਾਸ਼ਾ ਦਾ ਜ਼ੋਰ ਦਿਖਾਇਆ। ਮੁਰ ਦੈਂਤ ਦਾ ਅਰੀ (ਦੁਸ਼ਮਨ ਜਾਂ ਮਾਰਨ ਵਾਲਾ) ਮੁਰ ਅਰੀ = ਮੁਰਾਰੀ ਬਣਾਇਆ। ਏਸੇ ਤਰ੍ਹਾਂ ਮਾਧਵ ਗੋਬਿੰਦ ਆਦਿ ਲਫਜ਼ ਆਪਣੇ ਵਿਚ ਕੋਈ ਨ



Digitized by Panjab Digital Library | www.panjabdigilib.org

ਕੋਈ ਸਿਫਤ ਲਈ ਬੈਠੇ ਹਨ। ਆਮ ਜਨਤਾ ਨੂੰ ਵੀ ਪਸੰਦ ਆਏ ਤੇ ਜ਼ੋਰਾਂ ਨਾਲ ਚਾਲੂ ਹੋ ਗਏ।

ਜਿਹੜੇ ਭਗਤ, ਰੱਬ ਨੂੰ ਰਾਮ ਅਵਤਾਰ ਹੀ ਨਹੀਂ ਸਨ ਮੰਨਦੇ, ਓਹਨਾਂ ਨੇ ਰੱਬ ਨੂੰ ਨਿਰਾ ਰਾਮ ਕ੍ਰਿਸ਼ਨ ਦੇ ਘੇਰੇ ਵਿਚ ਹੀ ਨਹੀਂ ਕਢਿਆ, ਸਗੋਂ ਚਵ੍ਹੀ ਅਵਤਾਰਾਂ ਦੇ ਘੇਰੇ ਵਿਚੋਂ ਵੀ ਬਾਹਰ ਕੱਢ ਦਿਤਾ। ਖ਼ੂਬੀ ਏਹ ਰਖੀ ਪਈ ਓਹਨਾਂ ਅਵਤਾਰਾਂ ਵਿਚ ਹੀ ਨਹੀਂ, ਸਗੋਂ ਹਰ ਮਨੁਖ ਵਿਚ ਰਬ ਨੂੰ ਤਕਿਆ। ਹਰ ਮਨੁਖ ਨੂੰ ਅਵਤਾਰਾਂ ਨਾਲੋਂ ਘਟ ਨਾ ਜਾਤਾ। ਰਬ ਦੀ ਅਸਲੀ ਪੂਜਾ ਕੀਤੀ। ਜਿਵੇਂ ਸਾਈਂ ਬੁਲ੍ਹੇ ਸ਼ਾਹ ਜਾਂ ਹੋਰ ਸੂਫੀ ਕਵੀ ਰਾਂਝਣ ਨੂੰ ਰੱਬ ਦੇ ਅਰਥਾਂ ਵਿਚ ਵਰਤਦੇ ਹਨ, ਇਵੇਂ ਹੀ ਰਾਮ ਕ੍ਰਿਸ਼ਨ ਦੇ ਅਰਥ ਭਗਤਾਂ ਨੇ ਲਏ। ਏਹ ਜਨਤਾ ਦੇ ਪਿਆਰੇ ਨਾਂ ਸਨ। ਇੱਕ ਤਾਂ ਏਹਨਾਂ ਨਾਵਾਂ ਨਾਲ ਆਪਣੀ ਭਾਸ਼ਾ ਫਬਦੀ ਸੀ। ਦੂਜਾ ਏਹਨਾਂ ਨਾਵਾਂ ਵਾਲਿਆਂ ਵਿਚ, ਰੱਬ ਹੀ ਕੰਮ ਕਰਦਾ ਦਿਸਿਆ ਤੇ ਰਬ ਦੀ ਮਹਾਨਤਾ ਪ੍ਰਗਟ ਹੋਈ ਲੱਭੀ। ਜਿਵੇਂ—"ਤੈਥੋਂ ਹੀ ਬਲ ਰਾਮ ਲੈ, ਨਾਲ ਬਾਣਾਂ ਦਹਸਿਰ ਘਾਇਆ॥" ਸਿੱਧੇ ਸਾਦੇ ਹਿੰਦੂ ਵੀਰ, ਏਹਨਾਂ ਸ਼ਬਦਾਂ ਤੋਂ ਸਿਰੀ ਰਾਮ ਤੇ ਕ੍ਰਿਸ਼ਨ ਜੀ ਦੀ ਪੂਜਾ ਸਮਝਦੇ ਹਨ, ਤੇ ਸਿਆਣੇ ਵੀਰ, ਸਿੱਖਾਂ ਨੂੰ ਹਿੰਦੂ ਹੀ ਕਹਿਣਾ ਚਾਹੁੰਦੇ ਹਨ। ਜੇ ਸਿੱਖ ਤੇ ਹਿੰਦੂ ਇਕੋ ਹੀ ਹਨ, ਤਾਂ ਹਿੰਦੂ ਵੀਰ ਆਪਣੇ ਆਪ ਨੂੰ ਸਿੱਖ ਕਹਿਣ, ਪਰ ਉਹ ਏਹ ਗੱਲ ਨਹੀਂ ਕਹਿਣਾ ਚਾਹੁੰਦੇ। ਸੰਸਕ੍ਰਿਤ ਵਿਚ ਨਿੱਤ ਨੇਮ ਕਰਦੇ ਹਨ ਤੇ ਬਾਣੀ ਨਹੀਂ ਪੜ੍ਹਦੇ। ਜੇ ਗੁਰੂ ਗ੍ਰੰਥ ਸਾਹਿਬ ਵਿਚ ਵੇਦਾਂ ਦਾ ਹੀ ਭਾਵ ਮੰਨਦੇ ਹਨ ਤਾ ਗੁਰਬਾਣੀ ਪੜ੍ਹਕੇ ਕਿਉਂ ਨਹੀਂ ਕੰਮ ਸਾਰਦੇ? ਏਹਨਾਂ ਵੀਰਾਂ ਨੂੰ ਸਿੱਖ ਸਾਹਿੱਤ ਨਾਲ ਵਾਕਿਫੀ ਨਹੀਂ, ਹਿੰਦੀ ਸਾਹਿੱਤ ਦਾ ਕੋਈ ਇਤਿਹਾਸ ਚੁੱਕ ਲਵੋ, ਕਿਸੇ ਵਿਚ ਵੀ ਗੁਰੂਆਂ ਦੀ ਬਾਣੀ ਠੀਕ ਤਰ੍ਹਾਂ ਨਹੀਂ ਦਿੱਤੀ ਹੋਂਦੀ। ਸਭ ਗੁਰੂਆਂ ਦੀ ਬਾਣੀ ਨੂੰ ਸ੍ਰੀ ਨਾਨਕ ਜੀ ਦੀ ਬਾਣੀ ਲਿਖ ਛਡਦੇ ਹਨ। ਮਹਾਂ ਕਵੀ ਭਾਈ ਸੰਤੋਖ ਸਿੰਘ ਦੀ ਰਚਨਾ ਤੋਂ ਉੱਕੇ ਲਾਇਲਮ ਹੋਂਦੇ ਹਨ। ਕਈ ਵਾਰੀ ਜਾਣ ਬੁਝ ਕੇ ਵੀ ਸਿੱਖਾਂ ਦੀਆਂ ਖ਼ੂਬੀਆਂ ਦਸਣੋਂ



Digitized by Panjab Digital Library | www.panjabdigilib.org

ਕਤਰਾਉਂਦੇ ਹਨ। ਬੰਦਾ ਵੈਰਾਗੀ ਮਤ ਨੂੰ ਤਿਆਗ,' ਸਿੰਘ ਸਜਕੇ ਲੜਿਆ, ਪਰ ਏਹਨਾਂ ਵਿਚੋਂ ਇਕ ਟੋਲਾ ਉਹ ਨੂੰ ਬੀਰ ਵੈਰਾਗੀ ਲਿਖ ਕੇ ਸਿੱਖਾਂ ਦੀ ਸ਼ਾਨ ਇਤਿਹਾਸ ਵਿਚੋਂ ਗਵਾਉਣੀ ਚਾਹੁੰਦਾ ਹੈ। ਹਿੰਦੂਆਂ ਦੀ ਨਜ਼ਰ ਨਾਲ ਦੇਖਿਆ ਜਾਏ ਤਾਂ ਸਿੱਖ ਅਸਲੀ ਹਿੰਦੂ ਹਨ। ਏਹ ਰਿਸ਼ੀਆਂ ਦੇ ਅਸਲੀ ਰੂਪ (ਦਾੜ੍ਹਾ ਕੇਸ) ਵਿਚ ਤੇ ਸਮੇਂ ਮੁਤਾਬਿਕ, ਲੋਕਾਂ ਉੱਤੇ ਰਿਸ਼ੀਆਂ ਵਾਕਰ ਉਪਕਾਰ ਕਰਦੇ ਰਹੇ। ਹੁਣ ਦੇ ਹਿੰਦੂ ਤਾਂ ਵੱਲੇ ਸਿਰ ਡਰ ਗਏ ਤੇ ਸਿੱਖਾਂ ਤੋਂ ਆਪਣੇ ਆਪ ਨੂੰ ਵਖਰਾ ਦਸਣ ਲਗ ਪਏ ਕਿ ਮਤਾਂ ਆਟੇ ਨਾਲ ਪਲੇਥਣ ਨ ਹੋ ਜਾਣ। ਸਿੱਖਾਂ ਦਾ ਅਸੂਲ ਸਰਬੱਤ ਦਾ ਭਲਾ ਕਰਨਾ ਹੈ। ਇਸ ਲਈ ਸਿੱਖ ਏਹ ਨਹੀਂ ਦੇਖਣਾ ਚਾਹੁੰਦਾ ਕਿ ਹਿੰਦੂ ਨੇੜੇ ਹੈ ਜਾਂ ਮੁਸਲਮਾਨ।

ਗੁਰੂ ਅਰਜਨ ਜੀ ਦੇ ਦਰਬਾਰ ਵਿਚ ਮੁਸਲਮਾਨ ਕਾਫੀ ਆਉਂਦੇ ਸਨ। ਇਸ ਗੱਲੋਂ ਜਹਾਂਗੀਰ ਖਿਝਿਆ ਸੀ। ਏਹ ਠੀਕ ਹੈ ਕਿ ਜ਼ਿਆਦਾ ਹਿੰਦੂ ਨਿੱਤਰੇ ਤੇ ਸਿੰਘ ਸਜੇ। ਅਜਿਹਾ ਸਮਾਂ ਵੀ ਆਇਆ ਕਿ ਹਿੰਦੂ ਹਾਕਮਾਂ, ਸਿਖਾਂ ਉਤੇ ਜ਼ੁਲਮ ਕੀਤੇ। ਲੱਖ ਪਤ ਰਾਏ ਨੇ ਪੰਜਾਬ ਵਿਚ ਓਹ ਊਧਮ ਮਚਾਇਆ ਕਿ ਲੋਕਾਂ ਤੋਂ ਗੁੜ ਕਹਿਣਾ ਛੁਡਾ ਦਿਤਾ ਸੀ। ਗੁੜ ਤੋਂ ਓਹਨੂੰ ਗੁਰ ਚੇਤੇ ਆਉਂਦਾ ਤ ਗੁਰ ਤੋਂ ਸਿਖ ਯਾਦ ਆ ਜਾਂਦੇ ਸਨ। ਜਦੋਂ ਸਿੱਖਾਂ ਪੰਜਾਬ ਵਿਚ ਪੈਰ ਜਮਾਏ, ਓਦੋਂ ਓਹਨਾਂ ਹਿੰਦੂਆਂ ਜਾਂ ਮੁਸਲਮਾਨਾਂ ਤੋਂ ਖਾਰ ਨਹੀਂ ਕੱਢੀ। ਜਿਹੜਾ ਅਗੇ ਅੜਿਆ, ਉਹ ਝੜਦਾ ਗਿਆ, ਰਿਆਇਤ ਕਿਸੇ ਦੀ ਨਹੀਂ ਕੀਤੀ। ਗੁਰਬਾਣੀ ਦੇ ਪੁਰਾਣਿਕ ਹਵਾਲਿਆਂ, ਹਿੰਦੂਆਂ ਨੂੰ ਸਿਖਾਂ ਨਾਲ ਜੋੜ ਛੱਡਿਆ। ਏਸੇ ਕਰਕੇ ਹਿੰਦੂ ਤੇ ਸਿਖ ਇਕੱਠੇ ਲਗਦੇ ਹਨ ਤੇ ਜੇ ਕਿਧਰੇ ਹਿੰਦੂ ਮੁਸਲਿਮ ਦੰਗਾ ਹੋ ਜਾਵੇ ਤਾਂ ਭੋਲੇ ਮੁਸਲਮਾਨ ਸਿਖਾਂ ਨੂੰ ਹਿੰਦੂ ਸਮਝਕੇ ਨੁਕਸਾਨ ਪੁਚਾ ਦੇਂਦੇ ਹਨ। ਮੁਸਲਮਾਨਾਂ ਵਿਚ ਵੀ ਸੂਫੀਆਂ ਵਾਲੀ ਖੁਲ੍ਹ ਦਿਲੀ ਘਟੀ ਹੋਈ ਹੈ, ਇਸ ਲਈ ਸਿਖ ਵੀ ਹਿੰਦੂ ਵਲ ਝੁਕਦਾ ਹੈ। ਮੁਸਲਮਾਨ ਹਿੰਦੂ ਤੋਂ ਤਾਂ ਪਾਕਸਤਾਨ



Digitized by Panjab Digital Library | www.panjabdigilib.org

ਮੰਗਦਾ ਹੈ, ਪਰ ਸਿਖ ਨੂੰ ਪੰਜਾਬ ਵਿਚ ਜਾਇਜ਼ ਹੱਕ ਦੇਣੋਂ, ਚੁੱਪ ਰਹਿੰਦਾ ਹੈ। ਪੰਜਾਬ ਦੇ ਹਿੰਦੂਆਂ ਤੇ ਸਿਖਾਂ ਦੀ ਸਿਆਸਤ ਵੀ ਇਕੱਠੀ ਜਿਹੀ ਹੋ ਗਈ ਹੈ। ਏਸ ਕਰਕੇ ਹਿੰਦੂ ਸਿਖ ਇਕੋ ਲਗਦੇ ਹਨ। ਜਿਉਂ ਜਿਉਂ ਪਾਕਸਤਾਨ ਦੀ ਹੋਂਦ ਵਧਦੀ ਜਾਏਗੀ, ਤਿਉਂ ਤਿਉਂ ਹਿੰਦੂ ਸਿਖ ਇਕ ਮੁਠ ਹੋਂਦੇ ਜਾਣਗੇ। ਹੁਣ ਨਾਲੋਂ ਹਿੰਦੂ ਸਿਖਾਂ ਵਲ ਵਧੇਰੇ ਆ ਸਕਦੇ ਹਨ, ਜੇ ਏਹ ਓਹਨਾਂ ਨੂੰ ਵਕਤ ਮੁਤਾਬਿਕ ਢਾਲਣ।

———

# ਸਿੱਖਾਂ ਵਿਚ ਇਲਮੀ ਘਾਟਾ

ਸਿੱਖਾਂ ਨੇ ਲੋਕ ਹਿਤ ਵਲ ਧਿਆਨ ਦਿਤਾ। ਕਈ ਹੁਨਰਾਂ ਨੂੰ ਪਿਆਰਿਆ। ਦੁਸਮਨਾਂ ਨੂੰ ਮੁਕਾ ਮਾਰਿਆ। ਰਾਜਨੀਤੀ ਵੀ ਵਰਤੀ ਤੇ ਰਾਜ ਵੀ ਕੀਤਾ, ਏਨਾ ਕੁਝ ਹੋਂਦਿਆਂ ਵੀ ਇਲਮ ਦੀ ਘਾਟ ਭਾਸਦੀ ਹੈ। ਏਹ ਦੇ ਮੁਢਲੇ ਸਬੱਬਾਂ ਦੀ ਛਾਨ ਬੀਨ ਕਰਨੀ ਹੈ।

ਮਹਿਮੂਦੀ ਧਾਵਿਆਂ ਤੋਂ ਪਹਿਲਾਂ ਦੇਸ ਦੀ ਰਾਜਸੀ ਤਾਕਤ ਖਿੰਡ ਗਈ ਸੀ। ਏਸ ਕਰਕੇ ਹੰਨੇ ਹੰਨੇ ਮੀਰੀ ਬਣ ਰਹੀ ਸੀ। ਰਿਆਸਤਾਂ ਇਕ ਮੁਠ ਨ ਹੋਣ ਕਰਕੇ, ਆਪਸ ਵਿਚ ਇਲਮੀ ਮਜਲਿਸਾਂ ਲਾਉਣੋਂ ਰਹਿ ਚੁਕੀਆਂ ਸਨ। ਬਹਿਸਾਂ ਦੇ ਤ੍ਰੀਕੇ ਉਡ ਗਏ ਸਨ। ਪੰਡਿਤ ਆਲਸੀ ਹੋ ਗਏ, ਚਾਰ ਪੋਥੀਆਂ ਪੜ੍ਹਕੇ, ਰਾਜਿਆਂ ਨੂੰ ਫੋਕੀਆਂ ਗੱਲਾਂ ਨਾਲ ਰਿਝਾਉਣਾ ਹੀ, ਬੜਾ ਕਰਤਬ ਸਮਝਿਆ ਜਾਣ ਲੱਗਾ ਤੇ ਬਸ। ਦੇਸ ਉਤੇ ਹਮਲੇ ਹੋਣ ਲਗ ਪਏ। ਅਮਨ ਨਾਸ ਹੋਣ ਤੇ ਹਰ ਸ਼ੈ ਨਾਸ ਹੋਣੀ ਹੀ ਸੀ। ਭਾਰਤ ਦੇ ਨਿਕੰਮੇ ਲਾਲ ਗੁਲਾਮ ਹੋਣੇ ਹੀ ਸਨ। ਸੋ ਗੁਲਾਮਾਂ ਉੱਤੇ ਨਵੀਂ ਭਾਸ਼ਾ ਦਾ ਆ ਡੌਰੂ ਖੜਕਿਆ। ਨਵੀਂ ਭਾਸ਼ਾ ਝਬਦੇ ਤਾਂ ਨਹੀਂ ਨ ਆਉਂਦੀ। ਬਾਹਰਲੇ ਬਾਦਸ਼ਾਹ ਇਲਮਾਂ ਵਲ ਕਿਉਂ ਜਾਂਦੇ ? ਓਹਨਾਂ ਨੂੰ ਤਾਂ ਲੰਬਾ ਚੌੜਾ ਦੇਸ ਰਾਜ ਕਰਨ ਲਈ ਦਿਸ ਪਿਆ ਸੀ ਤੇ ਏਸੇ ਪਾਸੇ ਜੁੱਟ ਗਏ। ਇਲਮ ਦਾ ਰਵਾਜ ਘਟਦਾ ਗਿਆ। ਪੰਜਾਬ ਪ੍ਰਦੇਸੀ ਲੁਟੇਰਿਆਂ ਦੀ ਘੋੜ ਦੌੜ ਦਾ ਖੁਲਾ ਮੈਦਾਨ ਬਣ ਚੁੱਕਾ ਸੀ। ਏਸ ਲਈ ਏਥੇ ਹੋਰ ਸੂਬਿਆਂ ਨਾਲੋਂ ਵੀ ਵਿਦਿਆ ਦਾ ਕਾਲ ਵਧੇਰਾ ਪੈ ਗਿਆ। ਅਜਿਹੇ ਸਮੇਂ ਗੁਰੂ ਨਾਨਕ ਸਾਹਿਬ ਹੋਏ। ਸੰਸਕ੍ਰਿਤ ਅੰਤਲੇ ਸਾਹਾਂ ਤੇ ਸੀ, ਫਾਰਸੀ

ਹਾਲੀਂ ਗਠੀ ਨਹੀਂ ਸੀ। ਮਾਤਾ ਭਾਸ਼ਾ ਜਾਂ ਕੇਂਦਰੀ ਪੰਜਾਬੀ ਦਾ ਬਹੁ ਪਤਾ ਘਟ ਹੀ ਲਗਦਾ ਸੀ। ਸੋ ਆਪ ਨੇ ਵੇਲੇ ਮੁਤਾਬਿਕ ਵਿਦਿਆ ਲੈ ਲਈ।

ਅਸੀਂ ਫਰੀਦ ਜੀ ਦੀ ਕੇਂਦਰੀ ਬੋਲੀ ਕਹਿ ਸਕਦੇ ਹਾਂ। ਹਰ ਇਲਾਕੇ ਦੇ ਮੁਰੀਦ, ਓਹਨਾਂ ਪਾਸ ਆਉਂਦੇ ਤੇ ਓਹ ਅਜਿਹੀ ਬੋਲੀ ਬੋਲਦੇ, ਜਿਸ ਨਾਲ ਸਭ ਦਾ ਘਰ ਪੂਰਾ ਹੋ ਜਾਂਦਾ ਹੋਵੇਗਾ। ਗੁਰੂ ਨਾਨਕ ਜੀ ਭਾਂਤ ਭਾਂਤ ਦੇ ਇਲਾਕਿਆਂ ਵਿਚ ਗਏ। ਇਸ ਲਈ ਏਹਨਾਂ ਦੀ ਬੋਲੀ ਵਖਰੀ ਤਰ੍ਹਾਂ ਦੀ ਹੋ ਗਈ। ਹਾਂ, ਕੇਂਦਰੀ ਬੋਲੀ ਵੀ ਹਜ਼ੂਰ ਨੇ ਵਰਤੀ ਜਿਵੇਂ:—

ਪਾਪ ਦੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨ ਵੇ ਲਾਲੋ।

ਤੱਕੋ ਨ ਬੋਲੀ ਦੀ ਸੁਧਤਾ ਤੇ ਰੂਹਾਨੀਅਤ ਵਲ। ਕਿਉਂਕਿ ਆਪ ਕਈ ਇਲਾਕਿਆਂ ਵਿਚ ਜਾਂਦੇ ਸਨ, ਇਸ ਲਈ ਕੇਂਦਰੀ ਬੋਲੀ ਵਲ ਬਹੁਤਾ ਧਿਆਨ ਨ ਦੇ ਸਕੇ ਤੇ ਹਰ ਥਾਂ ਜਾ ਕੇ ਸੁਭਾ ਉਸਾਰੀ ਵਲ ਹੀ ਜ਼ੋਰ ਦਿਤਾ ਜਾਪਦਾ ਹੈ ਕਿਉਂਕਿ ਆਪ ਨੂੰ ਪੜ੍ਹੇ ਹਏ ਮੁਲਾਣੇ ਤੇ ਪੰਡਿਤ ਮਿਲੇ, ਜੋ ਨਿਰੇ ਦੰਭ ਦੇ ਅਵਤਾਰ ਸਨ। ਇਲਮ ਦੀ ਪੇਸ਼ ਚਲਦੀ ਨ ਤੱਕੀ। ਸਿੱਖ ਸੰਗਤਾਂ ਦਾ ਸੁਭਾ ਦਿਨੋ ਦਿਨ ਚੰਗਾ ਹੋਂਦਾ ਜਾਂਦਾ ਸੀ। ਏਸ ਲਈ ਸਿੱਖਾਂ ਨੇ ਬਹੁਤੀ ਪੜ੍ਹਾਈ ਦੀ ਲੋੜ ਨ ਸਮਝੀ। ਪੜ੍ਹਾਈ ਕਰ ਕੇ ਕੇਂਦਰੀ ਬੋਲੀ ਦੀ ਪੈਂਠ ਪੈਣੀ ਸੀ, ਜੋ ਨ ਪਈ। ਕੇਂਦਰੀ ਬੋਲੀ ਇਲਮਾਂ ਦੀ ਜੜ੍ਹ ਹੋਂਦੀ ਹੈ। ਸੋ ਏਹ ਬਣਤ ਬਣ ਹੀ ਨ ਸਕੀ।

ਫੇਰ ਵਕਤ ਆਇਆ, ਦੂਜੇ ਪਾਤਸ਼ਾਹ ਦਾ। ਏਹਨਾਂ ਵੇਲੇ ਜਨਮ ਸਾਖੀ ਬਣੀ ਤੇ ਸਾਡੀ ਨਸਰ ਦੀ ਨੀਂਹ ਧਰੀ ਗਈ। ਆਪ ਦੀ ਕਵਿਤਾ (ਬਾਣੀ) ਉਤੇ ਕੇਂਦਰੀ ਬੋਲੀ ਦਾ ਘਟ ਹੀ ਅਸਰ ਹੈ। ਗੁਰੂ ਨਾਨਕ ਦੇਵ ਦੇ ਕਦਮਾਂ ਉੱਤੇ ਚੱਲੇ। ਲੱਗ ਪਗ ਓਸੇ ਤਰਾਂ ਦੀ ਹੀ ਮਿਠੀ ਆਤਮ ਰਸ ਵਿਚ ਗੜੁਚੀ ਤੇ ਰੂਹ ਨੂੰ ਹੁਲਾਰਾ ਦੇਣ ਵਾਲੀ ਬੋਲੀ ਲਿਖੀ।

ਤੀਜੇ ਪਾਤਸ਼ਾਹ ਨੇ ਵੀ ਬਜ਼ੁਰਗਾਂ ਦੀ ਬੋਲੀ ਲਈ। ਗੁਰਮਤ ਦੇ



Digitized by Panjab Digital Library | www.panjabdigilib.org

ਪ੍ਰਚਾਰ ਲਈ, ਬਣਾਈ ਇਕੱਠੀ ਕਰਾਈ। ਏਸ ਵੇਲੇ ਦੂਜੇ ਜਾਂ ਤੀਜੇ ਗੁਰੂ ਦੀ ਜਨਮ ਸਾਖੀ ਲਿਖਣ ਵਾਲਾ ਕੋਈ ਨ ਨਿੱਤਰਿਆ। ਨਸਰ ਨਾਲ ਜ਼ਬਾਨ ਨੇ ਵਧਣਾ ਸੀ, ਓਹ ਗਲ ਨ ਬਣੀ।

ਚੌਥੇ ਤੇ ਪੰਜਵੇਂ ਪਾਤਸ਼ਾਹ ਦਾ ਗੁਰਬਾਣੀ ਦੀ ਬੋਲੀ ਵਲ ਖਿਆਲ ਸੀ। ਏਹ ਬੋਲੀ ਆਤਮਿਕ ਗੁੰਝਲਾਂ ਨੂੰ ਖੋਲ੍ਹਣ ਵਾਲੀ ਹੁੰਦੀ ਜਾਂਦੀ ਸੀ ਤੇ ਕੁਝ ਔਖੀ ਵੀ ਸੰਗਤਾਂ ਨੂੰ ਲੱਗਣ ਲਗ ਪਈ ਹੋਵੇਗੀ।

ਭਾਈ ਗੁਰਦਾਸ ਨੇ ਲਗਦੀ ਵਾਹ ਲੋਕ ਭਾਸ਼ਾ ਨੂੰ ਵਰਤਿਆ। ਲੋੜ ਅਨੁਸਾਰ ਅਰਬੀ, ਫਾਰਸੀ ਤੇ ਸੰਸਕ੍ਰਿਤ ਦੇ ਲਫਜ਼ ਵੀ ਲਏ, ਭਾਈ ਸਾਹਿਬ ਕਾਂਸ਼ੀ ਗਏ; ਤਾਂ ਨਰੋਲ ਬ੍ਰਿਜ ਭਾਸ਼ਾ ਵਿਚ ਕਬਿੱਤ ਕਹੇ। ਮਹਾਂ ਵਿਦਵਾਨ ਸਨ, ਬੋਲੀਆਂ ਅਧੀਨ ਸਨ। ਏਸੇ ਸਮੇਂ ਲਾਹੌਰ ਵਿਚ ਸ਼ਾਹ ਹੁਸੈਨ ਜੀ ਹੋਏ। ਆਪ ਨੇ ਮਿੱਠੀ ਕੇਂਦਰੀ ਬੋਲੀ ਵਰਤੀ। ਏਹਨਾਂ ਦੋਹਾਂ ਦੇ ਉਦਮ ਤੋਂ ਸਿਖਾਂ ਨੇ ਫਾਇਦਾ ਨ ਉਠਾਇਆ।

ਛੇਵੇਂ ਸਤਵੇਂ ਤੇ ਅਠਵੇਂ ਪਾਤਸ਼ਾਹ ਨੇ ਬਾਣੀ ਨਹੀਂ ਉਚਾਰੀ। ਗੁਰਬਾਣੀ ਦੇ ਟੀਕੇ ਵੀ ਨ ਹੋਏ। ਦਸਮੇਸ਼ ਜੀ ਮਹਾਂ ਵਿਦਵਾਨ ਸਨ। ਪੜ੍ਹੇ ਹੋਏ ਲੋਕ ਕੋਲ ਰਖੇ। ਸਾਡੀ ਬੋਲੀ ਅਜੇ ਖਾਸ ਠੁਕਦੀ ਬਣੀ ਨਹੀਂ ਸੀ। ਇਸ ਲਈ ਓਹਨਾਂ ਬ੍ਰਿਜ ਭਾਸ਼ਾ ਵਿਚ ਗ੍ਰੰਥ ਉਲਟਾਏ ਤੇ ਉਲਥਵਾਏ। ਏਸ ਤਰ੍ਹਾਂ ਸਾਡਾ ਇਲਮੀ ਪੈਂਡਾਂ ਅੱਧਾ ਕੀਤਾ। ਅਗੋਂ ਅਸੀਂ ਆਪਣੀ ਬੋਲੀ ਵਲ ਨ ਆਏ, ਸਗੋਂ ਬ੍ਰਿਜ ਭਾਸ਼ਾ ਵਲ ਹੀ ਹੋ ਤੁਰੇ।

ਮਿਸਲਾਂ ਵੇਲੇ ਲੜਾਈਆਂ ਹੀ ਰਹੀਆਂ। ਏਹਨਾਂ ਤੋਂ ਪਹਿਲਾਂ ਵੀ ਭੇੜਾ ਹੀ ਹਾਲ ਸੀ। ਮਹਾਰਾਜਾ ਰਣਜੀਤਸਿੰਘ ਫਾਰਸੀ ਉੱਤੇ ਮੋਹਿਤ ਹੋ ਗਏ। ਹੁਣ ਅਸੀਂ ਭਾਸਾ ਵਲੋਂ ਫਾਰਸੀ ਵਲ ਉਲਟੇ। ਬ੍ਰਾਹਮਣਾਂ ਆਪ ਸੰਸਕ੍ਰਿਤ ਨੂੰ ਚੁੱਕਿਆ। ਬੋਧਾਂ ਆਪ ਹੀ ਪਾਲੀ ਨੂੰ ਅਪਣਾਇਆ। ਪਰ ਅਸੀਂ ਏਧਰ ਓਧਰ ਹੀ ਭੌਂਦੇ ਰਹੇ। ਗ਼ੈਰ ਜ਼ਬਾਨਾਂ ਠੁਕ ਨਾਲ ਪੜ੍ਹਦੇ ਨਹੀਂ ਸਾਂ। ਜੇ ਕਿਸੇ ਸੱਜਣ ਨੂੰ ਆਈਆਂ ਵੀ, ਤਾਂ ਓਸ ਨੇ

ਜਨਤਾ ਦੀ ਬੋਲੀ ਵਿਚ ਕੁਝ ਦੇਣ ਦੀ ਕੋਸ਼ਿਸ਼ ਨਾ ਕੀਤੀ। ਸਾਡੇ ਟੀਕੇ ਖਿੜਕਵੀਂ ਬੋਲੀ ਵਿਚ ਹੋਏ। ਪਰਚੀਆਂ ਤੇ ਸਾਖੀਆਂ ਦਾ ਵੀ ਏਹੋ ਹਾਲ ਹੈ, ਜੇ ਅਸਾਂ ਛੰਦੀ ਬੰਦੀ ਵਿਚ ਇਤਿਹਾਸ ਲਿਖੇ ਤਾਂ ਮਿਲ ਗੋਭਾ ਜਿਹੀ ਬੋਲੀ ਘੜ ਮਾਰੀ। ਹਾਂ, ਭਾਈ ਸੰਤੋਖ ਸਿੰਘ ਜੀ ਜ਼ਰੂਰ ਬ੍ਰਿਜ ਭਾਸ਼ਾ ਲਿਖਣ ਵਿਚ ਬਾਜ਼ੀ ਲੈ ਗਏ।

ਗੁਰੂ ਸਾਹਿਬ ਨੇ ਚਾਰੇ ਵਰਣ ਮੇਲਣ ਲਈ ਲੰਗਰ ਲਾਏ, ਰੈਸਟੋਰੈਂਟ ਤਾਂ ਖੁਲ੍ਹੇ ਨਹੀਂ ਸਨ ਹੋਏ, ਸੰਗਤਾਂ ਦੇ ਪਰਸ਼ਾਦ ਦਾ ਪ੍ਰਬੰਧ ਕਰਨਾ ਹੀ ਸੀ। ਪਰ ਪਾਠਸਾਲਾਂ ਖੋਲ੍ਹਣ ਦੀ ਇਤਿਹਾਸਾਂ ਵਿਚ ਲੰਗਰਾਂ ਵਾਂਗ ਚਰਚਾ ਨਹੀਂ, ਹਾਲਾਂ ਕਿ ਹੁਕਮ ਸੀ–

ਵਿਦਿਆ ਵੀਚਾਰੀ ਤਾਂ ਪਰਉਪਕਾਰੀ।

ਵਿਦਵਾਨ ਉਪਕਾਰ ਕਰਨ ਦਾ ਸੌ ਢੰਗ ਕੱਢ ਲੈਂਦਾ ਹੈ, ਓਦੋਂ ਸਿਖ ਗੁਰੂ ਜੀ ਦੇ ਦੀਦਾਰ ਕਰ ਕੇ, ਪਰ ਉਪਕਾਰ ਦੀ ਲਹਿਰ ਆਪਣੇ ਅੰਦਰ ਚਲਾ ਲੈਂਦੇ ਸਨ। ਇਸ ਲਈ ਬਹੁਤੀ ਵਿਦਿਆ ਨ ਵਿਚਾਰੀ।

ਸ੍ਰੀ ਦਸਮੇਸ਼ ਜੀ ਨੇ ਵਿੱਦਿਆ ਵਲ ਉਚੇਚਾ ਧਿਆਨ ਦਿੱਤਾ। ਕਾਂਸ਼ੀ ਵਿਚ ਵਿਦਿਆ ਲਈ ਸਿਖ ਘੱਲੇ। ਆਪਣੇ ਪਾਸ ਵਿਦਵਾਨ ਰਖੇ। ਪਰ ਸਮੇਂ ਨੇ ਮਦਰਸੇ ਨ ਖੁਲ੍ਹਣ ਦਿਤੇ। ਮਿਸਲਾਂ ਹੀ ਨਹੀਂ ਸਗੋਂ ਮਹਾਰਾਜਾ ਰਣਜੀਤ ਸਿੰਘ ਵੀ ਪਾਠਸ਼ਾਲਾਂ ਵਲ ਖਾਸ ਧਿਆਨ ਨ ਦੇ ਸਕੇ।

ਕੁਝ ਤਜਰਬੇ ਤ ਰਤੀ ਮਾਸਾ ਪੜ੍ਹਾਈ ਨਾਲ, ਅਸੀਂ ਹਰ ਤਰ੍ਹਾਂ ਦੇ ਕੰਮ ਵੇੜ੍ਹਦੇ ਰਹੇ। ਜਿਸ ਤਰ੍ਹਾਂ ਸਾਨੂੰ ਜੰਗੀ ਵਿਦਿਆ ਦਾ ਇਲਮ ਸੀ, ਜੇ ਓਸੇ ਤਰ੍ਹਾਂ ਕਿਤਾਬਾਂ ਲਿਖਣ ਦਾ ਵੀ ਸ਼ੌਕ ਹੋਂਦਾ ਤਾਂ ਵਿਦਿਆ ਤੇ ਅਸੀਂ ਅਜਿਹੀਆਂ ਪੁਸਤਕਾਂ ਲਿਖਣੀਆਂ ਸਨ ਕਿ ਰਹੇ ਰਬ ਦਾ ਨਾਂ।

ਮਾਸਟਰ ਤਾਰਾ ਸਿੰਘ ਨੇ ਬਾਬਾ ਤੇਗਾ ਸਿੰਘ ਵਿਚ ਜ਼ਿਕਰ ਕੀਤਾ ਹੈ ਪਈ ਚੇਲੀਆਂ ਵਾਲੇ ਦਾ ਜੰਗ ਜਿਤ ਕੇ ਵੀ, ਰਾਜਾ ਸ਼ੇਰ ਸਿੰਘ ਅਟਾਰੀਆ ਅੱਗੇ ਨ ਵਧਿਆ। ਕਿਉਂਕਿ ਇਕ ਝਿਜਕ ਸੀ। ਮੇਰੀ ਜਾਚੇ

ਏਸ ਝਿਜਕ ਦਾ ਮਤਲਬ ਹੈ ਸਾਡੀ ਆਪਾ ਘਟਾਊ ਬਿਰਤੀ। ਅੰਗ੍ਰੇਜ਼ ਦੀ ਇਲਮੀਅਤ ਤੇ ਸਾਡੀ ਅਣਪੜ੍ਹਤਾ ਨੇ ਸਾਡੇ ਵਿਚ ਏਹ ਬਿਰਤੀ ਲਿਆ ਦਿਤੀ ਸੀ। ਗੁਜਰਾਤ ਦੀ ਹਾਰ ਦਾ ਏਹ ਇਕ ਵੱਡਾ ਕਾਰਨ ਸੀ। ਅੰਗ੍ਰੇਜ਼ ਆਪਣੀ ਬੋਲੀ ਕਰ ਕੇ ਵਧਿਆ ਹੈ। ਹੋਰਨਾਂ ਬੋਲੀਆਂ ਨੂੰ ਪੜ੍ਹਦਾ ਹੈ ਪਰ ਆਪਣੀ ਬੋਲੀਓਂ ਮੂੰਹ ਨਹੀਂ ਮੋੜਦਾ। ਮੁਸਲਮਾਨਾਂ ਵਿਚ ਇਲਮੀ ਘਾਟਾ ਸੀ। ਦਾਨੇ ਖਲੀਫਿਆਂ ਨੇ ਪਰਾਈਆਂ ਬੋਲੀਆਂ ਵਿਚੋਂ ਇਲਮੀ ਗ੍ਰੰਥਾਂ ਦੇ ਤਰਜਮੇ ਕਰਾਏ। ਆਮ ਜਨਤਾ ਨੂੰ ਮਾਤ ਭਾਸ਼ਾ ਅਰਬੀ ਵਿਚ ਚੰਗਾ ਇਲਮ ਮਿਲ ਗਿਆ। ਏਹਨਾਂ ਕਿਤਾਬਾਂ ਸਦਕਾ ਮੁਸਲਮਾਨ ਕਾਫੀ ਦੁਨੀਆਂ ਉਤੇ ਫੈਲਣ ਜੋਗੇ ਹੋ ਗਏ।

ਅਜ ਕਲ ਸਿਖ ਐਜੂਕੇਸ਼ਨਲ ਕਾਨਫਰੰਸਾਂ ਕਰਕੇ ਅਸਾਂ ਕੁਝ ਵਿਦਿਆ ਲਈ ਹੈ। ਪਰ ਏਸ ਵੇਲੇ ਵੀ ਤਾਲੀਮ ਵਿਚ ਢੇਰ ਸਾਰੀਆਂ ਤ੍ਰੁਟੀਆਂ ਹਨ, ਤੇ ਤੋੜ ਤੋੜੀ ਪੁਜਦੇ ਵੀ ਘਟ ਹਾਂ। ਏਸ ਲਈ ਵਿਦਿਆ ਦੀ ਕਮੀ ਹੈ।

ਸਾਡੇ ਪ੍ਰੋਫੈਸਰ ਤੇ ਪ੍ਰਿੰਸੀਪਲ ਸਾਹਿਬਾਨ, ਸਾਨੂੰ ਆਪਣੀ ਬੋਲੀ ਵਿਚ ਵੀ ਤਰਜਮੇ ਕਰਕੇ ਕਿਤਾਬਾ ਥੋੜੀਆਂ ਹੀ ਦੇਂਦੇ ਹਨ। ਗੁਰਦਵਾਰਾ ਕਮੇਟੀਆਂ ਨੇ ਟਾਵੇਂ ਟਾਵੇਂ ਕਿਤਾਬ ਘਰ ਖੋਲ੍ਹ ਦਿਤੇ ਹਨ। ਪਰ ਜੇ ਗਿਆਨੀ ਵਿਦਵਾਨੀ ਤੇ ਬੁੱਧੀਮਾਨੀ ਦੀਆਂ ਜਮਾਤਾਂ ਖੋਲ੍ਹ ਛਡਣ ਤਾਂ ਕੁਝ ਲਾਭ ਹੀਹੋ ਸਕਦਾ ਹੈ।ਹਾਲੀਂ ਤਾਂ ਸਾਡਿਆਂ ਰਸਾਲਿਆਂ ਵਿਚ ਵੀਵਿਦਿਅਕ ਲੇਖ ਘਟ ਹੋਂਦੇ ਹਨ। ਅਸਲ ਵਿਚ ਨ ਲਿਖਨ ਵਾਲਿਆਂ ਨੂੰ ਚਾਹ ਹੈ ਨ ਪੜ੍ਹਨ ਵਾਲਿਆਂ ਨੂੰ ਰੀਝ। ਏਸ ਵਿਦਿਅਕ ਸਦੀ ਦੇ ਅੱਧ ਵਿਚ ਵੀ ਏਹਨਾ ਘਾਟਿਆਂ ਵਲ ਸਾਡਾ ਖਿਆਲ ਘਟ ਹੀ ਗਿਆ ਹੈ ਤੇ ਹੁਣ ਥੋੜ ਨੂੰ ਪੂਰਾ ਕਰਨ ਦੀ ਲੋੜ ਹੈ।

---

# ਸਿੱਖਾਂ ਦਾ ਦਰਦੀ

ਸੰਨ ਉੱਨੀ ਸੌ ਉੱਨੀ ਸੀ । ਪੰਜਾਬੀਆਂ ਨੇ ਕਾਂਗਰਸ ਨੂੰ ਅੰਮ੍ਰਿਤਸਰ ਸੱਦਾ ਦੇ ਕੇ ਮਾਰਸ਼ਲ-ਲਾ ਦਾ ਜਵਾਬ ਦਿਤਾ । ਓਦੋਂ ਪਹਿਲੀ ਵੇਰ ਸਿਖ ਲੀਗ ਦਾ ਵੀ ਸਮਾਗਮ ਸੀ, ਸਿਖਾਂ ਕਾਂਗਰਸੀ ਆਗੂਆਂ ਦੀ ਚਾਹ ਪਾਰਟੀ ਕੀਤੀ । ਧੰਨਵਾਦ ਦੇ ਤੌਰ ਤੇ ਕੁਝ ਲੀਡਰਾਂ ਨਿਕੀਆਂ ਨਿਕੀਆਂ ਸਪੀਚਾਂ ਕੀਤੀਆਂ । ਤਿੰਨ ਲੀਡਰਾਂ ਦਾ ਪੱਕਾ ਚੇਤਾ ਹੈ ਮੈਂ ਬਾਰਾਂ ਤੇਰਾਂ ਸਾਲ ਦਾ ਸਾਂ । ਤਕਰੀਰਾਂ ਵੀ ਬਹੁਤੀਆਂ ਅੰਗ੍ਰੇਜ਼ੀ ਵਿਚ ਸਨ । ਜ਼ਰੂਰੀ ਗੱਲਾਂ ਪਿਤਾ ਜੀ ਨੇ ਦਸ ਦਿਤੀਆਂ ਸਨ, ਮਿਸਟਰ ਜਿਨਾਹ ਨੇ ਕਿਹਾ ਸੀ 'ਸਾਨੂੰ ਪੰਜਾਬ ਤੋਂ ਏਹੋ ਉਮੈਦ ਸੀ ਕਿ ਗੋਲੀਆਂ ਸਾਹਮਣੇ ਛਾਤੀਆਂ ਡਾਹੇਗਾ ।' ਸ੍ਰੀ ਤਿਲਕ ਮਹਾਰਾਜ ਨੇ ਫੁਰਮਾਇਆ, 'ਪਿਛੇ ਤਾਂ ਸਿਖਾਂ ਤੇ ਮਰਹੱਟਿਆਂ ਅੱਡੋ ਅੱਡ ਹੋਕੇ ਗਲੋਂ ਗੁਲਾਮੀ ਲਾਹੀ ਸੀ ਤੇ ਐਤਕੀ ਜੁੱਟ ਹੋਕੇ ਕੰਮ ਕਰਨ ਲਗੇ ਹਾਂ ਨਿਸਚੇ ਹੀ ਜਿੱਤਾਂਗੇ ।' ਏਹਨਾਂ ਤੋਂ ਮਗਰੋਂ ਉਠੇ ਸਨ ਪੰਡਿਤ ਮਦਨਮੋਹਨ ਮਾਲਵੀ ਜੀ ਗਰਮ ਚਿੱਟਾ ਪਸ਼ਮੀਨੇ ਦਾ ਅੰਗਰਖਾ, ਏਸੇ ਖੁਲ੍ਹਾ ਪਰ ਪਿੰਨੀਆਂ ਨਾਲ ਚੰਮੜਵਾਂ ਪਜਾਮਾ, ਗਲ ਗਿਰਦੇ ਲਪੇਟ ਕੇ ਦੋਵੱਲੀ ਛੱਡਿਆ ਹੋਇਆ ਸਾਫਾ ਤੇ ਸੀਸ ਉਤੇ ਸਫੈਦ ਸਜਾਈ ਹੋਈ ਪਗ (ਜੋ ਚਿਹਰੇ ਨਾਲ ਢੁਕਦੀ ਸੀ) ਇਉਂ ਜਾਣੋਂ ਕਿ ਦੁਖੀਆਂ ਤੇ ਜ਼ੋਰਾਵਰਾਂ ਹਿੰਦ ਦੇ ਸਾਗਰ ਨੂੰ ਆਪਣਿਆਂ ਅਮਲਾਂ ਦਾ ਮਧਾਣਾ ਪਾਕੇ ਰਿੜਕਿਆ, ਓਸ ਵਿਚੋਂ ਆਗੂ-ਰਤਨ ਨਿਕਲੇ ਤੇ ਮਾਲਵੀ ਜੀ ਸ਼ਾਂਤੀ

ਦੇ ਅਵਤਾਰ ਓਸ ਦਿਨ ਸਟੇਜ ਉਤੇ ਪ੍ਰਗਟੇ ।

ਮਾਲਵੀ ਜੀ ਮਾਰਸ਼ਲ-ਲਾ ਤੋਂ ਪਿਛੋਂ ਤੇ ਕਾਂਗਰਸ ਤੋਂ ਪਹਿਲਾਂ ਵੀ ਅੰਮ੍ਰਿਤਸਰ ਆਉਂਦੇ ਰਹੇ ਸਨ। ਹਿੰਦੂਆਂ, ਮੁਸਲਮਾਨਾਂ ਤੇ ਸਿਖਾਂ ਨਾਲ ਜੋ ਹਿਤ ਕੀਤਾ ਸੀ, ਓਹ ਹਰ ਇਕ ਦੀ ਜੀਭ ਉਤੇ ਸੀ । ਮੈਂ ਆਪ ਦੀ ਪੰਜ ਘੰਟਿਆਂ ਵਾਲੀ ਸਪੀਚ ਜੋ ਓਹਨਾ ਪੰਜਾਬ ਦੇ ਜ਼ੁਲਮਾਂ ਬਾਰੇ ਕੌਂਸਲ ਵਿਚ ਕੀਤੀ ਸੀ) ਦੀ ਚਰਚਾ ਸੁਣ ਚੁੱਕਾ ਸਾਂ। ਜੀਅ ਦਰਸ਼ਨ ਕਰਨ ਨੂੰ ਕਰਦਾ ਸੀ । ਓਹਨਾਂ ਦੀ ਮਿੱਠੀ ਮਿੱਠੀ ਸੁਖਾਲੀ ਭਾਸ਼ਾ ਵਿਚ ਹਲਕੇ ਫੁਲਕੇ ਬੋਲਾਂ ਨੇ, ਮੇਰੇ ਉਤੇ ਹਦੋਂ ਵਧ ਅਸਰ ਕੀਤਾ ।

ਆਪ ਨੇ ਹੋਰਨਾਂ ਲੀਡਰਾਂ ਤੋਂ ਵਧ ਕੁਝ ਸ਼ਬਦ ਆਖੇ, ਗੁਰੂ ਹਰਿਗੋਬਿੰਦ ਸਾਹਿਬ ਦਾ ਹਵਾਲਾ ਦਿਤਾ ਕਿ ਓਹਨਾਂ ਗੁਲਾਮੀ ਨੂੰ ਤਲਵਾਰ ਨਾਲ ਕਟਣਾ ਚਾਹਿਆ ਸੀ ਕਿਉਂਕਿ ਦਿਲੋਂ ਨਹੀਂ ਸਨ ਚਾਹੁੰਦੇ। ਓਹਨਾਂ ਗਰੀਬ ਸਿਖਾਂ ਨੂੰ ਸਮਝਾ ਕੇ ਨਿਡਰਤਾ ਪੈਦਾ ਕੀਤੀ ਤੇ ਲੜਨ ਲਈ ਹੌਂਸਲੇ ਦੀ ਨੀਂਹ ਧਰ ਦਿਤੀ। ਬਹੁਤੀਆਂ ਗਲਾਂ ਯਾਦ ਨਹੀਂ, ਉਪਰਲੇ ਹਵਾਲੇ ਕਰਕੇ ਪੰਡਤ ਜੀ ਮੈਨੂੰ ਬਹੁਤ ਭਾ ਗਏ ਵੇਲੇ ਮੁਤਾਬਕ ਗਲ ਤੇ ਸੌਖਾ ਲਹਿਜਾ ਸਭ ਨੂੰ ਮੋਹ ਗਿਆ।

ਗੁਰੂ ਕੇ ਬਾਗ ਵੇਲੇ ਸੂਭ ਤੋਂ ਪਹਿਲਾਂ ਅੰਮ੍ਰਿਤਸਰ ਪੁਜੇ। ਜਥੇ ਤੋਂ ਪਹਿਲਾਂ ਆਪ ਮਾਰ ਪੈਣ ਵਾਲੀ ਥਾਂ ਉਤੇ ਜਾ ਖਲੋਤੇ। ਇਕ ਦਿਨ ਤਾਂ ਏਹਨਾਂ ਨੂੰ ਟਰਕਾ ਕੇ ਜੱਥੇ ਦਾ ਕੁਟਈਆ ਕੀਤਾ ਪਰ ਦੂਜੇ ਦਿਨ ਆਪ ਅਫਸਰਾਂ ਦੇ ਝਾਸੇ ਵਿਚ ਨਾ ਆਏ। ਆਪ ਨੇ ਆਪਣੀ ਅੱਖੀਂ ਕਹਿਰ ਵਰਤਦਾ ਡਿਠਾ। ਅਕਾਲੀਆਂ ਵਾਲੇ ਬਾਗ ਵਿਚ ਹਰ ਇਕ ਜ਼ਖਮੀ ਪਾਸ ਜਾ ਜਾ ਕੇ ਖਬਰ ਸੁਰਤ ਪੁਛਦੇ ਸਨ। ਆਪ ਦਾ ਸਦਕਾ, ਕਾਂਗਰਸੀ ਲੀਡਰ ਵੀ ਹੁਮ ਹੁਮਾ ਕੇ ਆਏ। ਗੁਰੂ ਕੇ ਬਾਗ ਲਈ ਕਾਂਗਰਸ ਵਲੋਂ ਪੜਤਾਲੀਆ ਕਮੇਟੀ ਬੈਠੀ।ਗਇਆ ਦੇ ਕਾਂਗਰਸੀ ਇਕੱਠ ਵਿਚ ਗੁਰੂ ਕੇ ਬਾਗ ਦੀ ਫਿਲਮ ਦਿਖਾਈ ਗਈ। ਜ਼ੋਰਾਂਵਰਾਂ ਦਾ



Digitized by Panjab Digital Library | www.panjabdigilib.org

ਕਹਿਰ ਤੇ ਹੱਕ ਉਤੇ ਅੜਨ ਵਾਲਿਆਂ ਦੀ ਅਣਖ ਤੇ ਸਹਿਨ ਸ਼ੀਲਤਾ ਦੇ ਦਰਸ਼ਨ ਕਰਾਏ ਗਏ। ਏਹ ਜੋ ਕੁਝ ਹੋਇਆ ਏਸ ਦਾ ਸਿਹਰਾ ਪੰਡਤ ਜੀ ਦੇ ਸਿਰ ਬੱਝਦਾ ਹੈ।ਗੁਰੂ ਕੇ ਬਾਗ ਦੇ ਆਗੂਆਂ ਦੇ ਵਿਚ ਪਹਿਲੇ ਜੱਥੇ ਦਾ(ਜਿਸ ਵਿਚ ਸ:ਮਹਿਤਾਬ ਸਿੰਘ ਜੀ ਸਨ)ਮੁਕੱਦਮਾ ਆਪ ਦੀ ਦੇਖ ਭਾਲ ਵਿਚ ਹੀ ਲੜਿਆ ਗਿਆ ਸੀ। ਜਦੋਂ ਆਪ ਨੇ ਬਹਿਸ ਕੀਤੀ ਤਦੋਂ ਹਾਕਮ ਬਿਟ ਬਿਟ ਤਕਦਾ ਰਿਹਾ। ਆਪ ਦੀ ਸਪੀਚ ਵਿਚ ਸਚਾਈ, ਦਿਲ ਤੇ ਦਿਮਾਗ ਸੀ। ਤਕਰੀਰ ਇਉਂ ਕਰਦੇ ਸਨ, ਜਿਵੇਂ ਸ੍ਰੀ ਵੇਦ ਵਿਆਸ ਜੀ ਦੇ ਮੁਖੋਂ ਕੌਰਵਾਂ ਤੇ ਪਾਂਡਵਾਂ ਦੀ ਜੁੱਧ ਕਥਾ ਨਿਕਲਦੀ ਸੀ।

ਜੈਤੋ ਵੇਲੇ ਵੀ ਨਸ ਭਜ ਕਰਦੇ ਰਹੇ। ਬਰਡਵੁਡ ਤੇ ਵੈਜਵੁਡ ਜਿਹੇ ਹਕੂਮਤੀ ਪੁਰਜ਼ਿਆਂ ਨਾਲ ਵੀ, ਲੰਬੀ ਗਲ ਬਾਤ ਕੀਤੀ। ਓਹਨਾਂ ਨੂੰ ਸਮਝੌਤੇ ਲਈ ਮਨਾਇਆ। ਆਪ ਸਰਕਾਰ ਨਾਲ ਨਾ ਰੁਸਣਾ ਜਾਣਦੇ ਸਨ ਤੇ ਨਾ ਓਹਦੇ ਅੱਗੇ ਹਥ ਟਡਣਾ। ਅਕਲ ਤੇ ਅਮਲ ਨਾਲ ਕੰਮ ਕਢਣ ਦੇ ਹਾਮੀ ਸਨ। ਸੋ ਆਪ ਨੇ ਬੜੀ ਵਾਹ ਲਾਈ ਕਿ ਸਿਖਾਂ ਨੂੰ ਗੁਰਦਵਾਰਾ ਬਿਲ ਮਿਲ ਜਾਏ। ਆਪ ਨੇ ਇਕ ਬਿਲ ਦਾ ਡਰਾਫਟ ਤਿਆਰ ਕੀਤਾ ਸੀ। ਜਿਸ ਨੂੰ ਸਿਖ ਮੈਂਬਰਾਂ ਰਾਹੀਂ ਪੰਜਾਬ ਕੌਂਸਲ ਵਿਚ ਪਾਸ ਕਰਵਾਉਣਾ ਚਾਹੁੰਦੇ ਸਨ, ਪਰ ਹਾਕਮਾਂ ਨੇ ਸਿਖਾਂ ਨੂੰ ਚੁਕ ਦੇ ਕੇ ਹੋਰ ਬਿਲ ਬਣਵਾਇਆ। ਏਸ ਲਈ ਕਿ ਮਾਲਵੀ ਜੀ ਦਾ ਬਿਲ ਬੜਾ ਵਧੀਆ ਸੀ, ਵਧੀਆ ਚੀਜ਼ ਦੇਣੋਂ ਹਰ ਇਕ ਦਾ ਜੀਅ ਖੁੱਸਦਾ ਹੈ। ਸੋ ਸਰਕਾਰ ਦੀ ਅਟਕਲ ਪੱਚੂ ਚਲ ਗਈ। ਪਹਿਲਾਂ ਮੀਆਂ ਫਜ਼ਲ ਹੁਸੈਣ ਨੇ ਬਿਲ ਦਾ ਸਿਹਰਾ ਆਪਣੇ ਸਿਰ ਲੈਣਾ ਚਾਹਿਆ, ਪਰ ਸਰਦਾਰ ਤਾਰਾ ਸਿੰਘ ਜੀ ਮੋਗੇ ਵਾਲਿਆਂ ਵਰਤਮਾਨ ਬਿਲ ਪੇਸ਼ ਕੀਤਾ ਤੇ ਪਰਿੰਸੀਪਲ ਜੋਧ ਸਿੰਘ ਨੇ ਉਦਮ ਨਾਲ ਪਾਸ ਕਰਾਇਆ।

ਜਿਸ ਵਕਤ ਨਹਿਰੂ ਰੀਪੋਰਟ ਦੇ ਖਿਲਾਫ ਸਿਖਾਂ ਆਵਾਜ਼ ਉਠਾਈ, ਓਸ ਵਕਤ ਨਰਮ ਤੇ ਗਰਮ ਧੜੇ ਦੇ ਸਿਖ ਪਹਿਲਾਂ ਆਪ



Digitized by Panjab Digital Library | www.panjabdigilib.org

ਪਾਸ ਹੀ ਨੱਸੇ ਨੱਸੇ ਗਏ। ਆਪ ਨੇ ਆਮ ਲੀਡਰਾਂ ਵਾਕਰ ਸਿਖਾਂ ਨਾਲ ਓਪਰੀ ਓਪਰੀ ਪ੍ਰੀਤ ਹੀ ਨਹੀਂ ਦਿਖਾਈ, ਸਗੋਂ ਓਹਨਾਂ ਦੇ ਕੇਸ ਦੀ ਚੰਗੀ ਤਰ੍ਹਾਂ ਵਕਾਲਤ ਕੀਤੀ।

ਜਦੋਂ ਵੀਹ ਕੁ ਸਾਲ ਪਹਿਲਾਂ, ਦੇਸ ਵਿਚ ਹਿੰਦੂ ਮੁਸਲਿਮ ਝਗੜੇ ਹੋਏ, ਤਾਂ ਓਦੋਂ ਮੁਲਤਾਨ ਵਿਚ ਬਹੁਤੀ ਖਪ ਪਈ। ਹਕੀਮ ਅਜਮਲ ਖਾਂ ਤੇ ਮਾਲਵੀ ਜੀ ਮੁਲਤਾਨ ਤਸ਼ਰੀਫ ਲੈ ਗਏ। ਦੋਵੇਂ ਲੀਡਰ ਠੰਢ ਪਾ ਆਏ। ਪਰ ਆਪ ਨੇ ਏਹ ਸੋਚਿਆ ਕਿ ਜੇ ਹਿੰਦੂ ਕਮਜ਼ੋਰ ਰਹੇ ਤਾਂ ਲੜਾਈ ਕਦੀ ਮੁਕਣੀ ਹੀ ਨਹੀਂ। ਹਿੰਦੂਆਂ ਨੂੰ ਏਹ ਗੁਰ ਦਸਣਾ, ਮੁਲਕ ਵਿਚ ਸ਼ਾਂਤੀ ਲਿਆਉਣ ਦੇ ਬਰਾਬਰ ਸੀ। ਪੰਡਿਤ ਜੀ ਨੇ ਅਮ੍ਰਿਤਸਰ ਆ ਕ ਲੈਕਚਰ ਦਿਤਾ ਸੀ। ਉਪਰਲੀ ਗੱਲ ਨੂੰ ਮੁਖ ਰਖਦਿਆਂ ਹੋਇਆਂ ਓਹਨਾਂ ਮਹੱਲਾ ਕਮੇਟੀਆਂ ਬਣਾਉਣ ਲਈ ਜ਼ੋਰ ਦਿਤਾ। ਨਾਲ ਹੀ ਅਖਾੜਿਆਂ ਵਿਚ ਜਾ ਕੇ ਜ਼ੋਰ ਕਰਨ ਦੀ ਤਾਕੀਦ ਕੀਤੀ। ਪੰਡਿਤ ਜੀ ਨੇ ਮੁਲਤਾਨ ਦੀ ਦੁਖ ਭਰੀ ਕਹਾਣੀ ਵਿਚ ਹਿੰਦੂਆਂ ਦੀ ਬੇਦਿਲੀ ਦੱਸੀ ਕਿ ਓਹ ਦੁਕਾਨਾਂ ਬੰਦ ਕਰੀ ਨੱਸੇ ਜਾਂਦੇ ਸਨ, ਮਗਰ ਮਗਰ ਲੁਟ ਮਾਰ ਤੇ ਫੂਕਾ ਫਾਕੀ ਹੋ ਦੀ ਜਾਂਦੀ ਸੀ। ਇਕ ਧਰਮਸਾਲਾ ਕੋਲ ਖਰੂਦੀਏ ਅਪੜ, ਅੰਦਰੋਂ ਦੋ ਚਾਰ ਸਿੰਘ ਕਿਰਪਾਨਾਂ ਧੂਹੀ ਆ ਗੱਜੇ। ਫਸਾਦੀ ਤਿੱਤਰ ਹੋ ਗਏ। ਪੰਡਿਤ ਜੀ ਨੇ ਸਿਖਾਂ ਦੀ ਬਹਾਦਰੀ ਦੀ ਦਾਦ ਦਿਤੀ ਤੇ ਹਿੰਦੂਆਂ ਨੂੰ ਵੰਗਾਰਿਆ ਕਿ ਆਪਣੀ ਰਖਿਆ ਸਿਖਾਂ ਵਾਂਗ ਕਰਨ ਤੇ ਹਰ ਘਰ ਵਿਚੋਂ ਘਟੋ ਘਟ ਇਕ ਜੀਅ ਨੂੰ ਜ਼ਰੂਰ ਸਿੰਘ ਸਜਾਣ। ਪੰਡਿਤ ਜੀ ਨੇ ਨਵਾਖਲੀ ਦੀ ਕਤਲਾਮ ਵੇਲੇ ਵੀ ਬੀਮਾਰੀ ਦੀ ਹਾਲਤ ਵਿਚ ਇਕ ਅਜਿਹਾ ਹੀ ਬਿਆਨ ਦਿਤਾ ਸੀ, ਜਿਸ ਦਾ ਮਤਲਬ ਸੀ ਕਿ ਹਿੰਦੂਆਂ ਨੂੰ ਆਪਣੀ ਰਾਖੀ ਕਰਦਿਆਂ ਲੜ ਕੇ ਮਰ ਜਾਣਾ ਚਾਹੀਦਾ ਹੈ। ਨਵਾਖਲੀ ਦੀ ਘਟਨਾ ਵੇਲੇ ਮਹਾਤਮਾ ਗਾਂਧੀ ਦਾ ਮਸ਼ਵਰਾ ਸੀ ਕਿ ਹਿੰਦੂ ਆਪਣੀ ਬੇਪਤੀ ਨ ਸਹਾਰਨ ਤੇ ਓਹੋ ਜਿਹੇ ਵੇਲੇ ਜ਼ਹਿਰ ਖਾ ਲੈਣ। ਮਾਲਵੀਜੀ ਦੀ ਰਾਏ ਵਿਚ ਸਿਆਸਤ ਤੇ ਜੀਵਨ ਭਰਿਆਪਿਆ ਹੈ ਕਿਉਂਕਿ



Digitized by Panjab Digital Library | www.panjabdigilib.org

ਮਾਲਵੀ ਜੀ ਉਤੇ ਸਿਖ ਇਤਿਹਾਸ ਦਾ ਬੜਾ ਅਸਰ ਸੀ। ਓਹ ਕਈ ਵਾਰੀ ਜ਼ਫਰਨਾਮੇ ਵਿਚੋਂ ਹਵਾਲੇ ਦੇਂਦੇ ਹੋਂਦੇ ਸਨ। ਓਹਨਾਂ ਦੀ ਗਾਂਧੀ ਜੀ ਦੇ ਬਰਖਿਲਾਫ ਰਾਇ ਸਿਖ ਇਤਿਹਾਸ ਦੇ ਪੜ੍ਹਨ ਨਾਲ ਬਣੀ ਸੀ। ਓਹ ਅਸਲੀ ਸਿਖੀ ਸਪਿਰਟ ਦਾ ਪ੍ਰਚਾਰ ਕਰਨਾ ਚਾਹੁੰਦੇ ਸਨ ਏਸ ਲਈ ਮਾਲਵੀ ਜੀ ਸਿਖਾਂ ਤੋਂ ਚੌਖੰਨੀਏ ਜਾਂਦੇ ਸਨ। ਸਿਖਾਂ ਨੂੰ ਬੜਾ ਹੀ ਅਫ਼ਸੋਸ ਹੈ ਪਈ ਦਸਮੇਸ਼ ਜੀ ਦੀ ਸਪਿਰਟ ਕਾਇਮ ਰਖਣ ਵਾਲਾ ਹਿੰਦ ਦਾ ਸਿਰ ਕੱਢ ਲੀਡਰ ਸਦਾ ਦਾ ਵਿਛੋੜਾ ਦੇ ਗਿਆ ਹੈ।

---

# ਸਿੱਖ ਤੇ ਫਿਲਮਾਂ

ਕੋਮਲ ਹੁਨਰਾਂ ਦਾ ਆਪਸ ਵਿਚ ਗੂੜ੍ਹਾ ਸੰਬੰਧ ਹੈ। ਫਿਲਮ ਸਾਰੇ ਕੋਮਲ ਹੁਨਰਾਂ ਦਾ ਮੇਲ ਹੈ। ਚਿਤ੍ਰ ਕਲਾ ਏਸ ਵਿਚ, ਸੰਗੀਤ ਏਸ ਵਿਚ ਤੇ ਸਾਹਿਤ ਦਾ ਚਮਤਕਾਰ ਵੀ ਏਸ ਵਿਚ, ਜਿਸ ਨਾਲ ਕਹਾਣੀ ਸੋਭਸੀ ਹੈ। ਸਿਖਾਂ ਨੂੰ, ਮੁਢ ਤੋਂ ਹੀ ਕੋਮਲ ਹੁਨਰਾਂ ਵਲ ਤੋਰਨ ਦਾ ਆਹਰ ਹੋਂਦਾ ਰਹਾ ਹੈ। ਤਿੰਨੇ ਕੋਮਲ ਹੁਨਰ ਮਨ ਉਤੇ ਖ਼ਾਸ ਅਸਰ ਕਰਦੇ ਹਨ। ਸਾਡਿਆਂ ਬਜ਼ੁਰਗਾਂ ਰਾਗ ਦੇ ਸਮੇਂ, ਵੰਡੇ ਹੋਏ ਸਨ। ਵੇਲੇ ਸਿਰ ਗਾਵੀਂ ਹੋਈ ਚੀਜ਼, ਬਹੁਤਾ ਕੰਮ ਸਾਰਦੀ ਹੈ। ਨਵੀਂ ਖੋਜ ਨੇ ਰਾਗ ਨਾਲ ਇਲਾਜ ਕਰਨ ਦਾ ਰਾਹ ਵੀ ਕਢਿਆ ਹੈ। ਤਸਵੀਰੀ ਹੁਨਰ ਵੀ ਮਨ ਦੇ ਰੋਗਾਂ ਨੂੰ ਦੂਰ ਕਰਦਾ ਹੈ। ਤਸਵੀਰਾਂ ਕਈ ਵਾਰ ਦੁੱਖਾਂ ਵਿਚ ਭਿਆਲ ਬਣਦੀਆਂ ਹਨ। ਖਾਸ ਖਾਸ ਰੰਗ ਖਾਸ ਖਾਸ ਜਜ਼ਬਿਆਂ ਨੂੰ ਜ਼ਾਹਿਰ ਕਰਦੇ ਹਨ। ਦਾਨਿਆਂ ਨੇ ਕਵਿਤਾ ਦੇ ਨੌਆਂ ਰਸਾਂ ਦੇ ਹੀ ਰੰਗ ਅੱਡ ਅੱਡ ਬੰਨ੍ਹ ਦਿਤੇ ਹਨ, ਜਿਵੇਂ ਸ਼ਾਂਤਿ ਰਸ ਦਾ ਸਫੈਦ ਤੇ ਬੀਰ ਰਸ ਦਾ ਲਾਲ ਆਦਿ ਕਵਿਤਾ ਦਾ ਮੇਲ ਦਿਲ ਤੇ ਦਿਮਾਗ ਨਾਲ ਹੈ। ਏਹ ਦੋਹਾਂ ਉਤੇ ਹੀ ਆਪਣਾ ਰੰਗ ਜਮਾ ਦੇਂਦੀ ਹਾਂ।

ਸੋ ਅਜਿਹੀ ਸ਼ੈ, ਜਿਸ ਵਿਚ ਤਿੰਨੇ ਚੀਜ਼ਾਂ ਹੋਣ ਓਸ ਤੋਂ ਕਿਵੇਂ ਅੱਖਾਂ ਫੇਰੀਆਂ ਜਾ ਸਕਦੀਆਂ ਹਨ? ਫਿਲਮਾਂ ਨੂੰ ਪੜ੍ਹੇ ਹੋਏ ਸੰਸਾਰ ਨੇ ਵੀ ਸਿਰ ਤੇ ਚੁੱਕਿਆ ਹੋਇਆ ਹੈ ਤੇ ਏਹਨਾਂ ਉੱਤੇ ਦੁਨੀਆਂ ਵੀ ਚੌਖੰਨੀਏ ਜਾਂਦੀ ਹੈ, ਕਿਉਂਕਿ ਓਥੇ ਹਰੇਕ ਨੂੰ ਆਪਣੇ ਸੋਹਜ ਸਵਾਦ ਦੇ ਕਈ ਸ਼ੇਸ਼ੇ ਮਿਲ ਜਾਂਦੇ ਹਨ। ਏਹ ਠੀਕ ਹੈ ਜੋ



Digitized by Panjab Digital Library | www.panjabdigilib.org

ਕਈ ਫਿਲਮਾਂ ਨੀਵੇਂ ਸੁਭਾ ਵਾਲਿਆਂ ਨੂੰ ਭੜਕਾ ਦੇਂਦੀਆਂ ਹਨ। ਅਜਿਹੀਆਂ ਫਿਲਮਾਂ ਕਰਕੇ, ਚੰਗੀਆਂ ਫਿਲਮਾਂ ਦਾ ਨਾਂ ਵੀ ਬਦਨਾਮ ਹੋ ਜਾਂਦਾ ਹੈ।

ਸਿਖਾਂ ਵਿਚ ਵੀ ਇਕ ਅਜਿਹਾ ਲਾਣਾ ਹੈ, ਜਿਹੜਾ ਫਿਲਮਾਂ ਦਾ ਕਤਈ ਵੈਰੀ ਹੈ। ਏਸ ਦਾ ਖਿਆਲ ਹੈ ਕਿ ਫਿਲਮਾਂ ਵਿਚ ਸ਼ਿੰਗਾਰ ਰਸ ਆਉਂਦਾ ਹੈ। ਮੰਦੇ ਭਾਗਾਂ ਨੂੰ ਸਾਡੇ ਵਿਚ ਅਜਿਹੇ ਰਸੀਏ ਉਗਮ ਪਏ ਹਨ, ਜਿਹੜੇ ਸ਼ਿੰਗਾਰ ਰਸ ਦੇ ਮੰਦਰ ਲਈ, ਮਹਿਮੂਦ ਗਜ਼ਨਵੀ ਹਨ। ਓਹਨਾਂ ਸਜਣਾਂ ਦਾ ਖਿਆਲ ਹੈ ਕਿ ਸਿਨਿਮਾ ਹਾਲ ਭੈੜਪਣੇ ਦੀ ਠਾਹਰ ਹੈ, ਹਰ ਸ਼ੈ ਭੈੜੀ ਵੀ ਹੈ ਤੇ ਚੰਗੀ ਵੀ ਗਲ ਤਾਂ ਆਪਣੀ ਚੋਣ ਦੀ ਹੈ, ਜਿਸ ਤਰ੍ਹਾਂ ਦੀ ਓਹ ਹੋਵੇਗੀ, ਓਸੇ ਤਰ੍ਹਾਂ ਦਾ ਫਲ ਮਿਲੇਗਾ। ਅਖੀਰ ਮੁਕਦੀ ਤਾਂ ਹੈ ਜੇਹਾ ਬੀਜੈ ਸੋ ਲੁਣੈ।

ਫਿਲਮਾਂ ਯੂਰਪ ਵਿਚ ਪ੍ਰਗਟ ਹੋਈਆਂ, ਧਰਮ ਨੇ ਸਿਰ ਤੇ ਹੱਥ ਰਖਿਆ। ਫਿਲਮਾਂ ਨੇ ਵੀ ਈਸਾਈ ਮੱਤ ਦਾ ਬੜੇ ਠਰੰਮੇ ਤੇ ਗੰਭੀਰਤਾ ਨਾਲ ਪ੍ਰਚਾਰ ਕੀਤਾ। ਏਥੋਂ ਤਕ ਕਿ ਪੜ੍ਹਿਆਂ ਹਿੰਦੀਆਂ ਨੂੰ ਵੀ ਓਧਰ ਪ੍ਰੇਰਿਆ। ਏਹ ਠੀਕ ਹੈ ਪਈ ਏਥੇ ਈਸਾਈਅਤ ਦਾ ਰਾਜ ਸੀ, ਪਰ ਫਿਲਮਾਂ ਨੇ ਵੀ ਆਪਣਾ ਪਾਰਟ ਚੰਗਾ ਨਿਭਾਇਆ। ਹਿੰਦੂ ਕਥਾਵਾਂ ਹਿੰਦ ਵਿਚ ਫਿਲਮਾਂ ਦਾ ਸਦਕਾ ਘਰ ਘਰ ਪਹੁੰਚੀਆਂ ਮੁਸਲਿਮ ਭਾਈ ਵੀ ਦੇਖ ਕੇ ਪਤੀਜੇ ਹਨ। ਮੇਰੇ ਮੁਸਲਮਾਨ ਮਿਹਰਬਾਨਾਂ ਨੇ ਭਰਤ-ਮਿਲਾਪ ਤਸਵੀਰ ਨੂੰ ਸਲਾਹਿਆ ਹੈ। ਸੋਵੀਏਟ ਰੂਸ ਵਿਚ ਜਿੰਨਾ ਕੰਮ ਫਿਲਮਾਂ ਨੇ ਕੀਤਾ ਹੈ, ਏਨਾ ਸ਼ਾਇਦ ਹੋਰ ਕਿਸੇ ਉਪਾ ਨਾਲ ਨਹੀਂ ਹੋਇਆ।

ਸਿਨਿਮਾ ਵੀਹਵੀਂ ਸਦੀ ਦਾ ਨਾਮੀ ਪ੍ਰਚਾਰਕ ਹੈ ਜੋ ਦਿਲ ਦਾ ਖੋਟਾ ਨਹੀਂ। ਏਸ ਦੇ ਮਨ ਵਿਚ ਕੁਝ ਹੋਰ ਨਹੀਂ ਸਾਨੂੰ ਸਮਝਣ ਲਈ ਸੂਝ ਦੀ ਜ਼ਰੂਰਤ ਹੈ। ਸਿਨਿਮਾ ਨੇ ਇਸ਼ਾਰਾ ਹੀ ਕਰਨਾ ਹੈ। ਏਹਦੀ ਸੁਝਾਈ ਹੋਈ ਗਲ ਘੱਟ ਹੀ ਭੁਲਦੀ ਹੈ, ਪ੍ਰਚਾਰ ਓਹੋ ਵਧੀਆ ਸਮਝੋ



Digitized by Panjab Digital Library | www.panjabdigilib.org

ਜੋ ਭੁਲੇ ਨਾ। ਅਜਿਹੇ ਪ੍ਰਚਾਰਕ ਵਲੋਂ ਸਿਖ ਅਵੇਸਲੇ ਹਨ। ਸਿਖ ਨੌਜਵਾਨਾਂ ਦੀ ਮੰਗ ਹੈ ਪਈ ਫਿਲਮਾਂ ਬਣਨ, ਪਰ ਏਧਰ ਕੋਈ ਤਕੜਾ ਕਦਮ ਨਹੀ ਚੁਕਿਆ, ਤੇ ਨਾ ਹੀ ਚੁੱਕੇ ਜਾਣ ਦੀ ਆਸ ਹੈ। ਅਜੀਂ ਅਗਾਂਹ ਵਧੂ ਹੋਂਦੇ ਹੋਏ ਵੀ, ਏਸ ਗੱਲ ਵਿਚ, ਜ਼ਮਾਨੇ ਤੋਂ ਪਿਛੋਂ ਪੈ ਗਏ ਹਾਂ। ਮਹਾਰਾਜ ਰਣਜੀਤ ਸਿੰਘ ਦੀ ਫਿਲਮ ਦੀ ਡੌਲ ਬਣਨ ਲਗੀ ਸੀ, ਪਰ ਸਾਡੀ ਅਨਗਹਿਲੀ ਨੇ ਏਹ ਕੰਮ ਵੀ ਖੱਟੇ ਪਾ ਦ੍ਰਿਤਾ। ਸ਼੍ਰੋਮਣੀ ਕਮੇਟੀ ਨੇ ਨੌਜਵਾਨਾਂ ਦੀ ਨਾੜ ਪਛਾਣ ਕੇ, ਕੋਈ ਉਪਾ ਨਹੀ ਕੀਤਾ। ਅਖੀਰ ਜ਼ਮਾਨੇ ਦੀ ਚਾਲ ਨਾਲ ਚਲਣਾ ਪੈਣਾ ਹੈ। ਸੋ ਕਮੇਟੀ ਪਹਿਲਾਂ ਹੀ ਸਿਖਾਂ ਨੂੰ ਸਮੇਂ ਦੇ ਨਾਲ ਨਾਲ ਚਲਾਉਣ ਦਾ ਉਪਰਾਲਾ ਕਰੇ, ਤਾਂ ਸਹਣੀ ਗਲ ਹੋਵੇ। ਨੌਜਵਾਨ* ਪੱਗਾਂ ਦੀ ਥਾਂ ਤੇ ਰੁਮਾਲ ਆਦਿ ਬੰਨ੍ਹਣਾ ਚਾਹੁੰਦੇ ਹਨ। ਸਰਦਾਰ ਬਲਵੰਤ ਸਿੰਘ 'ਚਤਰਥ' ਬੀ. ਏ. ਬੀ. ਟੀ. ਨੇ ਏਸ ਗੱਲ ਦੀ ਹਮਾਇਤ ਕੀਤੀ ਹੈ ਤੇ ਦੱਸਿਆ ਹੈ ਪਈ ਨੌਜਵਾਨ ‡ਦਾੜ੍ਹੀਆਂ ਨੂੰ ਬੰਨ੍ਹ ਸਵਾਰ ਕੇ ਰਖਣਾ ਚਾਹੁੰਦੇ ਹਨ। ਕੁਝ ਚਿਰ ਸਿਖ ਫਿਲਮਾਂ ਬਣਾਉਣ ਉੱਤੇ ਕਰਾਰੀ ਬਹਿਸ ਹੋਣੀ ਹੈ। ਸਿਖਾਂ ਨੂੰ ਆਪਣੀ ਇੰਡਸਟਰੀ ਖੋਲ੍ਹਣੀ ਹੀ ਪੈਣੀ ਹੈ। ਜੇ ਅਸਾਂ ਨੌਜਵਾਨਾਂ ਨੂੰ ਆਹਰੇ ਨ ਲਾਇਆ, ਤਾਂ ਹੋਰ ਫਿਲਮ ਕੰਪਨੀਆਂ ਵਿਚ ਵ੍ਰਿਚ ਜਾ ਕੇ ਮਨ ਮੰਨੀਆਂ ਕਰਨਗੇ। ਸਿਖ ਪਾਤਰਾਂ ਨਾਲ ਥੋੜ੍ਹੀਆਂ ਜਿਹੀਆਂ ਤਸਵੀਰਾਂ ਤਾਂ ਸਾਰੇ ਭਾਰਤ ਵਿਚ ਚਲ ਸਕਦੀਆਂ ਹਨ। ਜੇ ਅਸੀਂ ਸਿਖ ਇਤਿਹਾਸ ਵਿਚੋਂ ਤਸਵੀਰਾਂ ਬਣਾਈਏ, ਤਾਂ ਮੈਦਾਨ

*ਦੇਖੋ ਪੰਜ ਦਰਿਆ ਅਗਸਤ ਸੰਨ ੪੬ ਦਾ।

‡ਪੰਜ ਦਰਿਆ ਸਤੰਬਰ ਸੰਨ ੪੬।



Digitized by Panjab Digital Library | www.panjabdigilib.org


ਖੁਲ੍ਹਾ ਹੈ। ਸਾਡੇ ਬਹੁਤੇ ਆਦਮੀ ਰੁਝ ਜਾਣਗੇ। ਵਤਨੀ ਵੀਰਾਂ ਉਤੇ ਸਾਡੀਆਂ ਤਸਵੀਰਾਂ ਦਾ ਅਸਰ ਬਹੁਤ ਚੰਗਾ ਪਵੇਗਾ। ਜਿਹੜੇ ਬਜ਼ੁਰਗ, ਬਜ਼ੁਰਗਾਂ ਦੀਆਂ ਸ਼ਕਲਾਂ ਬਣਾਉਣ ਨੂੰ ਤਿਆਰ ਨਹੀਂ, ਓਹ ਅਜਿਹੀ ਗੱਲ ਕਿਉਂ ਨਹੀਂ ਸੋਚਦੇ, ਜਿਸ ਨਾਲ ਸੱਪ ਵੀ ਮਰ ਜਾਏ ਤੇ ਸੋਟਾ ਵੀ ਬੱਚ ਜਾਏ।

---



Digitized by Panjab Digital Library | www.panjabdigilib.org

Digitized by Panjab Digital Library | www.panjabdigilib.org




ਭਾਈ ਗਿਆਨ ਸਿੰਘ ਨਕਾਸ਼ ਦੇ ਹੁਨਰ ਦਾ ਨਮੂਨਾ

Digitized by Panjab Digital Library | www.panjabdigilib.org

Bhai Gyan Singh Ji

# ਪੰਥ ਦਾ ਮਸ਼ਹੂਰ ਨਕਾਸ਼ ਘਰਾਣਾ

ਕੌਮਾਂ ਕੋਮਲ ਹੁਨਰਾਂ ਨੂੰ ਪਿਆਰਨ ਨਾਲ, ਆਪਣੀ ਦਿਲੀ ਕੋਮਲਤਾ ਤੇ ਸੋਹਜ ਸਵਾਦ ਦਾ ਇਕ ਨਿਗਰ ਸਬੂਤ ਦੇਂਦੀਆਂ ਹਨ। ਏਸ ਲਈ ਹਰ ਕੌਮ ਨੇ ਕੋਮਲ ਹੁਨਰਾਂ ਨੂੰ ਆਪਣੀ ਸਮਝ ਮੁਤਾਬਿਕ ਪ੍ਰਚਾਰਿਆ ਤੇ ਸਤਿਕਾਰਿਆ ਹੈ। ਸਿਖ ਵੀ ਏਸ ਦੌੜ ਵਿਚ ਪਛੜ ਨਹੀਂ, ਸਗੋਂ ਏਹਨਾਂ ਹਿੰਦੁਸਤਾਨੀ ਚਿਤ੍ਰਕਲਾ ਵਿਚ ਆਪਣਾ ਥਾਂ ਆਪ ਬਣਾਇਆ ਤੇ ਆਪਣਾ ਸਕੂਲ ਚਲਾਇਆ। ਮਹਾਰਾਜਾ ਰਣਜੀਤ ਸਿੰਘ ਵੇਲੇ ਮੁਗਲ ਸਕੂਲ ਬੰਦ ਹੋ ਗਿਆ ਸੀ ਤੇ ਕਾਂਗੜਾ ਸਕੂਲ ਕੋਈ ਦਿਨ ਦਾ ਪ੍ਰਾਹੁਣਾ ਸੀ। ਏਸ ਲਈ ਸਿਖਾਂ, ਕੁਝ ਕੁਝ ਕਾਂਗੜੇ ਦੀ ਸੁਧਾਈ ਕੀਤੀ ਜਿਨਾਂ ਕਾਂਗੜਾ ਕਲਮ ਨਾਲ ਏਹਨਾਂ ਦਾ ਹੱਥ ਮਿਲਿਆ, ਓਨਾ ਮੁਗਲ ਕਲਮ ਵਲ ਨਾ ਗਏ। ਹਾਂ, ਗੁਰੂ ਨਾਨਕ ਸਾਹਿਬ ਦੀ ਦਾੜ੍ਹੀ ਵਿਚ ਮੁਗਲਈ ਨਿਸ਼ਾਨੀ ਝਲਕਦੀ ਸੀ। ਪਰ ਏਹਨਾਂ ਪਹਿਲਾਂ ਪਹਾੜੀ ਕਲਮ ਵਲ ਧਿਆਨ ਦਿਤਾ ਜਾਪਦਾ ਹੈ। ਸਿਖ ਸਕੂਲ ਦੇ ਦੋ ਹਿਸੇ ਕਰ ਸਕਦੇ ਹਾਂ। ਇਕ ਨਕਾਸ਼ ਤੇ ਦੂਜਾ ਮੁਸੱਵਰ। ਨਕਾਸ਼ਾਂ ਵਿਚ ਮੋਹਰਾ ਕਸ਼ੀ ਦਾ ਉਸਤਾਦ ਭਾਈ ਬਿਸ਼ਨ ਸਿੰਘ ਤੇ ਦੂਜੇ ਬੰਨੇ ਭਾਈ ਕਪੂਰ ਸਿੰਘ ਆਦਿ ਮੁਸੱਵਰ ਹੋਏ। ਜਿਸ ਘਰਾਣੇ ਦਾ ਜ਼ਿਕਰ ਕਰਨਾ ਹੈ, ਓਸ ਵਿਚ ਦੋਵੇਂ ਤਰ੍ਹਾਂ ਦੇ ਉਸਤਾਦ ਹੋਏ ਨੇ। ਤੇ ਏਹਨਾਂ ਦਾ ਮੁਕਾਬਲਾ ਕਰਨ ਵਾਲਾ ਕੋਈ ਦਿਸਦਾ ਹੀ ਨਹੀਂ।

ਪਹਿਲਾਂ ਨਕਾਸ਼ੀ ਦੀ ਸ਼ਾਖ ਲੈਂਦਾ ਹਾਂ। ਮਹਾਰਾਜਾ ਰਣਜੀਤ ਸਿੰਘ ਪਾਸ ਇਕ ਹੁਨਰਕਾਰ ਆਇਆ, ਜਿਸਦਾ ਨਾਂ ਸੀ, ਸ਼ੇਰ ਸਿੰਘ। ਕਿਲੇ ਵਿਚ ਟੁਕੜੀ ਗੱਚ ਆਦਿ ਦਾ ਕੰਮ ਕਰਦਾ ਸੀ, ਸਰਕਾਰ ਨੇ ਇਕ ਦਿਨ,



Digitized by Panjab Digital Library | www.panjabdigilib.org

ਕਿਹਾ 'ਬਈ ਤੂੰ ਵੀ ਸ਼ੇਰ ਸਿੰਘ ਤੇ ਸਾਡਾ ਸਪੁੱਤ੍ਰ ਵੀ ਸ਼ੇਰ ਸਿੰਘ ਜਾਹ। ਤੂੰ ਅਜ ਤੋਂ ਕੇਹਰ ਸਿੰਘ ਹੋਇਓਂ।' ਭਾਵ ਓਹੋ ਸੀ, ਨਾਂ ਦਾ ਦਾ ਭੁਲੇਖਾ ਨਾ ਪਿਆ। ਏਹ ਕੇਹਰ ਸਿੰਘ ਸੁਥਰਾ ਕੰਮ ਕਰਨ ਲਗ ਪਿਆ। ਉਸਤਾਦ ਹੋ ਗਿਆ ਤੇ ਬਾਬਾ ਕੇਹਰ ਸਿੰਘ ਕਹਾਇਆ। ਬਾਬਾ ਜੀ ਦੇ ਦੋ ਭਰਾ ਸਨ ਤੇ ਭਤੀਜੇ ਸਨ ਭਾਈ ਕਿਸ਼ਨ ਸਿੰਘ ਤੇ ਬਿਸ਼ਨ ਸਿੰਘ। ਬਿਸ਼ਨ ਸਿੰਘ ਜੀ ਮੁਸੱਵਰੀ ਤੇ ਨਕਾਸ਼ੀ, ਦੋਵੇਂ ਕੰਮ ਕਰਦੇ ਸਨ। ਦੋਹਾਂ ਉੱਤੇ ਹਥ ਟਿਕਿਆ ਹੋਇਆ ਸੀ। ਪਰ ਆਪਣੇ ਆਪ ਨੂੰ ਅਜ ਕਲ ਦੀ ਤਰ੍ਹਾਂ (ਜਣੇ ਖਣੇ ਵਾਂਗੂ) ਆਰਟਿਸਟ ਜਾਂ ਮੁਸੱਵਰ ਨਹੀਂ ਸਨ ਲਿਖਦੇ। ਹਰਿਮੰਦਰ ਸਾਹਿਬ ਅੰਦਰ ਮੋਹਰਾ ਕਸ਼ੀ ਕਰਦਿਆਂ ਦਸਤਖਤ ਕੀਤੇ ਹਨ। ਬਿਸ਼ਨ ਸਿੰਘ ਨਕਾਸ਼ ਹੀ ਲਿਖਿਆ ਹੈ। ਮੁਸੱਵਰੀ, ਤਸਵੀਰ ਕਸ਼ੀ ਨੂੰ ਬਹੁਤ ਹੀ ਔਖਾ ਹੁਨਰ ਸਮਝਦੇ ਸਨ। ਆਪ ਨੇ ਮੋਹਰਾ ਕਸ਼ੀ ਬੜੀ ਮਹੀਨ ਕੀਤੀ ਹੈ। ਸਹੀ ਅਰਥਾਂ ਵਿਚ ਏਸ ਹੁਨਰ ਦੇ ਉਸਤਾਦ ਸਨ। ਆਪ ਆਪਣੇ ਰਿਸ਼ਤਾਦਾਰ ਮਹੰਤ ਈਸ਼ਰ ਸਿੰਘ ਨਾਲੋਂ ਵੀ ਜ਼ਿਆਦਾ ਮਹੀਨ ਕੰਮ ਕਰ ਗਏ। ਏਹਨਾਂ ਦੇ ਦੋ ਲਾਲ ਨਿਹਾਲ ਸਿੰਘ ਤੇ ਜਵਾਹਰ ਸਿੰਘ ਹੋਏ। ਦੋਵੇਂ ਬਾਪੂ ਦੀ ਲੀਹ ਉਤੇ ਚੱਲੇ। ਹਰਿਮੰਦਰ ਅੰਦਰ ਏਹਨਾਂ ਦਾ ਕੰਮ ਹਾਲੀਂ ਬਥਿਆ ਹੋਇਆ ਹੈ। ਏਹਨਾਂ ਦੋਹਾਂ ਭਰਾਵਾਂ ਦਾ ਇਕ ਨਾਮੀ ਸ਼ਾਗਿਰਦ ਭਾਈ ਗਿਆਨ ਸਿੰਘ ਹੈ। ਜਿਸ ਦੀ ਉਮਰ ਏਸ ਵਕਤ ਚੌਂਹਠ ਸਾਲ ਦੀ ਹੈ। ਬੱਤੀ ਸਾਲ ਦੇ ਕਰੀਬ ਹਰਿ ਮੰਦਰ ਸਾਹਿਬ ਦੇ ਬਹੁਤਿਆਂ ਹੁਨਰਾਂ ਦੀ ਸੇਵਾ ਕਰਦੇ ਰਹੇ ਹਨ। ਆਪ ਮੋਹਰਾ ਕਸ਼ੀ ਦੇ ਉਸਤਾਦ ਹਨ। ਏਸ ਵਕਤ ਆਪ ਦੇ ਟਾਕਰੇ ਦਾ ਕੋਈ ਕਾਰੀਗਰ ਨਹੀਂ। ਏਸ ਉਮਰ ਵਿਚ ਵੀ ਬਿਨਾਂ ਐਨਕ ਤੋਂ ਕੰਮ ਕਰਦੇ ਹਨ। ਏਸ ਕਿਤਾਬ ਦੀ ਅੰਗੀ ਦੀ ਝਾੜੀ ਵਿਚ ਵੀ ਜਵਾਨਾਂ ਵਾਲੇ ਖਤਾਂ ਦਾ ਜ਼ੋਰ ਹੈ। ਝਾੜੀ ਵਿਚ ਦੋ ਚਾਰ ਤਰ੍ਹਾਂ ਦੇ ਫੁਲ ਦਿਖਾਏ ਹਨ, ਤਾਂ ਜੋ ਹਰ ਫੁਲ ਦੀ ਕਾਰਾਗਰੀ ਦਿਖਾਈ ਜਾਵੇ। ਪੱਤਿਆਂ ਦਾ ਵਲ ਪਾ ਕੇ ਤੇਜ਼ ਨਿਕਲਣਾ, ਖਮ ਖਾਣਾ, ਜ਼ੋਰ ਦਾ ਝੁਕਾ, ਕਿਤੇ ਜ਼ੋਰ ਨਾਲ ਪੱਤੇ ਦਾ ਸਿਰ ਚੁਕਣਾ ਆਦਿ ਖਤਾਂ ਦੇ

ਮਾਸਟਰ ਦਾ ਚਮਤਕਾਰਾ ਹੈ। ਏਹ ਮੋਹਰਾ ਕਸ਼ੀ ਦਾ ਇਕ ਝਲਕਾਰ ਹੈ। ਆਮ ਤੌਰ ਤੇ ਨਕਾਸ਼ੀ ਵਿਚ ਇਕੋ ਫੁਲ ਦੀ ਝਾੜੀ ਲੈ ਕੇ, ਓਸ ਨੂੰ ਖਿੜੇ ਹਏ ਫੁਲ, ਸੁਕੇ ਹੋਏ ਫੁਲ ਤੇ ਡੋਡੀਆਂ ਲਾਉਂਦੇ ਹਨ। ਪਰ ਏਥੇ ਵੰਨ ਸੁਵੰਨੇ ਫੁਲਾਂ ਦੀ ਡਰਾਇੰਗ ਤੋ ਹੁਨਰੀ ਉਸਤਾਦ ਦਰਸ਼ਕ ਨੂੰ ਮੋਹਣਾ ਚਾਹੁੰਦਾ ਹੈ। ਨਕਾਸ਼ੀ ਵਿਚ ਫੁਲ ਪੱਤਿਆਂ ਦਾ ਜ਼ਿਆਦਾ ਕੰਮ ਹੋਂਦਾ ਹੈ। ਜੇ ਫੁਲ ਪੱਤਿਆਂ ਵਿਚ ਮਟਕ ਨ ਹੋਵੇ, ਸਿੱਧੇ ਸਿੱਧੇ ਬਣੇ ਹੋਣ, ਤਾਂ ਉਸਤਾਦੀ ਕੀ ਹੋਈ ਟਾਈਟਲ ਪੇਜ ਦੀ ਝਾੜੀ ਦੀਆਂ ਜਾਂ ਨਕਾਸ਼ੀ ਵਿਚ ਪਤੀਆਂ ਟਹਿਣੀਆਂ ਦੀ, ਅਜੰਤਾ ਦੀ ਚਿਤ੍ਰਕਾਰੀ ਜਿਹੀ, ਲਚ ਤੇ ਮਟਕ ਹੋਦੀ ਹੈ। ਅਸਲੀਅਤ ਤੋਂ ਕੁਝ ਦੂਰ ਹੋਕੇ ਵੀ ਇਕ ਹੁਨਰ ਦਾ ਪ੍ਰਕਾਸ਼ ਹੋਂਦਾ ਹੈ। ਨਕਾਸ਼ ਨਕਲੀਆ ਨਹੀਂ, ਆਪਣੇ ਦਿਮਾਗ਼ ਵਿਚ ਜੋ ਫੁਲ ਬੂਟੇ ਮੌਲਦੇ ਤਕਦਾ ਹੈ, ਓਹਨਾਂ ਨੂੰ ਕਾਗਜ਼ ਦੀ ਹਿਕ ਉਤੇ ਉਗਾ ਜਾਂਦਾ ਹੈ। ਅਣਡਿੱਠੀ ਚੀਜ਼ ਨੂੰ ਦਿਖਾਉਣਾ ਵੀ ਹੁਨਰ ਹੈ। ਏਸੇ ਗੱਲ ਕਰਕੇ ਹੀ ਭਾਰਤੀ ਚਿਤ੍ਰਕਲਾ ਦਾ ਬਹੁਤਾ ਮਾਨ ਹੋਂਦਾ ਹੈ।

ਏਸ ਘਰਾਣੇ ਦੀਆਂ ਨਕਾਸ਼ ਪੀੜ੍ਹੀਆਂ ਗਿਣ ਦਿਤੀਆਂ ਹਨ। ਹੁਣ ਭਾਈ ਕਿਸ਼ਨ ਸਿੰਘ ਜੀ ਵਲ ਆਓ। ਏਹ ਮਹਾਰਾਜਾ ਸ਼ੇਰ ਸਿੰਘ ਦੇ ਮੁਸੱਵਰ ਸਨ। ਆਪ ਨੇ ਮਹਾਰਾਜਾ ਰਣਜੀਤ ਸਿੰਘ ਦਾ ਅਖੀਂ ਡਿੱਠਾ ਦਰਬਾਰ ਵੀ ਬਣਾਇਆ। ਜਿਸ ਨੂੰ ਨਕਾਸਾਂ, ਕਚਹਿਰੀ ਕਿਹਾ। ਆਪ ਦੀ ਕਲਮ ਵਿਚ ਮਹੀਨਤਾਈ ਬਹੁਤ ਸੀ। ਸਾਡੇ ਪਾਸ ਇਕ ਸ਼ੀਸ਼ੇ ਉੱਤੇ ਬਣੀ ਮਹਾਰਾਣੀ ਜਿੰਦ ਕੌਰਾਂ ਦੀ ਤਸਵੀਰ ਹੈ। ਮਲੂਮ ਹੋਂਦਾ ਹੈ, ਸੁਹੱਪਣ ਪੈਦਾ ਕਰਨ ਵੇਲੇ ਕਾਂਗੜਾ ਕਲਮ ਦਾ ਖਿਆਲ ਰਖਦੇ ਸਨ ਜਾਂ ਮਹਾਰਾਣੀ ਨੂੰ ਬਹੁਤ ਸੁੰਦਰ ਬਣਾਉਣਾ ਚਾਹਿਆ, ਇਸ ਲਈ ਅੱਖ ਵੀ ਓਸੇ ਚਾਲ ਦੀ ਆ ਗਈ। ਮਹਾਰਾਜਾ ਸ਼ੇਰ ਸਿੰਘ ਦੀ ਮੌਤ ਮਗਰੋਂ ਆਪ ਕਪੂਰਥਲੇ ਜਾ ਰਹੇ। ਓਥੇ ਹੀ ਇਕ ਸਪੁਤ੍ਰ ਹੋਇਆ, ਜਿਸ ਦਾ ਪਹਿਲਾ ਨਾਂ ਸ਼ਹਿਰ ਦੇ ਨਾਂ ਉੱਤੇ, ਕਪੂਰ ਸਿੰਘ ਰੱਖ ਦਿਤਾ। ਕਪੂਰ ਸਿੰਘ ਨੇ ਮਿਹਨਤ ਕੀਤੀ



Digitized by Panjab Digital Library | www.panjabdigilib.org

ਤੇ ਮਹਾਰਾਜਿਆਂ ਤੋਂ ਬਿਨਾਂ, ਹਰ ਕਸਬ ਕਰਨ ਵਾਲੇ ਨੂੰ ਹੁਨਰ ਵਿਚ ਲਿਆ ਦਿਖਾਇਆ। ਸਿਖ ਸਕੂਲ ਨੇ ਏਹ ਬੜੀ ਮਾਅਰਕੇ ਦੀ ਗੱਲ ਕੀਤੀ । ਏਸ ਸਕੂਲ ਨੇ ਇਨਸਾਨੀ ਮੂਰਤਾਂ ਰੋਅਬ ਵਾਲੀਆਂ ਵਿਖਾਈਆਂ। ਬੈਠਕਾਂ ਦੀ ਡਰਾਇੰਗ ਅਸਲੀਅਤ ਦੇ ਲਾਗੇ ਕੀਤੀ ਭਾਈ ਕਪੂਰ ਸਿੰਘ ਦੀ ਕਲਮ ਨੇ, ਕੋਮਲਤਾ ਬ੍ਰੀਕੀ ਤੇ ਜ਼ੋਰ, ਸੱਭੇ ਸ਼ੈਆਂ ਟੀਸੀ ਤੇ ਪੁਚਾ ਦਿਤੀਆਂ ਸਨ । ਆਪ ਦੀਆਂ ਤਸਵੀਰਾਂ ਅਜਾਇਬ ਘਰਾਂ ਦਾ ਸੁਹੱਪਣ ਹਨ । ਮਹਾਰਾਜਾ ( ਨਿਹਾਲ ਸਿੰਘ ਸਿੰਘ ਕਪੂਰਥਲਾ ਦੀ ਤਸਵੀਰ ਕਿਸ਼ਨ ਸਿੰਘ ਦੇ ਹਥਾਂ ਦੀ ਦੇ ਰਿਹਾ ਹਾਂ) ਬੈਠਕ ਵਿਚ ਜ਼ੋਰ ਹੈਬਹੁਤੀਆਂ ਮੁਗ਼ਲ ਤਸਵੀਰਾਂ ਦੀਆਂ ਬੈਠਕਾਂ ਵਿਚ ਠੀਕ ਜ਼ੋਰ ਨਹੀਂ ਹੋਂਦਾ। ਆਦਮੀ ਬੰਨ੍ਹਕੇ ਬੇਹਾਇਆ ਲਗਦਾ ਹੈ। ਏਸ ਤਸਵੀਰ ਵਿਰਰਾਜਾ ਸਾਹਿਬ ਆਪਣੇ ਰੋਅਬ ਵਿਚਬੈਠੇ ਹੋਏ ਹਨ ਜਿਸ ਤਰ੍ਹਾਂ ਆਮ ਹਾਲਤ ਵਿਚ ਆਦਮੀ ਬਹਿੰਦਾ ਹੈ, ਓਵੇਂ ਹੈ ਚੋਗੇ ਦਾ ਅੰਦਰਲਾ ਪਾਸਾ ਉਲਟ ਗਿਆ ਤਾਂ ਰਾਜਾ ਚੋਗਾ ਸੰਭਾਲ ਕੇ ਨਹੀ ਬੈਠਾ। ਓਹਨੂੰ ਕਿਸੇ ਦਾ ਡਰ ਭਉ ਨਹੀਂ । ਸਭਾਵਕੀ ਜਿਸ ਤਰ੍ਹਾਂ ਬੈਠੀਦਾ ਹੈ ਬਹਿ ਗਿਆ ਹੈ। ਦਰਸ਼ਕ ਉਤੇ ਚਿਹਰੇ ਮੋਹਰੇ ਤੇ ਛਾਤੀ ਦਾ ਪੂਰਾ ਪ੍ਰਭਾਵ ਪੈਂਦਾ ਹੈ। ਜਿਗਾ ਵਗੈਰਾ ਨਾਲ ਹੀ ਰਾਜਾ ਪ੍ਰਤੀਤ ਨਹੀਂ ਹੋਂਦਾ, ਹਰ ਗਲ ਵਿਚ ਰਾਜਤੱਵ ਪੈਦਾ ਕੀਤਾ ਹੈ। ਜਿਹੜੇ ਪਿਛੇ ਦਹਿਨ ਤਿਲੀਆਂ ਆਦਿ ਬਣਾਈਆਂ ਹਨ, ਓਹ ਦਰਬਾਰ ਸਾਹਿਬ ਦੀ ਮੋਹਰਾਕਸ਼ੀ ਦਾ ਨਮੂਨਾ ਹੈ। ਸਿਖਾਂ ਨੇ ਏਸ ਹੁਨਰ ਨੂੰ ਮਿਕ ਬੰਦ ਕਰਨਾ ਚਾਹਿਆ ਸੀ । ਸਿਖਾਂ ਨੂੰ ਭਾਈ ਕਪੂਰ ਸਿੰਘ ਦਾ ਜਨਮ ਦਿਨ ਮਨਾਉਣਾਚਾਹੀਦਾ ਹੈ,ਖਾਲਸਾ ਕਾਲਜਾਂ ਦਿਆਂ ਹਾਲਾਂਵਿਚ ਏਸ ਉਸਤਾਦ ਦਾ ਚਿੱਤ੍ਰ ਲਗਣਾ ਚਾਹੀਦਾ ਹੈ, ਭਾਈ ਕਪੂਰ ਸਿੰਘ ਦੇ ਸਪੁਤਰ ਦਾ ਨਾਂ ਸੀ ਸਰਦੂਲ ਸਿੰਘ। ਏਹਨਾਂ ਨੇ ਬਹੁਤ ਤਸਵੀਰਾਂ ਬਣਾਈਆਂ ਤੇ ਸਸਤੀਆਂ ਦੇਕੇ ਆਮ ਲੋਕਾਂ ਵਿਚ ਪ੍ਰਚਾਰ ਕੀਤਾ, ਪਰ ਏਹਨਾਂ ਵਿਚ ਹੁਨਰ ਘੱਟ ਹੈ। ਸਾਡੇ ਪਾਸ , ਵਡੀਆਂ ਤਸਵੀਰਾਂ ਮਹਾਰਾਜਾ ਰਣਜੀਤ ਸਿੰਘ, ਭਾਈ ਸੰਤ ਸਿੰਘ ਗਿਆਨੀ ਤੇ ਹਰ ਉੱਘੇ ਉੱਘੇ

ਸਟਦਾਰਾਂ ਦੀਆਂ ਹਨ। ਡਰਾਇੰਗ ਕਦੇ ਕਮਜ਼ੋਰ ਕਰ ਜਾਂਦੇ ਹਨ, ਸਜਾਉਂਦੇ ਬੜਾ ਸਨ ਪਰ ਪਿਓ ਤੇ ਬਾਬੇ ਨਾਲੋਂ ਕੰਮ ਹਲਕਾ ਸੀ। ਜੋ ਹੈ, ਮਾੜਾ ਨਹੀਂ। ਆਪ ਨੇ ਹਰਿਮੰਦਰ ਵਿਚ ਵੀ ਕੁਝ ਕੰਮ ਕੀਤਾ। ਭਾਈ ਬਿਸ਼ਨ ਸਿੰਘ ਨਿਹਾਲ ਸਿੰਘ ਜਵਾਹਰ ਸਿੰਘ ਜੀ ਨੇ ਵੀ ਕੰਮ ਕੀਤਾ (ਏਹਦਾ ਪੂਰਾ ਪੂਰਾ ਵੇਰਵਾ ਸਿੱਖ ਚਿਤ੍ਰਕਾਰੀ ਪੁਸਤਕ ਵਿਚ ਦੇਣ ਦੀ ਕੋਸ਼ਿਸ਼ ਕਰਾਂਗਾ) ਏਥੇ ਏਨਾ ਲਿਖਣਾ ਜ਼ਰੂਰੀ ਹੈ ਕਿ ਭਾਈ ਗਿਆਨ ਸਿੰਘ ਨੇ ਵੀ ਮਨੁਖੀ ਤਸਵੀਰਾਂ ਬਣਾਈਆਂ, ਜ਼ਿਆਦਾ ਜ਼ੋਰ ਗੁਰੂਆਂ ਉੱਤੇ ਦਿਤਾ ਹੈ। ਗੁਰੂ ਅਮਰਦਾਸ ਦੀ ਤਸਵੀਰ ਆਪ ਨੇ ਹੁਣ ਬਣਾਈ ਹੈ। ਚਿਹਰੇ ਦੇ ਭਾਵ ਤੇ ਮਹੀਨੀ ਆਪ ਹੀ ਦੇਖੋ। ਮੁਗਲਾਂ ਨੇ ਸਿਰਫ ਕਾਲੇ ਰੰਗ ਨੂੰ ਕੂਚੀ ਨਾਲ ਲਾ ਕੇ, ਤਸਵੀਰ ਬਣਾਉਣ ਦਾ ਰਵਾਜ ਪਾਇਆ ਸੀ। ਏਸ ਲਈ ਏਹਦਾ ਨਾਂ ਸ਼ਾਹੀ ਕਲਮ ਸੀ। ਸਿੱਖ ਸਕੂਲ ਨੇ ਵੀ ਏਹ ਕੰਮ ਕੀਤਾ ਹੈ, ਇਕ ਕਿਸਮ ਦਾ ਅਜ ਕਲ ਦਾ ਪੈਨਸਿਲ ਸਕੈੱਚ ਸਮਝ ਲਵੋ। ਪਹਿਲੇ ਉਸਤਾਦ ਬਹੁਤਾ ਸ਼ੇਡ ਨਹੀਂ ਦੇਂਦੇ ਸਨ, ਪਰ ਭਾਈ ਗਿਆਨ ਸਿੰਘ ਨੇ ਵੇਲੇ ਦੀ ਰੋਸ਼ਨੀ ਤੋ ਫਾਇਦਾ ਉਠਾ ਕੇ ਤਸਵੀਰ ਖਿਚੀ ਹੈ। ਮੇਰੇ ਜ਼ੋਰ ਦੇਣ ਉਤੇ ਆਪ ਨੇ ਇਕ ਹੋਰ ਬੜਾ ਮਹਾਨ ਕੰਮ ਵਿੱਢਿਆ ਹੈ। ਓਹ ਹੈ ਮੋਹਰਾ ਕਸ਼ੀ ਦੀਆਂ ਝਾੜੀਆਂ, ਪਗੜਾਂ, ਪਠੇ ਆਦਿ ਕਈ ਕਈ ਰੰਗ ਲਾ ਕੇ, ਇਕ ਕਿਤਾਬ ਵਾਸਤੇ ਸਾਰਾ ਮਸਾਲਾ ਤਿਆਰ ਕਰਨਾ। ਏਹ ਗ੍ਰੰਥ ਸਿਖ ਸਕੂਲ ਦੀ ਮੋਹਰਾ ਕਸ਼ੀ ਨੂੰ ਉਜਾਗਰ ਕਰੇਗਾ ਆਪ ਦੂਏ ਬੰਨੇ ਤਸਵੀਰ ਕਸ਼ੀ ਵਿਚ ਵੀ ਪਿਛਲਿਆਂ ਨਾਲੋਂ ਊਣੇ ਨਹੀਂ ਦਿਸਦੇ। ਆਪ ਦਾ ਸਪੁਤ੍ਰ ਭਾਈ ਸੋਹਣ ਸਿੰਘ ਵੀ ਹੁਨਰ ਸੇਵਾ ਵਲ ਲੱਗ ਪਿਆ ਹੈ।

ਸੌ ਸਾਲ ਤੋਂ ਵਧੀਕ, ਜਿਸ ਘਰਾਣੇ ਨੇ ਪੰਥ ਦੀ ਤੇ ਹੁਨਰ ਦੀ ਸੇਵਾ ਕੀਤੀ ਹੋਵੇ ਓਸ ਘਰਾਨੇ ਤੋਂ ਵੀ ਹੁਨਰ ਪਿਆਰੇ ਸਿਆਣੇ ਸਿੱਖ ਨਵਾਕਿਫ ਹੋਣ, ਨਮੋਸ਼ੀ ਦਾ ਲੱਛਣ ਹੈ।



Digitized by Panjab Digital Library | www.panjabdigilib.org

ਸ੍ਰੀ ਅੰਮ੍ਰਿਤਸਰ ਨੂੰ ਮਾਨ ਹੈ ਕਿ ਜੇ ਏਥੇ ਗਿਆਨੀ ਘਰਾਣਾ ਕਾਇਮ ਹੋਇਆ ਤਾਂ ਉਚੀ ਵਿਦਿਆ ਨਾਲ ਪੰਥ ਦੀ ਤੇ ਹਰਿਮੰਦਰ ਦੀ ਸੇਵਾ ਕਰਦਾ ਰਿਹਾ। ਜੇ ਮੁਸੱਵਰ ਘਰਾਣਾ ਆਇਆ ਤਾਂ ਹਰਿਮੰਦਰ ਅੰਦਰ ਹੁਨਰ ਦੀ ਹੱਦ ਮੁਕਾ ਦਿਤੀ। ਜੇ ਤੀਜਾ ਕੋਮਲ ਹੁਨਰ-ਪ੍ਰੇਮੀ ਰਬਾਬੀਆਂ ਦਾ ਘਰਾਣਾ ਉਠਿਆ ਤਾਂ ਓਸ ਹਰਿਮੰਦਰ ਅੰਦਰ ਕੀਰਤਨ ਦੀ ਸੇਵਾ ਸੰਭਾਲੀ ਤੇ ਭਾਈ ਅਤਰਾ, ਭਾਈ ਮੋਤੀ ਕਈ ਉਸਤਾਦ ਦੇਸ ਵਿਚ ਧੁੰਮਾਂ ਪਾ ਗਏ। ਜਿਸ ਥਾਂ ਤੇ ਕੋਮਲ ਹੁਨਰ ਪੁੰਗਰਨ, ਮੌਲਣ, ਮੌਲ ਕੇ ਮਹਿਕਣ, ਮਹਿਕ ਕੇ ਰਸੀਆਂ ਨੂੰ ਜੀਵਨ ਦਾਨ ਦੇਣ, ਓਹ ਥਾਂ ਤਾਂ ਆਪਣੇ ਆਪ ਹੀ ਮੰਦਰ ਬਣ ਜਾਣੀ ਹੋਈ। ਸੋ ਸਿਖ ਖਿਆਲ ਨੂੰ ਪਰੇਡੇ ਰਖ ਕੇ ਵੀ, ਅਸੀਂ ਹਰਿਮੰਦਰ ਨੂੰ ਕੋਮਲ ਹੁਨਰ ਅੰਦਰ ਮੰਦਰ ਕਹਿ ਸਕਦੇ ਹਾਂ ਤੇ ਏਹਦੀ ਪੂਜਾ ਆਰਟ ਪ੍ਰੇਮੀਆਂ ਪਾਸੋਂ ਕਰਾ ਸਕਦੇ ਹਾਂ।

ਮੁਸੱਵਰ ਘਰਾਣਾ ਹੋਰ ਹੁਨਰੀ ਘਰਾਣਿਆਂ ਤੋਂ ਹਾਲੀ ਵੀ ਜ਼ੋਰਾਂ ਵਿਚ ਹੈ। ਇਕ ਤਾਂ ਭਾਈ ਗਿਆਨ ਸਿੰਘ ਮੋਹਰਾ ਕਸ਼ੀ ਦੀ ਕਿਤਾਬ ਬਣਾ ਰਹੇ ਹਨ। ਦੂਜਾ ਭਾਈ ਸੋਹਣ ਸਿੰਘ ਵੀ ਨੁਮਾਇਸ਼ਾਂ ਵਿਚ ਇਨਾਮ ਲੈਣ ਲਗ ਪਏ ਹਨ ਤੇ ਕੁਝ ਚਿਰ ਤੋਂ ਸਿਖ ਸਕੂਲ ਦੀ ਸਟਡੀ ਕਰ ਕੇ ਨਿੱਗਰ ਸੇਵਾ ਕਰਨ ਦਾ ਇਰਾਦਾ ਬਣਾ ਚੁਕੇ ਹਨ। ਆਪ ਤੁਕਾਂ ਨੂੰ ਰੰਗਣ ਲੱਗ ਪਏ ਹਨ। ਪੰਜਾਬੀ ਦੇ ਕਈ ਮਸ਼ਹੂਰ ਸ਼ੇਅਰਾਂ ਨੂੰ ਰੰਗਾਂ ਦਾ ਜਾਮਾ ਪਵਾਇਆ ਹੈ। ਏਸ ਤਰ੍ਹਾਂ ਆਪ ਧਰਮ ਤੇ ਸਾਹਿਤ ਦੀ ਸੇਵਾ ਦਾ ਬੀੜਾ ਚੁਕ ਕੇ ਮੈਦਾਨ ਵਿਚ ਆ ਗੱਜੇ ਹਨ। ਯਕੀਨ ਹੈ, ਆਪ ਏਸ ਘਰਾਣੇ ਦੀ ਸ਼ਾਨ ਨੂੰ ਪੂਰੀ ਤਰਾਂ ਚਮਕਾਉਣਗੇ। ਵਾਹਿਗੁਰੂ, ਇਹਨਾਂ ਦੀ ਸੂਝ ਤੇ ਆਸ ਨੂੰ ਜਲਦੀ ਫਲ ਲਾਵੇ।

———



Digitized by Panjab Digital Library | www.panjabdigilib.org

# ਸਾਡੇ ਪ੍ਰਚਾਰਕ

ਏਹ ਤਾਂ ਪੱਕੀ ਗਲ ਹੈ ਪਈ ਸਾਡੇ ਵਿਚ ਵਿਦਿਆ ਦੀ ਚੋਖੀ ਘਾਟ ਹੈ । ਇਲਮ ਦਾ ਘਾਟਾ ਹੋਣ ਕਰਕੇ ਪ੍ਰਚਾਰਕ ਤੇ ਗ੍ਰੰਥੀ ਆਦਿ ਸਭ ਡਾਵਾਂ ਡੋਲ ਫਿਰ ਰਹੇ ਹਨ । ਪਰ ਓਹਨਾਂ ਚੌਧਰ ਕਾਇਮ ਰਖਣੀ ਹੋਈ; ਏਸ ਲਈ ਲੋਕਾਂ ਨੂੰ ਕੁਝ ਨਾ ਕੁਝ ਜ਼ਰੂਰ ਦਸਣਾ ਵੀ ਹੋਇਆ । ਸੋ ਓਹ ਸਿਰਫ ਰਹਿਤ ਬਹਿਤ ਉੱਤੇ ਦਬੱਲ ਦੇਈ ਰਖਦੇ ਹਨ । ਆਪਣੀ ਗਲਤੀ ਸਮਝ ਨਹੀਂ ਸਕਦੇ ਤੇ ਜਨਤਾ ਅਗੇ ਹੀ ਸਮਝਣ ਨੂੰ ਤਿਆਰ ਨਹੀਂ ਹੋਂਦੀ । ਬਸ ਦੋਵੇਂ ਧਿਰਾਂ ਦੀ ਦਾਲ ਗਲ ਜਾਂਦੀ ਹੈ । ਅਜਿਹੇ ਪ੍ਰਚਾਰਕਾਂ ਦਾ ਜਨਤਾ ਵਿਚ ਮਾਨ ਹੋ ਜਾਂਦਾ ਹੈ ਤੇ ਓਹ ਏਸ ਤਰ੍ਹਾਂ ਬੁਨਿਆਦੀ ਅਸੂਲਾਂ ਤੋਂ ਆਪ ਨੇ ਤੇ ਜਨਤਾ ਨੂੰ ਕੋਹਾਂ ਦੂਰ ਲੈ ਖੜਦੇ ਹਨ । ਹਰ ਆਦਮੀ ਆਪਣੇ ਤੋਂ ਘਟ ਸਿਆਣੇ ਨੂੰ ਛਲਣਾ ਚਾਹੁੰਦਾ ਹੈ । ਜਿਸ ਨੇ ਛਲਣਾ ਹੋਂਦਾ ਹੈ, ਓਹ ਓਪਰੇ ਓਪਰੇ ਧਾਰਮਿਕ ਰੰਗਾਂ ਨਾਲ ਆਪਣੇ ਭਾਵਾਂ ਦੀ ਮੂਰਤ ਸਵਾਰਦਾ ਹੈ, ਮਨ ਮਾਰ ਕੇ ਬਾਣੀ ਸਮਝਣ ਦੀ ਲੋੜ ਹੀ ਨਹੀਂ ਸਮਝਦਾ ਸਿਖੀ ਦੇ ਆਪੇ ਘੜੇ ਸੌਖੇ ਰਾਹ ਉਤੇ ਤੁਰਦਾ ਹੈ ।

ਪ੍ਰਚਾਰਕ ਦਾ ਧਰਮ ਹੈ ਕਿ ਖਲਕਤ ਨੂੰ ਸਮਝਾਏ, ਪਰ ਏਹ ਨ ਅਨਪੜ੍ਹਾਂ ਦੇ, ਤੇ ਨ ਹੀ ਪੜ੍ਹਿਆਂ ਦੇ ਕੁਝ ਪਿੜ ਪੱਲੇ ਪਾਂਦੇ ਹਨ । ਏਹ ਗਲ ਠੀਕ ਹੈ ਕਿ ਹੁਣ ਦੇ ਪ੍ਰਚਾਰਕ ਪੁਰਾਣੇ ਗਿਆਨੀਆਂ ਵਾਂਗ ਖਿਚੜੀ



Digitized by Panjab Digital Library | www.panjabdigilib.org

ਬੋਲੀ ਨਹੀਂ ਬੋਲਦੇ,ਪਰ ਜਨਤਾ ਦੀ ਨਾੜ ਫੜਦੇ ਨਹੀਂ ਜਨਮ ਸਾਖੀ ਦੀਆਂ ਸਾਖੀਆਂ ਵਾਂਗ ਸਾਖੀ ਉੱਤੇ ਸਾਖੀ ਬੀੜੀ ਜਾਂਦੇ ਹਨ। ਸਾਖੀਆਂ ਦਾ ਤੱਤ ਕੱਢਕੇ ਨਹੀਂ ਦੱਸਦੇ ਗੁਰਬਾਣੀ ਦੇ ਪ੍ਰਮਾਣ ਦੇ ਕੇ ਓਹਨਾਂ ਦਾ ਦਿਲ ਅੰਦਰ ਬੈਠਣ ਵਾਲਾ ਭਾਵ ਨਹੀਂ ਸੁਝਾਂਦੇ। ਏਹ ਕੁਝ ਸਿਰਫ ਇਲਮੀ ਥੋੜ ਦਾ ਚਮਤਕਾਰਾ ਹੈ। ਥੋੜੀ ਜਿਹੀ ਬਾਣੀ ਦੇ ਅਰਥ ਤੇ ਥੋੜਾ ਜਿਹਾ ਇਤਿਹਾਸ ਪੜ੍ਹਨ ਦਾ ਰਵਾਜ ਪੈ ਰਿਹਾ ਹੈ। ਏਸ ਤੋਂ ਬਹੁਤੇ ਫਾਇਦੇ ਦੀ ਆਸ ਰਖਣੀ ਸਿਆਣਪ ਨਹੀਂ,ਸਾਡੀ ਬੋਲੀਵਿਚ ਏਨਾ ਮਸਾਲਾ ਨਹੀਂ, ਜਿਸ ਤੋਂ ਉਪਦੇਸ਼ਕ ਮੱਦਦ ਲੈ ਸਕਣ ਦੂਜੀਆਂ ਬੋਲੀਆਂ ਤੋਂ ਏਹ ਲੋਕ ਕੋਰੇ ਹੋਂਦੇ ਹਨ। ਗੈਰ ਜ਼ਬਾਨ ਤੇ ਗੈਰ ਮਜ਼੍ਹਬਾਂ ਦੇ ਜਾਣੂ ਪ੍ਰਚਾਰਕ ਉਂਗਲੀਆਂ ਉੱਤੇ ਗਿਣੇ ਜਾ ਸਕਦੇ ਹਨ। ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਚ ਕੁਝ ਉਦਮ ਹੋਇਆ ਹੈ, ਪਰ ਏਸ ਪਾਸੇ ਉਦਮ ਕਰਨ ਦੀ ਹੱਦੋਂ ਵਧ ਲੋੜ ਹੈ। ਸਾਡੇ ਬਹੁਤੇ ਪ੍ਰਚਾਰਕ ਉਰਦੂ ਦੀਆਂ ਕਿਤਾਬਾਂ ਪੜ੍ਹ ਕੇ ਵੀ ਆਪਣੀ ਇਲਮੀ ਵਾਕਫੀ ਦਾ ਘੇਰਾ ਖੁਲ੍ਹਾ ਕਰਨੋਂ ਝਪੀੜ ਵਟਦੇ ਹਨ। ਜੇ ਏਹ ਵੀਰ ਮੌਲਾਨਾ ਆਜ਼ਾਦ ਵਾਲੀ ਕੁਰਾਨ ਦੀ ਤਫਸੀਰ ਵੀ ਦੇਖ ਲੈਣ ਤਾਂ ਵਕਤ ਮੁਤਾਬਿਕ ਬਾਣੀ ਨੂੰ ਸਮਝਾਣਾ ਤਾਂ ਆ ਜਾਵੇ। ਸਾਡੇ ਪ੍ਰਚਾਰਕ ਇਸਲਾਮ ਦੇ ਮੋਢੀ ਹਜ਼ਰਤ ਮੁਹੰਮਦ ਸਾਹਿਬ ਦੀ ਜੀਵਨੀ ਤੋਂ ਅਨਜਾਣ ਰਹਿੰਦੇ ਹਨ। ਮੌਲਾਨਾ ਸ਼ਿਬਲੀ ਦੀ ਸੀਰਤੁਲਨਬੀ ਦੇਖੀ ਨਹੀ ਹੋਂਦੀ। ਦੇਖਣਤਾਂਪਤਾ ਲਗੇਗਾ,ਕਿ ਕਿਵੇਂ ਸਾਹਿਬ ਗੁਰੂ ਨਾਨਕ ਦੀ ਜਨਮ ਸਾਖੀ ਲਿਖਣੀ ਚਾਹੀਦੀ ਹੈ ਤੇ ਕਿਹੜੀਆਂ ਗੱਲਾਂ ਤੇ ਜ਼ੋਰ ਦੇ ਕੇ ਸਤਿਗੁਰ ਦਾ ਅਮਿਟ ਪਰਭਾਵ ਦਿਲਾਂ ਉੱਤੇ ਪਵੇਗਾ। ਮੌਲਾਨਾ ਸ਼ਿਬਲੀ ਦੀਆਂ ਕਿਤਾਬਾਂ ਖਲੀਫਿਆਂ ਦੇ ਜੀਵਨ ਉੱਤੇ ਵੀ ਹਨ।ਜੇ ਏਹਨਾਂ ਨੂੰ ਸਾਡੇ ਪ੍ਰਚਾਰਕ ਪੜ੍ਹਨ ਤੇ ਗੁੜ੍ਹਨ ਤਾਂ ਆਪਣਿਆਂ ਸੂਰਬੀਰਾਂ ਦੀ ਬੀਰਤਾ ਤੋਂ ਛੁਟ ਹਰ ਮਨੁੱਖੀ ਗੁਣ ਨੂੰ ਸਮਝਾਉਣ ਦੀ ਜਾਚ ਆ ਜਾਵੇ।

ਸਾਡੇ ਪ੍ਰਚਾਰਕ ਹਿੰਦੀ ਪੜ੍ਹਨ ਦੀ ਵੀ ਖੇਚਲ ਨਹੀਂ ਕਰਦੇ।

ਬ੍ਰਿਜ ਭਾਸ਼ਾ (ਜਿਸ ਦਾ ਸਦਕਾ ਕਾਫੀ ਬਾਣੀ ਤੇ ਇਤਿਹਾਸ ਦੀ ਸੂਝ ਹੋ ਸਕਦੀ ਹੈ, ਤੋਂ ਉੱਕੇ ਕੋਰੇ ਹੋਂਦੇ ਹਨ। ਪੁਰਾਣੇ ਗਿਆਨੀਆਂ ਤੋਂ ਪੁਰਾਣਿਕ ਹਵਾਲੇ ਸੁਣ ਸੁਣਾ ਕੇ ਸ਼ਬਦਾਂ ਦੇ ਅਰਥਾਂ ਦੀ ਖਿਚ ਧੂਹ ਕਰ ਲੈਂਦੇ ਹਨ। ਪਰ ਏਹਨਾਂ ਦੀ ਕਹਿਣੀ ਸੋਹਣੀ ਨਹੀਂ ਹੋਂਦੀ। ਸੋਹਣੀ ਕਹਿਣੀ ਆਮ ਤੋਰ ਤੇ ਚੰਗੇ ਪੜ੍ਹੇ ਹੋਏ ਦੀ ਹੀ ਹੋਂਦੀ ਹੈ। ਓਸ ਦਾ ਜ਼ਬਾਨ ਉਤੇ ਕਾਬੂ ਹੋਂਦਾ ਹੈ ਤੇ ਓਹ ਸਮਝ ਲੈਂਦਾ ਹੈ ਕਿਹੜਿਆਂ ਲਫਜ਼ਾਂ ਉੱਤੇ ਜ਼ੋਰਦੇਣਾ ਹੈ ਕਿਹੜਾ ਫਿਕਰਾ ਨਰਮ ਤਰ੍ਹਾਂ ਨਾਲ ਅਦਾ ਕਰਨਾ ਹੈ। ਸੋ ਜ਼ਬਾਨ ਤੇ ਕਹਿਣੀ ਦੇ ਢੰਗ ਨਾਲ ਓਹ ਸ੍ਰੋਤਿਆਂ ਉੱਤੇ ਇਉਂ ਛਾਂਦਾ ਹੈ ਜਿਵੇਂ ਬਸੰਤ ਰੁਤ ਵਿਚ ਫੁਲਾਂ ਉੱਤੇ ਜੋਬਨਾਂ ਸੁਣਨ ਵਾਲੇ ਝੂਮ ਉਠਦੇ ਹਨ। ਓਹਦੀ ਕਹਿਣੀ ਓਹਦੀ ਅਦਾਇਗੀ ਪੜ੍ਹਿਆਂ ਹੋਇਆਂ ਨੂੰ ਬੁੱਤ ਬਣਾ ਦੇਂਦੀ ਹੈ। ਵਿਰੋਧੀਆਂ ਨੂੰ ਜੁਮਸਨ ਨਹੀਂ ਦੇਂਦੀ। ਜੇ ਪ੍ਰਚਾਰਕ ਦੀ ਕਹਿਣੀ ਹਲਕੀ ਹੋਵੇ ਤਾਂ ਚੰਗੀ ਤੋਂ ਚੰਗੀ ਗਲ ਦੀ ਆਬ ਲਹਿ ਜਾਂਦੀ ਹੈ। ਪ੍ਰਚਾਰਕ ਪਾਸ ਕਹਿਣੀ ਦਾ ਆਰਟ ਹੋਣਾ ਚਾਹੀਦਾ ਹੈ, ਜੋ ਪੜ੍ਹਿਆਂ ਨਾਲੋਂ ਅਨਪੜ੍ਹਾਂ ਨੂੰ ਵਿਦਿਆ ਧਾਰਮਿਕ ਵਲ ਲੁਕਾਏ। ਧਾਰਮਿਕ ਵਿਦਿਆ ਤੋਂ ਬਿਨਾਂ ਪ੍ਰਚਾਰਕ ਨੂੰ ਹੋਰ ਇਲਮਾਂ ਦੀ ਵੀ ਜ਼ਰਾ ਜ਼ਰਾ ਸੂਝ ਹੋਣੀ ਚਾਹੀਦੀ ਹੈ। ਜਿਸ ਮੁਲਕ ਵਿਚ ਪ੍ਰਚਾਰ ਕਰਨਾ ਹੋਵੇ, ਓਹਦੇ ਜੁਗਰਾਫੀਏ ਤੇ ਇਤਿਹਾਸ ਦੀ ਵਾਕਫੀ ਵੀ ਬਹੁਤ ਲੋੜੀਂਦੀ ਸ਼ੈ ਹੈ। ਜੇ ਚੁਗਿਰਦੇ ਵਿਚੋਂ ਮਿਸਾਲਾ ਦਿਤੀਆਂ ਜਾਣ ਤਾਂ ਖਲਕਤ ਦੇ ਦਿਲ ਵਿਚ ਝਬਦੇ ਗਲ ਬਹਿ ਜਾਂਦੀ ਹੈ। ਸਭ ਤੋਂ ਵਡੀ ਗਲ ਪ੍ਰਚਾਰਕ ਪਾਸ ਦਲੀਲ ਹੋਣੀ ਚਾਹੀਦੀ ਹੈ। ਏਸ ਹਥਿਆਰ ਨਾਲ ਹੀ ਪ੍ਰਚਾਰਕ ਪੜ੍ਹਿਆਂ ਨੂੰ ਜਿੱਤ ਸਕਦਾ ਹੈ। ਨਹੀਂ ਤਾਂ ਪੜ੍ਹੇ ਹੋਏ ਇਉਂ ਕਹਿ ਛਡਦੇ ਹਨ। 'ਬੋਲਦਾ ਹੈ ਪਿਆ ਖਿਕ ਵਿਹਲੜ ਭਾਈ।'

ਅੱਜ ਕੱਲ ਤਾਂ ਦਲੀਲ ਦਾ ਰਾਜ ਹੈ ਜਿੰਨਾ ਚਿਰ ਦਲੀਲ ਨ ਵਰਤੀ ਜਾਏ, ਓਨਾ ਚਿਰ ਨਵਾਂ ਪੜ੍ਹਿਆ ਪੋਚ ਨੱਕ ਚੜ੍ਹਾਉਂਦਾ ਹੈ। ਮਸਾਂ ਦਲੀਲ ਤੋਂ ਕੰਮ ਲੈਕੇ ਆਰਤੀ ਕਰਨੀ ਛੱਡੀ ਕਿਉਂ ਜੋ

ਆਰਤੀ ਵਾਲੇ ਸ਼ਬਦ ਖੁਦ, ਆਰਤੀ ਦਾ ਖੰਡਨ ਕਰ ਰਹੇ ਹਨ। ਅਸਾਂ ਦਲੀਲ ਦੀ ਰੋਸ਼ਨੀ ਵਿਚ ਹੀ ਗੁਰਦਵਾਰਿਆਂ ਵਿਚੋਂ ਦਿਨੇ ਜੋਤ ਦਾ ਜਗਾਣਾ ਬੰਦ ਕੀਤਾ ਹੈ। ਲੌਜਿਕ ਦਾ ਸਦਕਾ ਹੀ ਅਖੰਡ ਪਾਠ ਵੇਲੇ ਕੁੰਭ ਨਰੇਲ ਰਖਣਾ ਤਿਆਗ ਰਹੇ ਹਾਂ। ਪੜ੍ਹਿਆ ਹੋਇਆ, ਪ੍ਰਚਾਰਕ ਤੋਂ ਦਲੀਲ ਮੰਗਦਾ ਹੈ। ਓਹ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬਹਿ ਕੇ ਚਾਹੁੰਦਾ ਹੈ ਕਿ ਓਸ ਨੂੰ ਏਸ ਤਰ੍ਹਾਂ ਨਾਲ ਗੁਰਬਾਣੀ ਦਾ ਅਰਥ ਗ੍ਰੰਥੀ ਸਿੰਘ ਸੁਣਾਏ ਜੋ ਓਹਨੂੰ ਗੁਰਬਾਣੀ ਦੀਆਂ ਡੂੰਘਾਈਆਂ ਦਾ ਪ੍ਰਕਾਸ਼ ਹੋ ਜਾਏ। ਪ੍ਰਚਾਰਕ ਨੂੰ ਗਲਤ ਪਿਰਤਾਂ ਪਈਆਂ ਦੇ ਖਿਲਾਫ ਹੌਂਸਲੇ ਨਾਲ ਬੋਲਣਾ ਚਾਹੀਦਾ ਹੈ। ਸਾਡੇ ਅਜਿਹੇ ਪ੍ਰਚਾਰਕ ਹੀ ਪੰਥ ਤੇ ਦੇਸ ਦੀ ਸਹੀ ਸੇਵਾ ਕਰ ਸਕਦੇ ਹਨ।

---



Digitized by Panjab Digital Library | www.panjabdigilib.org

# ਗੁਰਪੁਰਬ

ਗੁਰੂ ਘਰ ਦੇ ਦਾਸ ਭਾਈ ਗੁਰਦਾਸ ਜੀ ਦਾ ਬਚਨ ਹੈ:-

ਕੁਰਬਾਨੀ ਤਿਨਾਂ ਗੁਰ ਸਿਖਾਂ
ਭਾਇ ਭਗਤ ਗੁਰਪੁਰਬ ਕਰੰਦੇ।

ਗੁਰੂ ਜੀ ਦਾ ਜੀਵਨ ਇਕਵੱਡੇ ਬਿਜਲੀਘਰਵਾਂਗਜਾਨੋਤੇਗੁਰਪੁਰਬ ਸਬ ਸਟੇਸ਼ਨ, ਜਿਹੜਾ ਸਾਲ ਲਈ ਸਾਡੇ ਜੀਵਨ ਨੂੰ ਰੋਸ਼ਨੀ ਦੇਂਦਾ ਰਹਿੰਦਾ ਹੈ। ਜਿਸ ਤਰ੍ਹਾਂ ਨਹਿਰਾਂ ਕੱਢ ਕੇ ਸਿਆਣੇ ਇਨਜੀਨੀਅਰ ਠੋਕਰਾਂ ਬਣਾ ਦੇਂਦੇ ਹਨ ਤਾਂ ਜੋ ਪਾਣੀ ਦੀ ਚਾਲ ਤਿੱਖੀ ਰਹੇ, ਮਧਮ ਨ ਹੋਵੇ ਪਾਣੀ ਖਲੋ ਕੇ ਗੰਦਾ ਨ ਹੋ ਜਾਵੇ। ਏਸੇ ਤਰ੍ਹਾਂ ਗੁਰਪੁਰਬ ਦੇ ਆਉਣ ਨਾਲ ਸਾਡਾ ਉਤਸ਼ਾਹ ਜਾਗਦਾ ਹੈ ਨਵਾਂ ਚਾਅ ਹੰਬਲਾ ਮਾਰਦਾ ਹੈ। ਹਰ ਮਨੁਖ ਨੂੰ ਹਰ ਕੰਮ ਵਿਚ ਕਿਸੇ ਦਾ ਆਸਰਾ ਭਾਲਣਾ ਪੈਂਦਾ ਹੈ। ਅਸੀਂ ਏਨੇ ਸਿਆਣੇ ਨਹੀਂ ਹੋਏ ਕਿ ਆਪ ਹੀ ਹਰ ਗਲ ਕਰ ਲਵੀਏ, ਏ ਉਸ ਲਈ ਬਜ਼ੁਰਗਾਂ, ਉਸਤਾਦਾਂ ਤੇ ਕਿਤਾਬਾਂ ਤੋਂ ਅਸਾਂ ਸਭ ਕੁਝ ਸਿਖਣਾ ਹੈ। ਸੋ ਗੁਰਪੁਰਬ ਦੇ ਦਰਿਆ ਮਗਰ ਇਕ ਜੀਵਨ ਦਾ ਹਿਮਾਲਾ ਖਲੋਤਾ ਹੈ ਤੇ ਓਸ ਪਰਬਤ ਦਾ ਅਸੀਂ ਹਰ ਗੁਣ ਟੋਲਦੇ ਹਾਂ ਤੇ ਟੋਲਣਾ ਚਾਹੀਦਾ ਹੈ। ਗੁਰਪੁਰਬ ਦਾ ਮਤਲਬ ਹੋਇਆ ਗੁਰੂ ਦਾ ਜੀਵਨ ਯਾਦ ਕਰਨਾ ਤੇ ਓਹਦਿਆਂ ਗੁਣਾਂ ਨੂੰ ਆਪਣੇ ਦਿਲ ਵਿਚ ਥਾਂ ਦੇਣਾ। ਹੁਣ ਦੇਖਣਾ ਏਹ ਹੈ ਕਿ ਜਿਸ ਤਰ੍ਹਾਂ ਗੁਰਪੁਰਬ ਮਨਾਏ ਜਾਂਦੇ ਹਨ ਅਸੀਂ ਕਿੰਨੇ ਕੁ ਸਫਲ ਹੋਂਦੇ ਹਾਂ।

ਅਜ ਤੋਂ ਤੀਹ ਸਾਲ ਪਹਿਲਾਂ ਸਿੱਖੀ ਦੇ ਕੇਂਦਰ ਸ੍ਰੀ ਹਰਿਮੰਦਰ



Digitized by Panjab Digital Library | www.panjabdigilib.org

ਸਾਹਿਬ ਅੰਮ੍ਰਿਤਸਰ ਵਿਚ ਪਹਿਲੇ, ਚੌਥੇ ਤੇ ਦਸਵੇਂ ਗੁਰੂ ਦਾ ਜਨਮ ਉਤਸ਼ਵ ਮਨਾਉਣ ਦਾ ਰਵਾਜ ਸੀ । ਹੌਲੇ ਹੌਲੇ ਸ਼ਹਿਰੀਆਂ ਵੀ ਗੁਰਪੁਰਬ ਮਨਾਉਣਾ ਸ਼ੁਰੂ ਕੀਤਾ ਤੇ ਹੁਣ ਹਰ ਸ਼ਹਿਰ ਤੇ ਕਸਬੇ ਵਿਚ ਪਹਿਲੇ ਤੇ ਦਸਵੇਂ ਗੁਰੂ ਦਾ ਜਨਮ ਉਤਸ਼ਵ ਮਨਾਇਆ ਜਾਂਦਾ ਹੈ। ਏਹ ਠੀਕ ਹੈ ਪਈ ਹਰ ਇਕ ਦੇ ਉਤਸ਼ਾਹ ਲਈ ਹਰ ਤਰ੍ਹਾਂ ਦਾ ਪ੍ਰੋਗਰਾਮ ਹੋਣਾ ਚਾਹੀਦਾ ਹੈ । ਪਰ ਏਹ ਵੀ ਠੀਕ ਹੈ ਕਿ ਸਾਰਾ ਪ੍ਰੋਗ੍ਰਾਮ ਬਚਿਆਂ ਲਈ ਯਾ ਆਪਣੇ ਦਖਾਵੇ ਲਈ ਨ ਹੋਵੇ । ਬਾਲਾਂ ਲਈ ਆਤਸ਼ਬਾਜ਼ੀ ਦੀਪ ਮਾਲਾ ਗੁਰੂ ਦਵਾਰਿਓਂ ਖਾਣ ਲਈ ਮਿਠਾਈ ਮਿਲਣੀ ਤੇ ਖੇਡਾਂ ਆਦਿ ਰਖੀਆਂ ਜਾ ਸਕਦੀਆਂ ਹਨ ਤੇ ਏਹਨਾਂ ਦਾ ਅਜ ਕਲ ਰਵਾਜ ਵੀ ਜ਼ਿਆਦਾ ਹੈ । ਸਾਡਾ ਜ਼ੋਰ ਹਵਾਈ ਉਤਸ਼ਾਹ ਵਲ ਜ਼ਿਆਦਾ ਹੋਂਦਾ ਹੈ । ਏਹ ਕੜ੍ਹੀ ਦਾ ਉਬਾਲ ਹੈ ਚੜ੍ਹਿਆ ਤੇ ਲੱਥਾ । ਅਸਾਂ ਗੁਰਪੁਰਬ ਦਾ ਉਤਸ਼ਾਹ ਅਗਲੇ ਗੁਰਪੁਰਬ ਤਕ ਰਖਣਾ ਹੈ। ਸੋ ਬਾਲਾਂ ਨੂੰ ਅਜੇਹੇ ਪੈਮਫਲੈਟ ਦੇਣੇ ਚਾਹੀਦੇ ਹਨ। ਜਿਹੜੇ ਓਹਨਾਂ ਦੀ ਬੋਲੀ ਤੇ ਓਹਨਾਂ ਦੀਆਂ ਦਲੀਲਾਂ ਨਾਲ ਗੁਰੂ ਦੇ ਜੀਵਨ ਦਾ ਓਹ ਹਿੱਸਾ ਦੱਸੀਏ ਜਿਸ ਨਾਲ ਓਹ ਪਤੀਜ ਜਾਣ। ਓਹਨਾਂ ਨੂੰ ਫਲਾਸਫੀ ਦੱਸਣ ਦੀ ਲੋੜ ਨਹੀਂ ਸਿਧ ਗੋਸ਼ਟ ਸੁਣਨ ਦੀ ਚਾਹ ਨਹੀਂ । ਓਹਨਾਂ ਨੂੰ ਅਸਾਂ ਦਸਣਾ ਹੈ ਪਈ ਬਾਬਾ ਨਾਨਕ ਵੀ ਬਾਲ ਸਨ । ਆਪਣੀ ਧੁਨ ਦੇ ਪੱਕੇ ਸਨ ਘਰ ਦੇ ਕੰਮ ਕਰਦਿਆਂ ਕਰਦਿਆਂ ਨੇਕੀ ਹੱਥੋਂ ਨ ਛੱਡੀ ਤੇ ਚੰਗੇ ਲੋਕਾਂ ਨੂੰ ਮਿਲ ਕੇ ਆਪਣੇ ਵਿਚ ਚੰਗਿਆਈ ਲਿਆਉਂਦੇ ਗਏ, ਓਹਨਾਂ ਨੇ ਸਭ ਗੱਲਾਂ ਆਪ ਆਪਣੇ ਵਿਚ ਪੈਦਾ ਕੀਤੀਆਂ । ਗੁਣਾਂ ਦੀ ਗੰਢ ਬੰਨ੍ਹ ਕੇ ਕਿਸੇ ਨੇ ਅਤਸ਼ੋਂ ਸੁੱਟੀ ਨਹੀਂ ਸੀ ਤੇ ਓਹਨਾਂ ਚੁੱਕ ਕੇ ਮੋਢੇ ਰਖੀ ਨਹੀਂ ਸੀ, ਤੁਸੀ ਵੀ ਓਹਨਾਂ ਵਾਂਗ ਉਦਮੀ ਹੋ ਸਕਦੇ ਹੋ, ਓਹਨਾਂ ਵਾਂਗ ਤੇਜ਼ ਸੋਚ ਦੇ ਮਾਲਕ ਬਣ ਸਕਦੇ ਹੋ । ਬਾਲਾਂ ਦੇ ਸਾਹਵੇਂ ਅਸਾਂ ਬਾਲ ਨਾਨਕ ਪੇਸ਼ ਕਰਨਾ ਹੈ, ਓਹਨਾਂ ਨੂੰ ਓਹਨਾਂ ਜਿਹਾ ਨਾਨਕ ਦਿਖਾ ਕੇ ਤੇ ਫੇਰ ਸਤਿਗੁਰ ਨਾਨਕ ਦੇਵ ਦੇ ਦਰਸ਼ਨ

ਕਰਾਉਨੇ ਹਨ । ਬਾਲਾਂ ਤੋਂ ਗੁਰੂ ਜਸ ਦੇ ਗੀਤ ਸੁਣੋ । ਪਰ ਸਾਰਾ ਸਮਾਂ ਤੇ ਜ਼ੋਰ ਏਧਰ ਨ ਲਾਓ। ਓਹ ਤਾਂ ਆਪਣੇ ਆਪ ਨੂੰ ਰਾਗੀ ਸਮਝ ਕੇ ਗੀਤ ਸੁਣਾਉਂਦੇ ਹਨ । ਤੁਸੀਂ ਓਹਨਾਂ ਨੂੰ ਮਨੁਖ ਬਨਾ ਕੇ ਗੁਰੂ-ਜੱਸ ਸੁਣੋ। ਵਾਜੇ ਨਾਲ ਗਾਉਂਕੇ ਰਾਗੀ ਨਹੀਂ ਬਣ ਸਕਦੇ। ਏਹ ਤਾਂ ਸਿਰਫ ਗੁਰਪੁਰਬ ਵਾਸਤੇ ਹੀ ਇਕ ਚੋਜ ਰਚਿਆ ਜਾਂਦਾ ਹੈ, ਜਿਹੜਾ ਗੁਰਪੁਰਬੋਂ ਦੂਜੇ ਦਿਨ ਖਤਮ ਹੋ ਜਾਂਦਾ ਹੈ । ਓਸ ਦਿਨ ਦੀ ਰੌਨਕ ਹੈ । ਪਰ ਐਨਾ ਖਰਚ ਕਰਕੇ ਤੇ ਸਮਾਂ ਲਾ ਕੇ ਅਸਲੀ ਗੁਰਪੁਰਬ ਮਨਾਉਣੋਂ ਲਾਂਭੇ ਹੋ ਜਾਂਦੇ ਹਾਂ। ਸੋ ਬੱਚਿਆਂ ਲਈ ਪੈਮਫਲੈਟ ਤੇ ਜਿਥੇ ਏਹ ਰਾਗੀ ਟੋਲੀਆਂ ਹੋਣ ਓਥੇ ਸੁਘੜ ਲੈਕਚਰਾਰ ਕੋਲੋਂ ਓਹਨਾਂ ਦੀ ਬੋਲੀ ਵਿਚ ਲੈਕਚਰ ਕਰਾਉਣੇ ਚਾਹੀਦੇ ਹਨ। ਲੈਕਚਰ ਵਿਚ ਉਪਦੇਸ਼ ਹੋਵੇ ਪਰ ਦਿੱਸੇ ਨਾ ਜਿਸ ਤਰ੍ਹਾਂ ਵਡਾ ਹੁਨਰ ਓਥੇ ਹੋਂਦਾ ਹੈ ਜਿਦੇ ਹੁਨਰ ਘੁਸੇੜਿਆ ਨ ਹੋਵੇ।

ਨਗਰ ਕੀਰਤਨ ਧੂਮ ਧਾਮ ਨਾਲ ਹੋਣ ਪਰ ਬਾਜ਼ਾਰਾਂ ਨੂੰ ਸਜਾਉਣ ਦੇ ਤ੍ਰੀਕੇ ਕੁਝ ਬਦਲਣੇ ਪੈਣੇ ਹਨ ਥੋੜੀ ਜਿੰਨੀ ਸਜਾਉਣ ਕਰਕੇ ਸਾਨੂੰ ਰੁਪਏ ਬਚਾਉਣੇ ਚਾਹੀਦੇ ਹਨ ਤੇ ਗੁਰਪੁਰਬ ਵਾਲੇ ਦਿਨ ਆਪੋ ਆਪਣੇ ਬਾਜ਼ਾਰ ਵਿਚ ਦੀਵਾਨ ਕਰਕੇ ਯਤੀਮ ਖਾਨਿਆਂ ਤੇ ਲਾਇਬ੍ਰੇਰੀਆਂ ਲਈ ਓਸ ਦਿਨ ਅਰਦਾਸਾਂ ਕਰਾਉਣੀਆਂ ਚਾਹੀਦੀਆਂ ਹਨ। ਏਥੇ ਏਹ ਗਲ ਭੁਲਣ ਵਾਲੀ ਨਹੀਂ ਪਈ ਨਗਰ ਕੀਰਤਨਾਂ ਵਿਚ ਗਤਕੇ ਆਦਿ ਚਲਾਉਣਾ ਘਟਣਾ ਨਹੀਂ ਚਾਹੀਦਾ ਏਹ ਗਲਾਂ ਸੇਹਤ ਵਾਸਤੇ ਅੰਮ੍ਰਿਤ ਦਾ ਕੰਮ ਦੇਂਦੀਆਂ ਹਨ। ਗੁਰਪੁਰਬ ਵਾਲੇ ਦਿਨ ਵੀ ਖਿਡਾਰੀਆਂ ਦੇ ਮੈਚ ਕਰਾ ਕੇ ਤੇ ਉਤਸ਼ਾਹ ਦੇਣਾ ਚਾਹੀਦਾ ਹੈ, ਓਸ ਦਿਨ ਆਪੋ ਆਪਣੇ ਮਹੱਲਿਆਂ ਵਿਚ ਜਿਨ੍ਹਾਂ ਬੰਦਿਆਂ ਦੀ ਬੋਲ ਚਾਲ ਕਿਸੇ ਤਰ੍ਹਾਂ ਕਰਕੇ ਬੰਦ ਹੋਈ ਹੋਵੇ ਓਹਨਾਂ ਬੰਦਿਆਂ ਵਿਚ ਸਿਆਣਿਆਂ ਨੂੰ ਪੈ ਕੇ ਜਿਥੋਂ ਤਕ ਹੋਵੇ ਗੁੱਸਾ ਗਿਲਾ ਦੂਰ ਕਰਾਉਣਾ ਚਾਹੀਦਾ ਹੈ, ਜਿਸ ਤਰ੍ਹਾਂ ਈਦ ਦੇ ਪਵਿੱਤ੍ਰ ਦਿਹਾੜੇ ਮੁਸਲਮਾਨ, ਮੁਸਲਮਾਨ ਨੂੰ ਚਾਹ ਨਾਲ ਮਿਲਦਾ ਹੈ ਏਸੇ ਤਰ੍ਹਾਂ ਸਾਨੂੰ ਮਿਲਣਾ ਚਾਹੀਦਾ ਹੈ। ਸਗੋਂ ਹਿੰਦੂ

ਮੁਸਲਿਮ ਵੀਰ ਨੂੰ ਆਪਣਿਆਂ ਦੀਵਾਨਾਂ ਉਤੇ ਸੱਦਾ ਦੇ ਕੇ ਓਹਨਾਂ ਦੀ ਇੱਜ਼ਤ ਕਰਨੀ ਚਾਹੀਦੀ ਹੈ।

ਸਿਆਣਿਆਂ ਨੂੰ ਏਸ ਤਰ੍ਹਾਂ ਗੁਰਪੁਰਬ ਮਨਾਉਣਾ ਚਾਹੀਦਾ ਹੈ। ਗੁਰਪੁਰਬ ਦਾ ਨਾਂ ਲਿਆਂ ਵੈਰ ਵਿਰੋਧ ਦੂਰ ਜਾਪਣ ਤੇ ਮੇਲ ਮਿਲਾਪ ਦਾ ਚੁਗਿਰਦਾ ਨਜ਼ਰ ਆਵੇ ਤਾਂ ਸਵਾਦ ਹੈ। ਅਸੀ ਹੱਟੀ ਹੱਟੀ ਅਖੰਡ ਪਾਠ ਰਖਾਉਣੇ ਚਾਹੁੰਦੇ ਹਾਂ। ਅਖੰਡ ਪਾਠ ਸੁਣੇ ਨਹੀਂ ਜਾਂਦੇ ਬਹੁਤੀ ਗਾੜ੍ਹ ਹੋਂਦੀ ਹੈ, ਪਾਠੀ ਸਿੰਘ ਵੀ ਥੱਕੇ ਹੋਏ ਹੋਂਦੇ ਹਨ। ਪਾਠ ਪੋਹ ਸੁਦੀ ਸਪਤਮੀ ਤੇ ਵੀ ਹੋਣ, ਕੁਝ ਹੋਰ ਗੁਰਪੁਰਬਾਂ ਤੇ ਰੱਖੇ ਜਾਣ ਤਾਂ ਡਰ ਨਹੀਂ। ਥੋੜ੍ਹੇ ਪਾਠ ਹੋਣ ਤੇ ਮਿਲ ਕੇ ਬਹੁਤੇ ਜਣੇ ਬੈਠੀਏ ਤਾਂ ਜ਼ਿਆਦਾ ਚੰਗਾ ਹੈ। ਗੁਰਪੁਰਬ ਮਨਾਉਂਦੇ ਹਾਂ ਗੁਰੂ ਦੀ ਯਾਦ ਰਹੇ। ਗੁਰੂ ਦੀ ਯਾਦ ਰਹਿੰਦੀ ਹੈ ਓਹਦੇ ਅਮਲਾਂ ਉੱਤੇ ਚਲੀਏ ਤੇ ਓਹਦਾ ਅਮਲ ਸੀ ਸਰਬਤ ਦਾ ਭਲਾ ਕਰਨਾ। ਸੋ ਏਹਨਾਂ ਪੂਰਣਿਆਂ ਉੱਤੇ ਚਲਣ ਵਾਲਾ ਅਸਲੀ ਗੁਰਪੁਰਬ ਮਨਾਉਂਦਾ ਹੈ। ਅਸੀਂ ਆਮ ਤੌਰ ਤੇ ਗੁਰਪੁਰਬ ਨੂੰ ਆਪਣਾ ਇਸ਼ਤਿਹਾਰ ਕਰਨ ਦਾ ਦਿਨ ਸਮਝ ਲੈਂਦੇ ਹਾਂ।

----



Digitized by Panjab Digital Library | www.panjabdigilib.org

# ਸਿੱਖਾਂ ਵਿਚ ਈਰਖਾ

ਈਰਖਾ ਇਨਸਾਨ ਦੇ ਸੁਭਾ ਨੂੰ ਇੰਜ ਵਿਗਾੜ ਦੇਂਦੀ ਹੈ, ਜਿਸ ਤਰ੍ਹਾਂ ਰੰਗਾਂ ਵਿਚ ਡਬ ਪੈ ਜਾਣ ਨਾਲ ਤਸਵੀਰ ਜਾਂ ਜਿਸ ਤਰ੍ਹਾਂ ਇਕ ਰਸ ਵਿਚ ਦੂਜਾ ਰਸ ਆਉਣ ਨਾਲ ਕਵਿਤਾ ਦਾ ਹੁਲੀਆ ਬਦਲ ਜਾਂਦਾ ਹੈ। ਮਹਾਨ ਚਿਤ੍ਰਕਾਰ-ਰੱਬ ਦੀ ਮਹਾਨ-ਕ੍ਰਿਤ (ਮਨੁਖ) ਨੂੰ ਈਰਖਾ ਕੁਕਲਮ ਕੋਝਾ ਕਰ ਦੇਂਦੀ ਹੈ। ਈਰਖਾ ਜਿਸ ਘਰ ਵਿਚੋਂ ਸਿਰ ਚੁਕੇ ਓਹਦਾ ਸਿਰ ਨਿਵਾ ਕੇ ਛਡਦੀ ਹੈ। ਮੰਦੇ ਕਰਮਾਂ ਨੂੰ ਜਿਸ ਕੌਮ ਦੇ ਖਹਿੜੇ ਪੈ ਜਾਏ ਓਹਦਾ ਸਤਿਆਨਾਸ ਕੀਤੇ ਬਿਨਾਂ ਸਾਹ ਨਹੀਂ ਲੈਂਦੀ। ਸਿਖਾਂ ਦਾ ਰਾਜ ਵੀ ਈਰਖਾ ਨੇ ਫੂਕਿਆ ਸੀ। ਹਾਲੀਂ ਤਕ ਏਹ ਅਗ ਆਪਣਾ ਜੌਹਰ ਦਿਖਾ ਰਹੀ ਹੈ। ਏਥੇ ਈਰਖਾ ਦਾ ਸਰਸਰੀ ਇਤਿਹਾਸ ਲਿਖਣਾ ਚਾਹੁੰਦਾ ਹਾਂ।

ਜਿਸ ਵਕਤ ਸ੍ਰੀ ਗੁਰੂ ਨਾਨਕ ਦੇਵ ਨੇ ਲਹਿਣਾ ਜੀ ਨੂੰ ਸ੍ਰੀ ਅੰਗਦ ਬਣਾਇਆ। ਓਸ ਵਕਤ ਆਪ ਦੇ ਵਡੇ ਪੁਤਰ ਸ੍ਰੀ ਚੰਦ ਜੀ ਨੇ ਗੁਰੂ ਅੰਗਦ ਜੀ ਨੂੰ ਕਬੋਲ ਆਖੇ। ਸ੍ਰੀ ਚੰਦ ਜੀ ਗੱਦੀ ਨੂੰ, ਆਪਣਾ ਹੱਕ ਸਮਝਦੇ ਸਨ। ਓਹਨਾਂ ਗੁਰੂ ਅੰਗਦ ਦੇਵ ਜੀ ਨਾਲ ਈਰਖਾ ਕੀਤੀ। ਏਹ ਈਰਖਾ ਤਾਂ ਹੋਈ ਜਦ ਆਪਣੇ ਘਰ ਗੱਦੀ ਨਾ ਰਹੀ। ਈਰਖਾ ਇਨਸਾਨ ਨੂੰ ਤਾਂ ਹੀ ਆਉਂਦੀ ਹੈ ਜਦੋਂ ਓਸ ਨੂੰ ਆਪਾ ਘਟਾਊ ਬਿਰਤੀ ਦਾ ਝਲਕਾਰਾ ਦਿਸ। ਗੱਦੀ ਜਾਣ ਨਾਲ ਸ੍ਰੀ ਚੰਦ ਨੇ ਆਪਣੇ ਆਪ ਨੂੰ ਖਾਲੀ ਖਾਲੀ ਜਾਣਿਆ, ਸੁੰਜਾ ਸੁੰਜਾ ਸਮਝਿਆ। ਸਿੱਖ ਵੀ ਪ੍ਰੇਮੀ ਸਨ। ਓਹਨਾਂ ਗੁਰੂ ਦੀ ਰਜ਼ਾ ਨੂੰ ਸਾਹਵੇਂ ਰਖਿਆ ਨਾਲੇ ਸੇਵਾ ਤੋਂ ਮੇਵਾ ਮਿਲਣਾ ਸੀ ਤੇ ਏਹ ਹੱਕ ਲਹਿਣਾ ਜੀ ਦਾ ਸੀ,



Digitized by Panjab Digital Library | www.panjabdigilib.org

ਸਿੱਖਾਂ ਮਥੇ ਵੱਟ ਨ ਪਾਏ। ਸਿਖ ਇਤਿਹਾਸ ਵਿਚ ਏਹ ਈਰਖਾ ਦੀ ਪਹਿਲੀ ਸਾਖੀ ਹੈ।

ਗੁਰੂ ਅੰਗਦ ਜੀ ਨੇ ਅਮਰਦਾਸ ਜੀ ਨੂੰ ਗੱਦੀ ਦਿਤੀ। ਸ੍ਰੀ ਅੰਗਦ ਜੀ ਦੇ ਵਡੇ ਸਾਹਿਬਜ਼ਾਦੇ ਦਾਤੂ ਜੀ ਨੇ ਗੁਰੂ ਅਮਰਦਾਸ ਜੀ ਨੂੰ ਮੰਜੀ ਤੇ ਬੈਠਿਆਂ ਜ਼ੋਰ ਦੀ ਲੱਤ ਮਾਰੀ। ਗੁਰੂ ਜੀ ਭੁੰਜੇ ਡਿਗ ਪਏ। ਦਾਤੂ ਜੀ ਨੂੰ ਘਰ ਦਾ ਮਾਨ ਜਾਂਦਾ ਦੇਖਕੇ ਸਾੜ ਉਠਿਆ ਤੇ ਭਿਆਨਕ ਗੁੱਸੇ ਦੀ ਸ਼ਕਲ ਧਾਰ ਗਿਆ।

ਗੁਰੂ ਅਮਰਦਾਸ ਜੀ ਦੇ ਦੋ ਸਪੁੱਤਰ ਸਨ। ਵੱਡੇ ਮੋਹਨ ਜੀ ਛੋਟੇ ਮੋਹਰੀ ਜੀ। ਮੋਹਰੀ ਜੀ ਨੇ ਗੁਰੂ ਰਾਮਦਾਸ ਜੀ ਨੂੰ ਮਥਾ ਟੇਕ ਦਿਤਾ। ਮੋਹਨ ਜੀ ਮੂੰਹ ਵੱਟ ਕੇ ਪਰਲੇ ਬੰਨੇ ਹੋ ਗਏ। ਈਰਖਾ ਆਈ ਗੁਰੂ ਗ੍ਰੰਥ ਸਾਹਿਬ ਲਿਖਨ ਲਈ ਪੋਥੀਆਂ ਬੜੇ ਜ਼ੋਰਾਂ ਨਾਲ ਦਿੱਤੀਆਂ। ਪੁੱਤਰਾਂ ਨੂੰ ਏਹੀ ਭਰਮ ਹੋ ਜਾਂਦਾ ਸੀ ਕਿ ਹੱਕ ਹੋਰ ਕਿਸੇ ਦਾ ਨਹੀਂ। ਗੱਦੀ ਦਾ ਮਾਲਕ ਵੱਡਾ ਪੁੱਤ ਹੀ ਹੋਂਦਾ ਹੈ। ਏਥੇ ਵੀ ਵਡਿਆਂ ਪੁੱਤਾਂ ਦੀਆਂ ਬਹੁਤੀਆਂ ਮਿਸਾਲਾਂ ਆਉਣਗੀਆਂ।

ਗੁਰੂ ਰਾਮਦਾਸ ਜੀ ਦੀ ਔਲਾਦ ਸੀ ਪ੍ਰਿਥਵੀ ਚੰਦ, ਮਹਾਂਦੇਵ ਤੇ ਅਰਜਨ ਦੇਵ। ਪ੍ਰਿਥੀ ਚੰਦ ਨੇ ਜੋ ਚੰਦ ਚਾੜੇ ਕਿਸੇ ਤੋਂ ਲੁਕ ਛਿਪੇ ਨਹੀਂ, ਵੱਡਾ ਪੁੱਤ ਸੀ। ਦੁਨੀਆ ਦਾਰ ਸੀ, ਹਰ ਇਕ ਨਾਲ ਮੂੰਹ ਮੁਲਾਹਜ਼ਾ ਰਖਦਾ ਸੀ। ਓਹਨੂੰ ਚਲਤਾ ਪੁਰਜ਼ਾ ਆਖ ਸਕਦੇ ਹਾਂ ਜੋ ਗੁਰੂ ਜੀ ਪਾਸ ਆਉਂਦਾ ਓਹਨੂੰ ਅਗੇਤ ਹੋ ਕੇ ਮਿਲਦਾ। ਆਪ ਹੀ ਪਰਧਾਨ ਬਣਿਆ ਹੋਇਆ ਸੀ। ਆਪਣੇ ਆਪ ਨੂੰ ਗੁਰੂ ਹੀ ਧੁਮਾਈ ਜਾਂਦਾ ਸੀ। ਭਰਾਵਾਂ ਨੂੰ ਪਛੇਤਰੇ ਸੁੱਟੀ ਜਾਂਦਾ ਸੀ। ਲਾਹੌਰ ਅਰਜਨ ਜੀ ਦੀਆਂ ਚਿੱਠੀਆਂ ਆਈਆਂ, ਪਰ ਪ੍ਰਿਥੀ ਚੰਦ ਨੇ ਉਘ ਸੁੱਘ ਨਾ ਨਿਕਲਣ ਦਿਤੀ। ਅਖੀਰ ਤੀਜੀ ਚਿੱਠੀ ਫੜੀ ਗਈ। ਅਰਜਨ ਜੀ ਗੁਰੂ ਬਣੇ, ਪ੍ਰਿਥਵੀ ਖਿਝਿਆ। ਅਰਜਨ ਜੀ ਨੂੰ ਮਾੜਾ ਪਰਸ਼ਾਦਾ ਘੱਲ ਛਡਿਆ ਕਰਦਾ ਤੇ ਸੰਗਤਾਂ ਨੂੰ ਦੀਵਾਨ ਵਿਚ ਆਪ ਦਰਸ਼ਨ ਦੇਂਦਾ ਸੀ। ਸੰਗਤਾਂ ਓਹਦੇ ਵਲ ਝੁਕੀਆਂ। ਭਾਈ ਗੁਰਦਾਸ ਜੀ ਨੇ ਮੀਣਿਆਂ



Digitized by Panjab Digital Library | www.panjabdigilib.org

ਦੀ ਵਾਰ ਬਣਾਕੇ ਸੰਗਤਾਂ ਨੂੰ ਹੋੜਿਆ। ਹੁਣ ਨਿਤ ਪੰਜਵੇਂ ਗੁਰਦੇਵ ਵਲ ਜਾਣ ਲਗੇ। ਪ੍ਰਿਥਵੀ ਚੰਦ ਕਪੜਿਆਂ ਤੋਂ ਬਾਹਰ ਹੋਇਆ। ਕਈ ਪਾਪੜ ਵੇਲੇ। ਹਰਿਮੰਦਰ ਅੰਮ੍ਰਿਤਸਰ ਦੀ ਟੱਕਰ ਦਾ ਮੰਦਰ ਬਨਾਇਆ ਪਰ ਚਲਿਆ ਨਾ। ਗੁਰੂ ਜੀ ਨੇ ਦੁਖ ਨਿਵਾਰਨ ਦੀ ਨੀਂਹ ਤੇ ਧਰੀ ਪਰ ਓਹਨੇ ਪਿੰਡ ਦਿਆਂ ਲੋਕਾਂ ਨੂੰ ਉਕਸਾਇਆ ਚੁੱਕ ਵਿਚ ਆ ਗਏ। ਗੁਰੂ ਜੀ ਝਗੜੇ ਤੋਂ ਦੂਰ ਚਲੇ ਗਏ। ਤਰਨ ਤਾਰਨ ਮੰਦਰ ਬਣਾ ਦਿਤਾ। ਪ੍ਰਿਥਵੀ ਚੰਦ ਨੇ ਸੁਲਹੀ ਤੇ ਸਲਭੀ ਨੂੰ ਚੜ੍ਹਾ ਲਿਆਂਦਾ। ਹਰ ਵੇਲੇ ਵੈਰੀ ਬਣਿਆ ਰਿਹਾ। ਈਰਖਾ ਏਸ ਕਰਕੇ ਬਹੁਤ ਜ਼ਿਆਦਾ ਸੀ, ਕਿਉਂਕਿ ਗੁਰੂ ਰਾਮਦਾਸ ਜੀ ਵੇਲੇ ਚੌਧਰੀ ਬਣਿਆ ਹੋਇਆ ਸੀ। ਦੂਸਰੀ ਗਲ ਗੁਰੂ ਅਰਜਨ ਜੀ ਨੇ ਵੀ ਪਹਿਲਾਂ ਏਹਨੂੰ ਪਿਛਾਂਹ ਨਾ ਕੀਤਾ। ਭਾਈ ਗੁਰਦਾਸ ਨੇ ਆ ਪਟਕਾਇਆ ਤਾਂ ਓਹ ਧੱਫ ਖਾਦੇ ਗੇਂਦ ਵਾਂਗ ਸਿਰ ਨੂੰ ਪਿਆ। ਸਿਆਣਾ ਬਿਆਣਾ ਹੋ ਕੇ ਵੀ ਆਪਣੇ ਟੀਚਿਓਂ ਉੱਕਿਆ ਨਾ। ਛੋਟੇ ਭਰਾਤਾ ਸ੍ਰੀ ਮਹਾਂ ਦੇਵ ਜੀ ਸਾਧੂ ਸੁਭਾ ਸਨ। ਓਹਨਾਂ ਵਲ ਵੇਖਕੇ ਵੀ ਪ੍ਰਿਥਵੀ ਚੰਦ ਨਾ ਪਸੀਜਿਆ ਕਿੜ ਨ ਛਡੀ ਨਾ। ਓਹਨੀ ਦਿਨੀਂ ਪੁਰਾਣਿਕ ਕਥਾਵਾਂ ਦਾ ਚੋਖਾ ਪ੍ਰਚਾਰ ਸੀ। ਸ੍ਰੀ ਰਾਮ ਤੋਂ ਲਛਮਨ ਜੀ ਨੇ ਨਿਭਾਨੀ ਕੀ ਜਾਨ ਤੱਕ ਦੇਣ ਦਾ ਫ਼ਰਕ ਨ ਕੀਤਾ। ਭਰਥ ਜੀ ਨੇ ਖੜਾਵਾਂ ਹੀ ਸਿੰਘਾਸਨ ਉਤੇ ਟਿਕਾ ਕੇ ਭਰਾ ਦੀ ਪੂਜਾ ਕੀਤੀ। ਦੂਜੇ ਪਾਸੇ ਭਬੀਖਨ ਤੇ ਰਾਵਨ ਦੇਖੋ। ਭਬੀਖਨ ਆਪਣੇ ਵੀਰ ਰੌਣ ਦੀ ਕਰਤੂਤ ਦੇਖ ਕੇ ਰਾਮ ਜੀ ਨਾਲ ਰਲਿਆ ਸੀ,। ਈਰਖਾ ਕਰਕੇ ਦੂਜੇ ਬੰਨੇ ਹੋਇਆ ਹੀ ਨਹੀ ਸੀ। ਇਨ੍ਹਾਂ ਮਿਸਾਲਾਂ ਦਾ ਪ੍ਰਿਥਵੀ ਚੰਦ ਉਤੇ ਮਾਂਹਦੀ-ਚਿਟਿਆਈ ਜਿੰਨਾ ਅਸਰ ਨਾ ਹੋਇਆ। ਪ੍ਰਿਥਵੀ ਚੰਦ ਈਰਖਾ ਦੀ ਲਟ ਲਟ ਬਲਦੀ ਮਿਸਾਲ ਹੈ।

ਗੁਰੂ ਹਰਿਗੋਬਿੰਦ ਸਾਹਿਬ ਦੇ ਛੇ ਸਪੁਤਰ ਸਨ। ਏਹਨਾਂ ਵਿਚ ਈਰਖਾ ਇਤਹਾਸਕਾਰਾਂ ਨਹੀ ਦਿਖਾਈ। ਬਾਬਾ ਗੁਰਦਿਤਾ ਜੀ ਦੇ ਦੋ ਬੇਟੇ ਹੋਏ। ਰਾਮ ਰਾਇ ਜੀ ਤੇ ਹਰਿ ਕ੍ਰਿਸ਼ਨ ਜੀ। ਰਾਮ ਰਾਇ ਵਿਚ ਵਡੇ ਪੁਤ ਵਾਲੀ ਗਲ ਆਈ। ਜਦੋਂ ਹਰਿਕ੍ਰਿਸ਼ਨ ਜੀ ਗੱਦੀ ਉੱਤੇ



Digitized by Panjab Digital Library | www.panjabdigilib.org

ਸਜੇ ਤਦੋਂ ਈਰਖਾ ਭੜਕੀ।

ਗੁਰੂ ਤੇਗ ਬਹਾਦਰ ਨਾਲ ਓਹਨਾਂ ਦੇ ਭਤੀਜੇ ਧੀਰ ਮਲ ਨੇ ਬੜੀ ਅੱਤ ਚੁਕੀ। ਸਾੜਾ ਗੱਦੀ ਦਾ ਹੀ ਸੀ। ਸ਼ੀਹੇਂ ਮਸੰਦ ਪਾਸੋਂ ਬੰਦੂਕ ਚਲਵਾਈ ਬਾਬੇ ਬਕਾਲੇ ਵਿਚ ਖਰੂਦ ਪਵਾਈ ਰੱਖਿਆ।

ਧੀਰ ਮਲ ਨੇ ਗੁਰੂ ਗੋਬਿੰਦ ਸਿੰਘ ਜੀ ਨਾਲ ਖਾਰ ਖਾਧੀ। ਦੁਸ਼ਮਨਾਂ ਨੂੰ ਜੰਗੀ ਸੂਹਾਂ ਦੇਦਾ ਰਿਹਾ। ਈਰਖਾ ਨੇ ਹੱਥ ਪੱਲੇ ਕੱਖ ਨ ਪਾਇਆ। ਕਿੱਕਰ ਬੀਜ ਕੇ ਦਾਖ ਕਿਵੇਂ ਮਿਲਦੀ?

ਈਰਖਾ ਕਰ ਕੇ ਗੁਰੂ ਘਰ ਵਿਚ ਕਮਜ਼ੋਰੀ ਰਹੀ। ਪਰ ਟੀਚੇ ਤੇ ਅਸੂਲ ਵਾਲੇ ਬਿਖੜੀਆਂ ਘਾਟੀਆਂ ਉਤੇ ਘਮਾ ਘੱਮ ਚੜ੍ਹਦੇ ਗਏ। ਓਹਨਾਂ ਜੀਵਨ ਖਿੱਚਾਤਾਣੀ ਦਾ ਨਾ ਸਮਝਿਆ ਘਰ ਵਿਚ ਵਿਰੋਧ ਪਿਆ ਦੇਖ ਕੇ ਡੋਲੇ ਨਾ। ਗਰੀਬਾਂ ਨਾਲ ਹਿੱਤ ਕਰਨੋਂ ਭਵੇਂ ਨਾ।

ਈਰਖਾ ਮਿਸਲਾਂ ਵੇਲੇ ਵੀ ਰਹੀ। ਪਰ ਇਕ ਗਲ ਚੰਗੀ ਸੀ। ਵੈਰੀ ਨਾਲ ਟੱਕਰ ਰਲ ਕੇ ਲੈਂਦੇ ਸਨ। ਅੱਗੋਂ ਪਿੱਛੋਂ ਇਕ ਦੂਜੇ ਦਾ ਇਕਬਾਲ ਵਧਦਾ ਦੇਖ ਕੇ, ਸੁਟਨ ਦੇ ਹੀਲੇ ਕਰਦੇ ਸਨ। ਕਈ ਵਾਰ ਤਲਵਾਰਾਂ ਧੂਹ ਕੇ ਖਟਾ ਖਟ ਕਰ ਕੇ ਹੀ ਸਾਹ ਲੈਂਦੇ ਸਨ।

ਸਿਖ ਰਾਜ ਵੇਲੇ ਪਹਿਲਾਂ ਇਕ ਦੂਜੇ ਨੂੰ ਵਸਦਾ ਦੇਖ ਕੇ ਭੈੜੀਆਂ ਅਫਵਾਹਾਂ ਫੈਲਾਂਦੇ ਇਕ ਦੂਏ ਨੂੰ ਭੰਡਦੇ। ਪਿੱਛੋਂ ਭੰਗ ਭਾੜੇ ਜਿੰਦਾਂ ਗਵਾ ਦੇਂਦੇ ਸਨ। ਮਹਾਰਾਜਾ ਰਣਜੀਤ ਸਿੰਘ ਵੇਲੇ ਈਰਖਾ ਸੀ ਪਰ ਦੱਬੀ ਘੁੱਟੀ। ਪਿੱਛੋਂ ਕੋਈ ਖਾਸ ਉੱਚੀ ਹਸਤੀ ਨ ਆਈ ਜਿਹੜੀ ਏਸ ਅੱਗ ਨੂੰ ਬੁਝਾਉਣ ਦਾ ਜਤਨ ਕਰਦੀ। ਈਰਖਾ ਕਰ ਕੇ ਫੁਟ ਪਈ। ਫੁਟ ਕਰ ਕੇ ਤਾਕਤ ਖੇਰੂੰ ਖੇਰੂੰ ਹੋਈ, ਤਾਕਤ ਖਿੰਡਣ ਨਾਲ ਪਰਾਏ ਸ਼ੇਰ ਬਣੇ, ਪਰਾਏ ਸ਼ੇਰ ਬਣਨ ਨਾਲ ਅਸੀਂ ਗਿੱਦੜਾਂ ਤੋਂ ਨਖਿੱਧ ਹੋ ਗਏ।

ਅਕਾਲੀ ਲਹਿਰ ਜਦੋਂ ਚੜ੍ਹਦੀਆਂ ਕਲਾਂ ਵਿਚ ਗਈ ਓਦੋਂ ਈਰਖਾ ਆਈ। ਈਰਖਾ ਕਰ ਕੇ ਧੜੇ ਬਣੇ। ਈਰਖਾ ਕਰ ਕੇ ਇਕ ਦੂਜੇ ਦੀ ਨਿੰਦਿਆ ਹੋਈ। ਹੁਣ ਵੀ ਵਜ਼ੀਰੀਆਂ ਦੇ ਝਗੜੇ ਸ਼ਾਇਦ ਈਰਖਾ



Digitized by Panjab Digital Library | www.panjabdigilib.org

ਕਰ ਕੇ ਹੀ ਪਏ ਸਨ। ਕਰਨਲ ਨਰਿੰਜਨ ਸਿੰਘ ਜੀ ਈਰਖਾ ਦੇ ਸੇਕ ਤੋਂ ਪਰ੍ਹਾਂ ਗੁੱਠੇ ਜਾ ਲੱਗੇ ਹਨ। ਸੁੱਖ।

ਕਿਉਂ ਕਿ ਅਸੀਂ ਥੋੜ੍ਹੇ ਹਾਂ ਇਸ ਕਰ ਕੇ ਹਰ ਇਕ ਦਾ ਪਤਾ ਲਗ ਜਾਂਦਾ ਹੈ ਤੇ ਈਰਖਾ ਦਿੱਸਦੀ ਹੈ। ਜਾਂ ਧੁਰੋਂ ਹੀ ਸਾਡੇ ਨਾਲ ਹੀ ਚਲੀ ਆਈ ਹੈ। ਏਸ ਲਈ ਹੋਰਾਂ ਨਾਲੋਂ ਈਰਖਾ ਵਧੇਰੇ ਹੈ। ਅਸਲੀ ਮੁੱਢ ਦਾ ਪੂਰਾ ਪਤਾ ਨਹੀਂ ਲਗਦਾ ਏਹ ਠੀਕ ਹੈ ਬਹੁਤੀ ਵਾਰ ਅਜ ਕਲ ਜਿਥੇ ਦੋ ਚਾਰ ਸਿਖ ਕੰਮ ਕਰਨ ਲਗ ਪੈਣ ਓਥੇ ਕਿਸੇ ਨਾ ਕਿਸੇ ਤਰ੍ਹਾਂ ਈਰਖਾ ਪ੍ਰਗਟ ਹੋ ਹੀ ਜਾਂਦੀ ਹੈ। ਈਰਖਾ ਕਰਕੇ ਪ੍ਰੋਫੈਸਰ, ਪ੍ਰਿੰਸੀਪਲਾਂ ਨੂੰ ਗਾਲਾਂ ਕੱਢਦੇ ਮੈਂ ਆਪਣੇ ਕੰਨੀਂ ਸੁਣੇ ਹਨ। ਉਚੀਆਂ ਸਾਹਿਤਕ ਡਿਗਰੀਆਂ ਲੈਕੇ, ਪੜ੍ਹਿਆਂ ਸਿੱਖਾਂ ਨਾਲ ਹੱਸਦੇ ਕਰਦੇ ਮੈਂ ਆਪਣੀਆਂ ਅੱਖੀਆਂ ਨਾਲ ਵੇਖੇ ਹਨ। ਜੁਲਾਈ ਸੰਨ ਛਤਾਲੀ ਦੀ ਗਲ ਹੈ, ਇਕ ਐਡੀਟਰ ਸਮਕਾਲੀ ਰਸਾਲਾ ਬਿਨਾਂ ਪੜ੍ਹਿਆਂ ਪਾੜਦਾ ਡਿੱਠਾ ਸੀ। ਕਈ ਵਾਰ ਚੰਗੇ ਪ੍ਰੋਗ੍ਰਾਮ, ਸਿਖ ਸਿੱਖਾਂ ਨੂੰ ਨਹੀਂ ਦੇਂਦੇ ਤੇ ਭੈੜ ਭੜੱਥੇ ਦੇ ਕੇ ਲੋਕਾਂ ਵਿਚ ਹਾਸੋ ਹੀਣਾ ਕਰਨਾ ਚਾਹੁੰਦੇ ਹਨ। ਕਈ ਵਾਰੀ ਸਿੱਖ ਲਿਖਾਰੀ ਨਵਿਆਂ ਲਿਖਾਰੀਆਂ ਨੂੰ ਉਲਟੇ ਰਾਹ ਪਾ ਕੇ, ਗੁਝੀ ਈਰਖਾ ਦਾ ਗੱਚ ਕੱਢਦੇ ਹਨ। ਇਕ ਨੌਜਵਾਨ ਸਿੱਖ ਆਰਟਿਸਟ, ਇਕ ਹੋਰ ਨੌਜਵਾਨ ਸਿੱਖ ਆਰਟਿਸਟ ਨੂੰ ਵਰਗ-ਲਾ ਰਿਹਾ ਸੀ ਕਿ ਜਿਸ ਪਾਸੋਂ ਓਹਨੂੰ ਕੁਝ ਹਾਸਲ ਹੋਂਦਾ ਹੈ ਓਹਦੇ ਪਾਸ ਨ ਜਾਏ।

ਅਸਾਂ ਪ੍ਰੋਫ਼ੈਸਰ ਪੂਰਨ ਸਿੰਘ ਨੂੰ ਓਨਾ ਨਹੀਂ ਚੁਕਿਆ, ਜਿੰਨਾ ਕਿ ਢੁੱਕਨਾ ਸੀ। ਸਰਦਾਲ ਸਰਦੂਲ ਸਿੰਘ ਕਵੀਸ਼ਰ ਦਾ ਓਨਾ ਮਾਨ ਨਹੀਂ ਕੀਤਾ ਜਿੰਨਾ ਫ਼ਾਰਵਰਡ ਬਲਾਕ ਵਾਲਿਆਂ ਨੇ ਕੀਤਾ। ਜਰਨੈਲ ਮੋਹਨ ਸਿੰਘ ਦੀ ਵੀ ਪੁਛ ਪ੍ਰਤੀਕ ਖ਼ਬਰੇ ਈਰਖਾ ਕਰ ਕੇ ਹੀ ਨਹੀਂ ਕਰ ਰਹੇ। ਸਰਦਾਰ ਠਾਕਰ ਸਿੰਘ ਆਰਟਿਸਟ ਦੀਆਂ ਕਿਤਾਬਾਂ ਦੀ ਜੋ ਕਦਰ ਬਾਹਰਲਿਆਂ ਸੂਬਿਆਂ ਨੇ ਕੀਤੀ ਓਹ ਅਸੀਂ ਕਿਥੋਂ ਕਰਨੀ ਹੋਈ? ਅਸਾਂ ਬਾਬਾ ਸਾਹਿਬ ਸਿੰਘ ਜੀ



Digitized by Panjab Digital Library | www.panjabdigilib.org

ਦੀ ਔਲਾਦ ਨੂੰ ਈਰਖਾ ਕਰਕੇ ਕੁਨਾਵਾਂ ਨਾਲ ਯਾਦ ਕੀਤਾ। ਓਹਨਾਂ ਵਿਚੋਂ ਬਾਬਾ ਬਿਕਰਮ ਸਿੰਘ (ਜੋ ਫਰੰਗੀ ਨਾਲ ਗੁਜਰਾਤੋਂ ਬਾਅਦ ਹਸਨ ਅਬਦਾਲ ਜਾਕੇ ਤੀਜੀ ਲੜਾਈ ਲੜਨਾ ਚਾਹੁੰਦੇ ਸਨ) ਓਹਨਾਂ ਦੀਆਂ ਕੁਰਬਾਨੀਆਂ ਭੁਲਾਈਆਂ। ਸਿੱਟਾ ਨਿਕਲਿਆ ਕਿ ਓਹਨਾਂ ਦੇ ਸਪੁਤਰ ਟਿਕਾ ਰਾਮ ਕਿਸ਼ਨ ਸਿੰਘ ਜੀ ਨੇ ਆਪਣੇ ਲੜਕੇ ਨੂੰ ਕਮਾਲੀਏ ਦੇ ਉਦਾਸੀ ਸੰਤ ਭਾਈ ਤਾਰਾ ਦਾਸ ਦਾ ਚੇਲਾ ਬਣਾਇਆ ਤੇ ਓਸ ਨੇ ਪ੍ਰੇਮ ਸਤੀ ਦੀ ਸਮਾਧ ਕਮਾਲੀਆ ਦਾ ਮੁਕਦਮਾ ਗੁਰਦਵਾਰਾ ਟ੍ਰੀਬੀਊਨਲ ਵਿਚ ਲੜਿਆ। ਇਮਾਰਤੀ ਹੁਨਰ ਦੇ ਮਾਲਕ ਸਰਦਾਰ ਰਾਮ ਸਿੰਘ (ਜਿਨ੍ਹਾਂ ਦੀਆਂ ਧੁੰਮਾਂ ਲੰਡਨ ਤਕ ਪੈ ਗਈਆਂ ਸਨ) ਅਸੀਂ ਓਹਨਾਂ ਦਾਂ ਨਾ ਵੀ ਨਹੀਂ ਜਾਣਦੇ। ਅਸੀ ਤਾਂ ਰਾਮਗੜ੍ਹੀਆ ਜੱਟ ਤੇ ਖਤਰੀ ਦੀ ਈਰਖਾ ਚਲਾ ਛੱਡੀ ਹੈ।

ਇਕ ਤਾਂ ਸਾਡਾ ਹੁਨਰ-ਸਵਾਦ ਘਟੀਅਲ ਹੈ ਦੂਜਾ ਈਰਖਾ ਕਰ ਕੇ ਅਸੀਂ ਆਪਣਾਂ ਆਦਮੀ ਨਹੀਂ ਵਡਿਆਉਂਦੇ ਸਨੂੰ ਵਹਿਮ ਰਹਿੰਦਾ ਹੈ ਕਿ ਅਸੀਂ ਆਲਸੀ ਹਾਂ ਇਕ ਦੂਜੇ ਦਾ ਖ਼ਿਆਲ ਨਹੀਂ ਕਰਦੇ। ਪਰ ਅਸਲ ਵਿਚ ਈਰਖਾ ਕੰਮ ਕਰ ਰਹੀ ਹੋਂਦੀ ਹੈ।

---

# ਸਾਡੀਆਂ ਧਰਮ ਸਾਲਾਂ

ਧਰਮ ਸਾਲਾ ਲਫਜ਼ ਸਰਾਂ ਦੇ ਅਰਥ ਵੀ ਦੇਣ ਲਗ ਪਿਆ ਹੈ। ਪਿੰਡਾਂ ਵਿਚ ਇਕ ਛੱਤੀ ਇਮਾਰਤ ਬਣਾ ਕੇ ਇਕ ਕੋਠੜੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਤੇ ਇਕ ਦੋ ਕੋਠੜੀਆਂ ਆਏ ਗਏ ਵਾਸਤੇ ਰਖਦੇ ਹਨ। ਸ਼ਹਿਰਾਂ ਵਿਚ ਵੀ ਧਰਮ ਸਾਲਾਂ ਹੋਂਦੀਆਂ ਹਨ। ਏਥੇ ਓਹਨਾਂ ਧਰਮ ਸਾਲਾਂ ਉਤੇ ਬਹਿਸ ਕਰਨੀ ਹੈ, ਜਿਨ੍ਹਾਂ ਨੂੰ ਡੇਰੇ ਕਿਹਾ ਜਾਂਦਾ ਹੈ। ਏਹਨਾਂ ਡੇਰਿਆਂ ਵਿਚੋਂ ਸਾਧੂਆਂ ਨੂੰ ਪ੍ਰਸ਼ਾਦੇ ਮਿਲ ਜਾਂਦੇ ਹਨ। ਤੇ ਮੱਥਾ ਵੀ ਕਰਾਈ ਜਾਂਦੀ ਹੈ। ਏਹ ਇਕ ਕਿਸਮ ਦੇ ਹਨ ਤਾਂ ਮੁਫਤ ਦੇ ਬੋਰਡਿੰਗ ਹਾਊਸ ਪਰ ਏਹਨਾਂ ਰਾਹੀਂ ਸਾਡਾ ਅਸਲੀ ਕੰਮ ਨਹੀਂ ਸਰਦਾ। ਕਿਉਂਕਿ ਏਹਨਾਂ ਡੇਰਿਆਂ ਦੇ ਪੜ੍ਹੇ ਹੋਏ, ਅਠਵੀਂ ਤੇ ਨੌਵੀਂ ਜਮਾਤ ਦੇ ਵਿਦਿਆਰਥੀ ਨੂੰ, ਮਸਾਂ ਹੀ ਪੜ੍ਹਾ ਸਕਦੇ ਹਨ।

ਏਹ ਡੇਰੇ ਦੇਗ ਗ੍ਰਿਹਸਤੀ ਘਰਾਂ ਨਾਲੋਂ ਵੀ ਸੁਥਰੇ ਹੋਂਦੇ ਹਨ। ਏਹਨਾਂ ਵਿਚ ਹੋਰ ਚੰਗੀਆਂ ਗਲਾਂ ਲਿਆਉਣ ਦੀ ਲੋੜ ਹੈ। ਕਈ ਧਰਮ ਸਾਲਾ ਦੇ ਖੁਲ੍ਹੇ ਕਮਰੇ ਹੋਂਦੇ ਹਨ। ਸਭ ਨਾਲੋਂ ਵਡੇ ਕਮਰੇ ਵਿਚ ਆਪਣੇ ਜ਼ਿਲ ਤੇ ਸੂਬੇ ਦੇ ਨਕਸ਼ੇ ਜ਼ਰੂਰ ਹੋਣੇ ਚਾਹੀਦੇ ਹਨ। ਕੁਝ ਇਤਿਹਾਸਕ ਘਟਨਾਵਾਂ ਦੇ ਚਿਤ੍ਰ ਵੀ ਹੋਣੇ ਲੋੜੀਦੇ ਹਨ, ਜਿਨ੍ਹਾਂ ਰਾਹੀਂ ਵਿਦਿਆਰਥੀਆਂ ਨੂੰ ਬਥੇਰਾ ਕੁਝ ਮਿਲ ਸਕਦਾ ਹੈ। ਭਾਂਡੇ ਮੰਜਵਾਉਣ ਤੇ ਮਧੂਕੜੀਆਂ ਇਕੱਠੀਆਂ ਕਰਵਾਉਣ ਦੀ ਥਾਂ, ਵਿਦਿਆ ਦੇਣ ਦੀ ਚਾਹ ਵਧੇਰੇ ਹੋਣੀ ਚਾਹੀਦੀ ਹੈ। ਧਰਮ ਸਾਲਾਂ ਦੇ ਗਿਆਨੀ ਸਿੰਘ ਨੂੰ ਚਾਹੀਦਾ ਹੈ ਕਿ ਓਹ ਪੜ੍ਹਨ ਵਾਲਿਆਂ



Digitized by Panjab Digital Library | www.panjabdigilib.org

ਤੋਂ ਹੋਰ ਸੇਵਾ ਘੱਟ ਲੈਣ । ਵਿਦਿਆਰਥੀਆਂ ਲਈ ਰਸਾਲਿਆਂ ਤੇ ਅਖਬਾਰਾਂ ਦਾ, ਵਿਤ ਅਨੁਸਾਰ ਪ੍ਰਬੰਧ ਕਰਨ, ਨਹੀਂ ਤਾਂ ਸੰਗਤਾਂ ਰਾਹੀਂ ਕਰਾਉਣ ਜਾਂ ਗੁਰਦਵਾਰਾ ਕਮੇਟੀਆਂ ਦੀ ਸਹਾਇਤਾ ਲੈਣ। ਜੇ ਲਾਇਬ੍ਰੇਰੀ ਦੀ ਡੌਲ ਬਣ ਜਾਏ ਤਾਂ ਸਮਝੋ ਲਖਾਂ ਖੱਟੇ । ਗੁਰਪੁਰਬਾਂ ਵੇਲੇ ਸ਼੍ਰੋਮਣੀ ਕਮੇਟੀ ਤੋਂ ਜਾਂ ਆਪ ਹੀ ਕਿਸੇ ਤਰ੍ਹਾਂ ਔਖੇ ਸੁਖਾਲੇ ਹੋਕੇ ਪ੍ਰਚਾਰਕ ਸੱਦੇ ਜਾਣ । ਓਹ ਪ੍ਰਚਾਰਕ ਵੇਲੇ ਮੁਤਾਬਿਕ ਲੋਕਾਂ ਦਾ ਖਿਆਲ ਢਾਲਣ ਤੇ ਵਿੱਦਿਆ ਪੜ੍ਹਨ ਦਾ ਉਤਸ਼ਾਹ ਦੇਣ।

ਏਹਨਾਂ ਧਰਮਸਾਲਾਂ ਵਿਚ ਭੰਡਾਰੇ ਹੋਦੇ ਰਹਿੰਦੇ ਹਨ। ਏਸ ਤਰ੍ਹਾਂ ਵਿਦਿਆਰਥੀ ਜੀਭ ਰਸੀਏ ਹੋਕੇ ਆਲਸ ਦੇ ਹੱਡ ਪੈ ਜਾਂਦੇ ਤੇ ਪੜ੍ਹਾਈ ਦੀ ਪੁਰਾਣੀ ਲੀਹ ਉੱਤੇ ਹੀ ਪਏ ਰਹਿੰਦੇ ਹਨ । ਭੰਡਾਰੇ ਹੈਨ ਤਾਂ ਚੰਗੇ, ਕਿਉਂਕਿ ਏਹਨਾਂ ਦਾ ਸਦਕਾ ਚਾਰ ਭਲੇ ਣਾਣਸਾਂ ਦੇ ਮੂੰਹ ਮੱਥੇ ਲੱਗੀ ਦਾ ਹੈ । ਹਾਂ ਅਠੇ ਪਹਿਰ ਭੰਡਾਰੇ ਕਰਨ ਕਰਾਉਣ ਦੀਆਂ ਸਬੀਲਾਂ ਸੋਚਣੀਆਂ ਤਾਂ ਨਹੀਂ ਨਾ ਸੋਭਦੀਆਂ ।

ਸਾਡੇ ਸੰਤ ਸਾਥੋਂ ਵਖਰੇ ਹੋ ਜਾਂਦੇ ਹਨ। ਛੋਹ ਦਾ ਖਿਆਲ ਬਹੁਤ ਰਖਦੇ ਹਨ । ਜੇ ਕਈ ਵਾਰ ਹਦੋਂ ਵਧ ਜਾਂਦਾ ਹੈ । ਬਸ ਗਹਿਸਤੀਆਂ ਤੋਂ ਸੁਚਮਤਾਈ ਨਾਲ ਪ੍ਰਸ਼ਾਦ ਛਕਿਆ ਤੇ ਲਾਂਭੇ ਹੋ ਗਏ । ਸਾਧੂਆਂ ਦੀ ਜ਼ਿਦਗੀ ਧਿਮੀ ਜਿਹੀ ਬਣ ਜਾਂਦੀ ਹੈ । ਗ੍ਰਹਿਸਤੀ ਦੀ ਜ਼ਿੰਦਗੀ ਕਸ਼-ਮਕਸ਼ ਵਾਲੀ ਹੋਦੀ ਹੈ । ਜੀਵਨ ਦੀ ਖਿਚ ਧੂਹ ਵਿਚ ਕਈ ਤਜਰਬੇ ਹੋਂਦੇ ਹਨ । ਏਸ ਤਰ੍ਹਾਂ ਸਾਡੇ ਸੰਤ ਕੋਰੇ ਜਿਹੇ ਰਹਿ ਜਾਂਦੇ ਤੇ ਸੋਚ ਸ਼ਕਤੀ ਘਟ ਜਾਂਦੀ ਹੈ । ਡੇਰਿਆਂ ਡੇਰਿਆਂ ਦਾ ਭਾਈਚਾਰਾ ਜਿਹਾ ਬਣ ਜਾਂਦਾ ਤਾਂ ਹੈ। ਏਸ ਤਰਾਂ ਸੰਤ ਸਾਥੋਂ ਬਹੁਤ ਹੀ ਦੂਰ ਨਾ ਹੋ ਜਾਣ । ਏਹਨਾਂ ਸੰਤਾਂ ਪਾਸ ਛੋਟੇ ਵਿਦਿਆਰਥੀ ਵੀ ਆਉਂਦੇ ਹਨ । ਓਹਨਾਂ ਦਾ ਖੇਡਾਂ ਵਲ ਵੀ ਧਿਆਨ ਜਾਣਾ ਹੋਇਆ । ਬਾਲਾਂ ਨੂੰ ਪੜ੍ਹਾਉਣ ਲਈ ਖੇਡਾਂ ਦਾ

ਪ੍ਰਬੰਧ ਵੀ ਹੋਣਾ ਚਾਹੀਦਾ ਹੈ; ਬਾਲ ਭਾਵੇਂ ਸਾਧੂ ਬਾਣਾ ਧਾਰ ਲੈਣ, ਪਰ ਉਹ ਹੈਨ ਤਾਂ ਬਾਲ ਹੀ। ਓਹਨਾਂ ਦਾ ਚਿਤ ਖੇਡ ਵਲ ਜਾਣਾ ਹੋਇਆ ਡੇਰਿਆਂ ਵਿਚ ਪੜ੍ਹਾਈ ਜਾਂ ਸੇਵਾ ਹੋਣੀ ਹੋਈ ਤੇ ਬਾਲ ਨੂੰ ਆਪਣੀ ਉਮਰ ਦੀ ਭੁਖ ਪੂਰੀ ਕਰਨ ਦਾ ਵਕਤ ਨਹੀਂ ਮਿਲਦਾ। ਦਿਲ ਦਿਮਾਗ਼ ਬੁਝਿਆ ਜਿਹਾ ਰਹਿੰਦਾ ਹੈ ਤੇ ਬੁੱਧੀ ਤੇਜ਼ ਨਹੀਂ ਚਲਦੀ। ਸੋ ਡੇਰੇਦਾਰਾਂ ਨੂੰ ਨਿਕਿਆਂ ਵਿਦਿਆਰਥੀਆਂ ਦੀਆਂ ਖੇਡਾਂ ਦਾ ਧਿਆਨ ਰਖਣਾ ਚਾਹੀਦਾ ਹੈ।

ਸਰਦੇ ਪੁਜਦੇ ਡੇਰਿਆਂ ਵਿਚ ਦੋ ਤਿੰਨ ਗਿਆਨੀ ਹੋਣੇ ਚਾਹੀਦੇ ਹਨ। ਕੋਈ ਇਤਿਹਾਸ ਦਸੇ, ਕੋਈ ਵਾਰਾਂ ਭਾਈ ਗੁਰਦਾਸ ਤੇ ਕੋਈ ਵਿਦਿਆਰਥੀ ਦੀ ਉਮਰ ਮੁਤਾਬਿਕ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹਾਏ। ਬਾਣੀ ਦੇ ਕੋਰਸ ਉਮਰ ਤੇ ਅਕਲ ਅਨੁਸਾਰ ਹੋਣੇ ਚਾਹੀਦੇ ਹਨ ਜਪੁ ਨੀਸਾਣ ਵਰਗੀ ਗੁਰੂ ਬਾਣੀ ਦੀ ਵਾਰੀ ਪਿਛੋਂ ਆਉਣੀ ਚਾਹੀਦੀ ਹੈ। ਏਹਨਾਂ ਡੇਰਿਆਂ ਵਿਚ ਬੁੱਧੀਮਾਨੀ, ਵਿਦਵਾਨੀ ਤੇ ਗਿਆਨੀ ਦੇ ਇਮਤਿਹਾਨਾਂ ਦਾ ਪ੍ਰਬੰਧ ਹੋ ਸਕਦਾ ਹੈ। ਧਾਰਮਿਕ ਵਿਦਿਆ ਦੇ ਨਾਲ ਨਾਲ ਹੋਰਨਾਂ ਇਲਮਾਂ ਦੀ ਵੀ ਸੂਝ ਕਰਾਉਣੀ ਚਾਹੀਦੀ ਹੈ। ਅੱਜ ਕਲ ਵਿਰਲੇ ਵਿਰਲੇ ਡੇਰਿਆਂ ਵਿਚ ਕਿਸੇ ਨੂੰ ਦੋ ਸ਼ਬਦ ਵਾਜੇ ਨਾਲ ਸਿਖਾ ਕੇ ਹੀ ਰਾਗੀ ਸਿੰਘ ਦੀ ਡਿਗਰੀ ਦੇ ਦੇਂਦੇ ਹਨ। ਸੰਗੀਤ ਵਾਸਤੇ ਵੀ ਡੇਰਿਆਂ ਵਿਚ ਵਾਹਵਾ ਪ੍ਰਬੰਧ ਹੋ ਸਕਦਾ ਹੈ। ਏਸੇ ਤਰਾਂ ਚਿਤ੍ਰਕਲਾ ਬਾਬਤ ਵੀ ਮੋਟੀਆਂ ਮੋਟੀਆਂ ਗੱਲਾਂ ਸਮਝਾਈਆਂ ਜਾ ਸਕਦੀਆਂ ਹਨ। ਸਿਖ ਚਿਤ੍ਰਕਲਾ ਤੇ ਹਰਿਮੰਦਰ ਸਾਹਿਬ ਦੀ ਮੋਹਰਾਕਸ਼ੀ ਸਿਖ ਵਿਦਿਆਰਥੀਆਂ ਦੇ ਸਮਝਾਣ ਵਾਲੀ ਸ਼ੈ ਹੈ। ਮੁਢਲੀ ਸਾਇੰਸ ਉਤੇ ਵੀ ਕੁਝ ਨ ਕੁਝ ਜ਼ਬਾਨੀ ਦਸਿਆ ਜਾ ਸਕਦਾ ਹੈ, ਡੇਰਿਆਂ ਵਿਚ ਪੜ੍ਹਨ ਵਾਲੇ ਬਹੁਤੇ ਗ੍ਰਿਹਸਤੀ ਨਹੀਂ ਹੋਂਦੇ ਤੇ ਓਹ ਬਹੁਤਿਆਂ ਕਪੜਿਆਂ ਆਦਿ ਦੇ ਮੁਥਾਜ ਵੀ ਨਹੀਂ ਹੋਂਦੇ। ਲਾਂਝੇ ਲਟਾਕੇ ਘਟ ਰਖਦੇ ਹਨ; ਜੇ ਏਸ ਤਰ੍ਹਾਂ ਦੇ ਵਿਦਿਆਰਥੀ ਨਵੇਂ ਢੰਗ ਨਾਲ ਪੜ੍ਹਨ ਪੜ੍ਹਾਉਣ ਲਗ ਪੈਣ, ਤਾਂ ਪੰਥ ਨੂੰ ਨੰਗੇ ਧੜ ਲੜਨ ਵਾਲੇ ਪ੍ਰਚਾਰਕ ਮਿਲ ਸਕਦੇ ਹਨ।



Digitized by Panjab Digital Library | www.panjabdigilib.org

ਜਿਵੇਂ ਡੇਰਿਆਂ ਵਿਚ ਅਡਣ ਸ਼ਾਹੀ ਵੀਰ ਰੱਸੇ ਵੱਟਣੇ ਤੇ ਸ਼ਾਹੀਆਂ ਵਗ਼ੈਰਾ ਬਣਾਉਣੀਆਂ ਦਸਦੇ ਸਨ, ਓਸੇਤਰ੍ਹਾਂ ਟੂਣ, ਵੇਲੇ ਮੁਤਾਬਿਕ ਦਸਤਕਾਰੀ ਸਿਖਾਈ ਜਾ ਸਕਦੀ ਹੈ, ਢਿੱਡ ਤਾਂ ਹਰ ਇਕ ਨੇ ਭਰਨਾ ਹੋਇਆ। ਪੇਟ ਲਈ ਸ੍ਰੀ ਧੰਨਾ ਜੀ ਨੇ ਰੱਬ ਪਾਸੋਂ ਕੀ ਕੁਝ ਨਹੀਂ ਸੀ ਮੰਗਿਆ। ਅੱਜ ਕਲ ਵੀ ਧਰਮਸਾਲਾਂ ਵਿਚ ਪੇਟ ਅਗਨੀ ਬੁਝਾਉਣ ਲਈ ਉਪਾ ਹੋ ਸਕਦੇ ਹਨ।

ਮੈਂ ਏਹਨਾਂ ਡੇਰਿਆਂ ਵਿਚ ਵੀ ਪੜ੍ਹਾਈ ਕੀਤੀ ਹੋਈ ਹੈ। ਚਾਹੁੰਦਾ ਹਾਂ ਕਿ ਏਹ ਸਹੀ ਅਰਥਾਂ ਵਿਚ ਪੜ੍ਹਾਈ ਕਰਾਉਣ ਤੇ ਦਿਮਾਗ਼ਾਂ ਨੂੰ ਖੋਲ੍ਹਕੇ ਸਰਕਾਰੀ ਵਿਦਿਆ ਦੇ ਵਿਦਿਆਰਥੀਆਂ ਦੀਆਂ ਚਾਲਾਕੀਆਂ ਸਮਝਣ ਤੇ ਰੋਕਣ ਜੋਗੇ ਹੋ ਜਾਣ। ਏਥੋਂ ਦੇ ਵਿਦਿਆਰਥੀ ਇਕ ਅਨਮਿਣੀ ਤੇ ਅਨਫਬਵੀਂ ਸ਼ਰਧਾ ਨਾਲ ਹੀ ਆਪਣੀ ਬੁੱਧੀ ਤੋਂ ਹੱਥ ਨ ਧੋ ਬੈਠਣ।

ਜੇ ਕੋਈ ਉਦਮੀ ਤੇ ਸਿਆਣਾ ਡੇਰਿਆਂ ਵਲ ਧਿਆਨ ਦੇਵੇ, ਤਾਂ ਏਹ ਇਕ ਅਸੂਲ ਤੇ ਤਰਤੀਬ ਦੇ ਧਾਗੇ ਵਿਚ ਪ੍ਰੋਏ ਜਾ ਸਕਦੇ ਹਨ। ਏਸ ਤਰ੍ਹਾਂ ਏਹਨਾਂ ਨਿੱਕੇ ਨਿੱਕੇ ਸ਼ਾਂਤੀ ਨਿਕੇਤਨਾਂ ਦੀ ਇਕ ਵੱਡੀ ਮਾਲਾ ਬਣ ਸਕਦੀ ਹੈ।

----



Digitized by Panjab Digital Library | www.panjabdigilib.org

# ਸਿੰਘਾਂ ਦਾ ਕਵੀ

ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਸਿੱਕਾ ਚਲ ਗਿਆ, ਦੇਸ ਨੂੰ ਅਮਨ ਚੈਨ ਨੇ ਸਦੀਆਂ ਪਿਛੋਂ ਮੂੰਹ ਦਿਖਾਇਆ। ਹਿੰਦੂ ਤੇ ਮੁਸਲਮਾਨ ਸੁਖਾਲੇ ਹੋਏ। ਹਿੰਦੂ, ਮੁਸਲਿਮ ਮੁੜੱਰਖਾਂ, ਸਰਕਾਰ ਦੀ ਦਿਲ ਖੋਲ੍ਹ ਕੇ ਤਾਰੀਫ ਕੀਤੀ। ਓਸ ਵੇਲੇ ਜ਼ਮਾਨੇ ਨਾਲ ਤੁਰਨ ਵਾਲੇ ਕਵੀ ਵੀ ਪਿਛੇ ਨ ਰਹੇ। ਮਹਾਰਾਜੇ ਦੇ ਗੁਰਪੁਰੀ ਜਾਣ ਨਾਲ ਝੁਰੇ ਤੇ ਬਹੁਤੇ ਤਾਂ ਓਸ ਵੇਲੇ ਧੌਣਾਂ ਸੁਟ ਕੇ ਬਹਿ ਹੀ ਗਏ,ਕਿਉਂਕਿ ਦੇਖਦਿਆਂ ਦੇਖਦਿਆਂ ਰਾਜ ਹੱਥੋਂ ਨਿਕਲ ਗਿਆ। ਓਸ ਦੁਖਾਂਤ ਨਾਟਕ ਨੂੰ ਦੇਖਕੇ, ਮਟਕ ਕਵੀ, ਜੋ ਹਿੰਦੂ ਸੀ, ਭੁੱਜ ਗਿਆ ਤੇ ਗੱਦਾਰਾਂ ਉਤੇ ਬੜਾ ਵਰ੍ਹਿਆ, ਜਿਵੇਂ —

ਲਾਲੂ ਦੀ ਲਾਲੀ ਗਈ, ਤੇਜੂ ਦਾ ਗਿਆ ਤੇਜ।

ਉਹ ਸਿੰਘਾਂ ਦੀ ਬੀਰਤਾ ਦੇ ਸੋਹਲੇ ਗਾਉਂਦਾ ਹੈ, ਪਰ ਜੋ ਸਿੰਘਾਂ ਦਾ ਜੱਸ ਸ਼ਾਹ ਮੁਹੰਮਦ ਨੇ ਗਾਂਵਿਆ ਹੈ, ਓਹ ਜਸ ਮਟਕ ਦੀ ਪਹੁੰਚ ਤੋਂ ਬਾਹਰਾ ਹੈ। ਮਟਕ ਪਾਸ ਓਹੋ ਜਿਹੀ ਜ਼ਬਾਨ ਨਹੀਂ ਤੇ ਨਾ ਹੀ ਓਸ ਵਰਗੀ ਕਹਿਣੀ ਦਾ ਢੰਗ ਹੈ। ਸਭ ਤੋਂ ਵਡੀ ਗੱਲ ਜਿਹੜੀ ਮਟਕ ਨੂੰ ਸ਼ਾਹ ਮੁਹੰਮਦ ਦੇ ਲਾਗੇ ਨਹੀਂ ਆਉਣ ਦੇਂਦੀ, ਓਹ ਹੈ ਮਹਿਸੂਸਣ ਵਾਲੀ ਤਾਕਤ। ਸ਼ਾਹ ਮੁਹੰਮਦ ਧੁਰ ਅੰਦਰੋਂ ਮਹਿਸੂਸ ਕਰ ਕੇ ਗੱਲ ਕਹਿੰਦਾ ਹੈ; ਏਸੇ ਲਈ ਏਹਦੀ ਕਹੀ ਗੱਲ ਮਟਕ ਦੀ ਆਖੀ ਗੱਲ ਨਾਲੋਂ, ਵਧੇਰੇ ਕਾਟ ਕਰਦੀ ਤੇ ਚੋਖਾ ਚਿਰ ਆਪਣਾ ਅਸਰ ਪਾਈ ਰਖਦੀ ਹੈ। ਮਹਿਸੂਸਣ ਵਾਲੀ ਸ਼ਕਤੀ ਨੇ ਹੀ ਸ਼ਾਹ ਮੁਹੰਮਦ ਨੂੰ ਪੰਜਾਬੀਆਂ ਦਾ ਕੌਮੀ ਕਵੀ ਬਣਾ ਦਿਤਾ, ਏਸੇ



Digitized by Panjab Digital Library | www.panjabdigilib.org

ਦਾ ਸਦਕਾ ਓਹ ਅਮਰ ਸ਼ਾਇਰ ਹੈ।

ਓਸ ਵੇਲੇ ਪੰਜਾਬ ਵਿਚ ਸਿੰਘ ਹੀ ਕੌਮੀ ਜਮਾਤ ਵਾਂਗ ਕੰਮ ਕਰ ਰਹੇ ਸਨ। ਇਸੇ ਕਰ ਕੇ ਸ਼ਾਹ ਮੁਹੰਮਦ ਨੂੰ ਏਹ ਪਿਆਰੇ ਲਗਦੇ ਸਨ। ਸਿੰਘਾਂ ਦੇ ਪਿਆਰ ਨੇ ਹੀ ਅਮਿੱਟ ਕਵਿਤਾ ਕਵੀ ਤੋਂ ਲਿਖਾਈ। ਸਿੰਘਾਂ ਦੇ ਇਕ ਗੁਣ ਨੇ ਕਵੀ ਨੂੰ ਬਹੁਤ ਹੀ ਮੋਹਿਆ, ਓਹ ਸੀ, ਸਿੰਘਾਂ ਦਾ ਹਿੰਦੂ ਤੇ ਮੁਸਲਮਾਨਾਂ ਨੂੰ ਸੁਖੀ ਰਖਣਾ। ਸ਼ਾਹ ਜੀ ਦੀ ਜ਼ਬਾਨੀ ਸੁਣੋ:—

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਉਤੇ ਅਫਾਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,
ਕਦੇ ਨਹੀਂ ਸੀ ਤੀਸਰੀ ਜ਼ਾਤ ਆਈ।

ਏਹ ਤੀਸਰੀ ਜ਼ਾਤ-ਗੋਰੀ ਸਰਕਾਰ ਹੈ, ਜਿਸ ਦਾ ਆਉਣਾ ਆਫਤ ਸੀ। ਸਰਕਾਰ ਦੀਆਂ ਵਧੀਕੀਆਂ ਦੇਖ ਕੇ ਕਵੀ ਨੂੰ ਰੋਹ ਚੜ੍ਹ ਗਿਆ ਤੇ ਓਹਦੇ ਮੂੰਹ ਵਿਚੋਂ ਹੀ ਨਹੀਂ, ਸਗੋਂ ਅੰਗ ਅੰਗ ਵਿਚੋਂ ਰੋਹ ਦੀਆਂ ਲਾਟਾਂ ਨਿਕਲ ਰਹੀਆਂ ਹਨ। ਓਹ ਲਾਟਾਂ ਸੌ ਸਾਲ ਜਿੱਡੀਆਂ ਲੰਮੀਆਂ ਹੋ ਕੇ, ਕਿਰਨਾਂ ਦਾ ਰੂਪ ਧਾਰ ਰਹੀਆਂ ਹਨ। ਇਸੇ ਲਈ ਕਵੀ, ਮੈਨੂੰ ਦੇਸ-ਪਿਆਰ ਤੇ ਬੀਰ ਰਸ ਦੀ ਅੱਗ ਨਾਲ ਭਖਿਆ ਹੋਇਆ ਸੂਰਜ ਦਿਸਦਾ ਹੈ। ਇਸੇ ਵਾਸਤੇ ਮੈਂ ਇਸ ਸੂਰਜ ਨੂੰ, ਅੱਜ ਤੋਂ ਛੇ ਸਾਲ ਪਹਿਲਾਂ ਪੁਸ਼ਪਾਂਜਲੀ ਚੜ੍ਹਾਈ ਸੀ:—

*ਸ਼ਾਹ ਮੁਹੰਮਦ ਜਿਹੇ ਕਵੀ, ਵੀਰਾਂ ਦੀਆਂ ਵਾਰਾਂ,
ਹੁਣ ਵੀ ਗਾਵਣ ਜੇ ਕਦੀ, ਮੈਂ ਤਨ ਮਨ ਵਾਰਾਂ।

ਸ਼ਾਹ ਮੁਹੰਮਦ ਜੀ ਨੂੰ ਵੀ ਸਿੰਘ ਪਿਆਰੇ ਸਨ ਤੇ ਮੈਨੂੰ ਵੀ।

---

*ਏਹ ਸ਼ੇਅਰ ਮੈਂ ਆਪਣੀ ਲਿਖੀ ਕਿਤਾਬ "ਪੰਜਾਬ ਦੀਆਂ ਵਾਰਾਂ" ਵਿਚ ਲਿਖਿਆ ਸੀ। ਪਰ ਪ੍ਰੋਫੈਸਰ ਗੰਡਾ ਸਿੰਘ ਜੀ ਨੇ ਹਕੀਕਤ ਦੀ ਵਾਰ ਆਦਿ ਵਾਰਾਂ ਇਕੱਠੀਆਂ ਕਰ ਕੇ ਏਹੋ ਨਾਂ ਰੱਖ ਮਾਰਿਆ।



Digitized by Panjab Digital Library | www.panjabdigilib.org

ਓਹਨਾਂ ਵੀ ਬੀਰ ਰਸ ਲਿਖਿਆ ਤੇ ਮੇਰਾ ਵੀ ਜੀਅ ਬੀਰ ਰਸ ਦਾ ਨਾਂ ਲਿਆਂ ਉਮਲ ਉਮਲ ਪੈਂਦਾ ਹੈ। ਓਹ ਵੀ ਦੇਸ ਦੀ ਹਾਲਤ ਦੇਖ ਕੇ ਸੁਖੀ ਤੇ ਦੁਖੀ ਹੋਂਦੇ ਸਨ, ਮੈਂ ਵੀ ਦੇਸ ਦੇ ਦੁਖ ਸੁਖ ਨਾਲ ਰੋਣਾ ਤੇ ਹਸਣਾ ਚਾਹੁੰਦਾ ਹਾਂ । ਏਹਨਾਂ ਗੱਲਾਂ ਨੂੰ ਸਾਹਮਣੇ ਰੱਖ ਕੇ ਹੀ ਪ੍ਰੋਫੈਸਰ ਮੋਹਨ ਸਿੰਘ ਨੇ ਅਕਤੂਬਰ ਸੰਨ ਛਤਾਲੀ ਦੇ 'ਪੰਜ ਦਰਿਆ' ਦੇ ਪਰਚੇ ਵਿਚ ਮੇਰੀ ਆਖਰੀ ਵਾਰ ਉੱਤੇ ਨੋਟ ਦੇਂਦਿਆਂ, ਉਪਰਲੀਆਂ ਗੱਲਾਂ ਦੀ ਹਾਮੀ ਭਰਨੀ ਚਾਹੀ ਹੈ ।

ਇਕ ਦਿਨ ਮੈਂ ਪੰਜਾਬ ਸੈਕ੍ਰੇਟੇਰੀਏਟ ਲਾਹੌਰ ਵਿਚ ਗਿਆ । ਓਥੇ ਅਨਾਰਕਲੀ ਦੇ ਮਕਬਰੇ ਦਾ ਦਰਸ਼ਨ ਵੀ ਕੀਤਾ। ਉਸ ਜਗਾ, ਸਿਖ ਰਾਜ ਵੇਲੇ, ਜਨਰਲ ਵੈਨਤੂਰਾ ਰਹਿੰਦੇ ਸਨ, ਪਰ ਕਬਰ ਉਤੇ ਓਦੋਂ ਕਪੜਾ ਪਿਆ ਰਹਿੰਦਾ ਸੀ । ਹੁਣ ਦੀ ਸਰਕਾਰ ਨੇ ਕਬਰ ਨੂੰ ਇਕ ਬੰਨੇ ਕਰਕੇ, ਹਾਲ ਕਮਰਾ ਬਣਾ ਲਿਆ ਹੈ। ਏਥੇ ਕੁਝ ਤਸਵੀਰਾਂ ਤੇ ਪੁਰਾਣੇ ਕਾਗ਼ਜ਼ਾਤ ਹਨ । ਕੁਝ ਸਕੈਚ ਹਨ ਜਿਨ੍ਹਾਂ ਵਿਚੋਂ ਪੁਰਾਣੇ ਸਿੰਘ ਸਰਦਾਰਾਂ ਦੇ ਕਿਲ੍ਹਿਆਂ ਦੇ ਦਰਸ਼ਨ ਹੋਂਦੇ ਹਨ। ਏਹਨਾਂ ਨਾਲ ਹੀ, ਵੱਡੀਆਂ ਰੰਗਦਾਰ ਤਸਵੀਰਾਂ ਸਿੰਘਾਂ ਦੀਆਂ ਲੜਾਈਆਂ ਦੀਆਂ ਹਨ । ਏਹ ਯੂਰਪੀਅਨ ਆਰਟਿਸਟਾਂ ਦੀਆਂ ਖਿਚੀਆਂ ਹੋਈਆਂ ਹਨ, ਜੋ ਦਸਤੀ ਨਹੀਂ । (ਅਜਿਹੀਆਂ ਤਸਵੀਰਾਂ ਕਿਲ੍ਹੇ ਵਿਚ ਵੀ ਹਨ।) ਏਹਨਾਂ ਤਸਵੀਰਾਂ ਨੂੰ ਦੇਖ ਕੇ ਸ਼ਾਹ ਮੁਹੰਮਦ ਦੇ ਸ਼ੇਅਰ ਯਾਦ ਆ ਗਏ । ਨਾਲ ਹੀ ਯਕੀਨ ਹੋ ਗਿਆ ਕਿ ਜੇ ਮੀਆਂ ਸ਼ਾਹ ਮੁਹੰਮਦ ਏਹ ਤਸਵੀਰਾਂ ਦੇਖ ਲੈਂਦੇ, ਤਾਂ ਏਹਨਾਂ ਦੇ ਟਾਕਰੇ ਦੀਆਂ ਤਸਵੀਰਾਂ,, ਅੱਵਲ ਤਾਂ ਆਪ ਕਲਮ ਤੋੜ ਕੇ, ਕੂਚੀ ਲੈਕੇ ਆਪਣਿਆਂ ਸ਼ੇਅਰਾਂ ਦੇ ਚਿਤ੍ਰ ਵਾਹੁੰਦੇ ਜਾਂ ਕਿਸੇ ਮੁਸੱਵਰ ਦਾ ਸੌ ਮਿੰਨਤ ਤਰਲਾ ਕਰਕੇ ਬਣਵਾਉਂਦੇ, ਕਿਉਂ ਕਿ ਮੂਰਤਾਂ ਹਰ ਦੇਸ ਦੀ ਅਸਲੀ ਬੋਲੀ ਹੋਂਦੀਆਂ ਹਨ ਤੇ ਕਿਲ੍ਹੇ ਆਦਿ ਦੀਆਂ ਤਸਵੀਰਾਂ ਵਿਚ ਅੰਗ੍ਰੇਜ਼ਾਂ ਦੀ ਬਹਾਦਰੀ ਦਾ ਹੀ ਦਰਸ਼ਨ ਹੋਂਦਾ ਹੈ । ਭਾਵੇਂ ਅੰਗ੍ਰੇਜ਼ਾਂ ਨੇ ਹਿਸਟਰੀਆਂ ਵਿਚ ਸਿੰਘਾਂ ਦੀ ਲੜਾਈ ਤੇ ਬੀਰਤਾ ਦੀ



Digitized by Panjab Digital Library | www.panjabdigilib.org

ਚੋਖੀ ਦਾਦ ਦਿਤੀ ਹੈ, ਪਰ ਏਹਨਾਂ ਤਸਵੀਰਾਂ ਵਿਚ ਸਿੰਘਾਂ ਦਾ ਘੋੜਿਆਂ ਤੋਂ ਢਹਿਣਾ, ਫਰੰਗੀ ਦਾ ਵੱਟ ਕੇ ਵਾਰ ਕਰਨਾ ਤੇ ਸਿੰਘਾਂ ਦਾ ਦੋਫਾੜ ਹੋ ਜਾਣਾ, ਜ਼ਿਆਦਾ ਦਿਖਾਇਆ ਹੈ। ਏਹਨਾਂ ਚਿਤ੍ਰਾਂ ਦੇ ਚਿਤ੍ਰਕਾਰ ਵਿਚ ਓਹ ਖੁਲ੍ਹ-ਦਿਲੀ ਤੇ ਇਨਸਾਫ ਨਹੀਂ, ਜੋ ਮੀਆਂ ਸ਼ਾਹ ਮੁਹੰਮਦ ਨੇ ਆਪਣੀ ਰਚਨਾ ਵਿਚ ਦਿਖਾਇਆ ਹੈ। ਸ਼ਾਹ ਜੀ ਦੋਹਾਂ ਧਿਰਾਂ ਦੀ ਬਹਾਦਰੀ ਨੂੰ ਵਡਿਆਉਂਦੇ ਹਨ। ਅੰਗ੍ਰੇਜ਼ਾਂ ਦੇ ਵਧਦੇ ਹੱਥ ਬਾਰੇ ਲਿਖਦੇ ਹਨ:-

ਅਸਾਂ ਸ਼ਹਿਦ ਦੇ ਵਾਸਤੇ ਹੱਥ ਪਾਇਆ,
ਅਗੋਂ ਡੂਮਣਾ ਛਿੜੇ ਮਖੀਰ ਮੀਆਂ।
ਘਰੋਂ ਗਏ ਫਰੰਗੀ ਦੇ ਮਾਰਨੇ ਨੂੰ,
ਬੇੜੇ ਤਪਾਂ ਤੇ ਸਭ ਖੁਹਾ ਆਏ।
ਛੇੜ ਆਫ਼ਤਾਂ ਨੂੰ ਮਗਰ ਲਾਇਓ ਨੇ,
ਸਗੋਂ ਆਪਣਾ ਆਪ ਗਵਾ ਆਏ।

ਏਹ ਹੈ ਪੰਜਾਬੀਆਂ ਦੇ ਤਹਿਜ਼ੀਬ। ਏਹ ਜੇ 'ਅਨਪੜ੍ਹਾਂ' ਦੀ ਅਕਲ ਦਾ ਚਮਤਕਾਰਾ।

ਓਹਨਾਂ ਤਸਵੀਰਾਂ ਵਿਚ ਬੇਸ਼ਕ ਆਰਟ ਨੂੰ ਸਿਖਰ ਉਤੇ ਪੁਚਾਇਆ ਗਿਆ ਹੈ, ਪਰ ਓਹ ਸ਼ਾਹ ਜੀ ਦੀ ਰੂਹ ਲਈ ਬਲਦੀਆਂ ਚਿਖਾਂ ਹਨ। ਸ਼ਾਹ ਮੁਹੰਮਦ ਨੂੰ ਤੇ, ਤਾਂ ਠੰਢ ਪੈਣੀ ਹੈ ਜੇ ਓਹਨਾਂ ਦਿਆਂ ਸ਼ੇਅਰਾਂ ਨੂੰ ਕੋਈ ਅਣਖੀ ਰੰਗੇ। ਸ਼ਾਹ ਸਾਹਿਬ ਦੀਆਂ ਕਲਮੀ ਤਸਵੀਰਾਂ ਤਾਂ ਤੱਕੋ:-

ਕਿਨੇ ਲਿਆਇ ਕੇ ਜਾਇ ਕੇ ਖਬਰ ਦਿਤੀ,
ਨੰਦਨ ਹੋ ਬੈਠੀ ਤੇਰੀ ਰੰਡ ਮੀਆਂ।
ਸ਼ਾਹ ਮੁਹੰਮਦਾ ਦੇਖ ਮੈਦਾਨ ਜਾ ਕੇ,
ਰੁਲਦੀ ਗੋਰਿਆਂ ਦੀ ਪਈ ਝੰਡ ਮੀਆਂ।
ਆਈਆਂ ਪੜਤਲਾਂ ਬੀੜਕੇ ਤੋਪਖਾਨੇ,



Digitized by Panjab Digital Library | www.panjabdigilib.org

ਅੱਗੋਂ ਸਿੰਘਾਂ ਨੇ ਪਾਸਣੇ ਤੋੜ ਸੁੱਟੇ।
ਮੇਵਾ ਸਿੰਘ ਤੇ ਮਾਖੇ ਖਾਂ ਹੋਏ ਸਿੱਧੇ,
ਹੱਲੇ ਤਿੰਨ ਫਰੰਗੀ ਦੇ ਮੋੜ ਸੁੱਟੇ।
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ,
ਬੰਨ੍ਹ ਸ਼ਸਤ੍ਰੀਂ ਤੋੜ ਵਿਛੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਗ ਨਿੰਬੂਆਂ ਲਹੂ ਨਚੋੜ ਸੁੱਟੇ।

ਏਸ ਵੇਲੇ ਦੇ ਸਿਖ ਆਰਟਿਸਟਾਂ ਵਿਚੋਂ, ਸਰਦਾਰ ਸੋਭਾ ਸਿੰਘ ਤੇ ਮਾਸਟਰ ਗੁਰਦਿੱਤ ਸਿੰਘ ਕਵੀ ਜੀ ਦੇ ਦਿਲ ਦੀ ਆਸ ਪੂਰੀ ਕਰ ਸਕਦੇ ਹਨ। ਆਪ ਡਰਾਇੰਗ ਦੇ ਮਾਲਕ ਹਨ। ਘੋੜਿਆਂ ਦਾ ਮਰਨਾ, ਹਾਥੀਆਂ ਦਾ ਸਣੇ ਅੰਬਾਰੀਆਂ ਧਹਿ ਧਹਿ ਢਹਿਣਾ ਆਦਿ ਗੱਲਾਂ ਦਿਖਾਉਣਾ, ਡਰਾਇੰਗ ਦੇ ਉਸਤਾਦ ਦਾ ਹੀ ਕੰਮ ਹੈ। ਸਿੰਘਾਂ ਦਾ ਸੋਹੀਆਂ ਸੂਤ ਕੇ ਟੁਟਣਾ ਤੇ ਪਲਾਂ ਵਿਚ ਸੈਂਕੜਿਆਂ ਗੋਰਿਆਂ ਨੂੰ ਲੋਥਾਂ ਬਣਾ ਦਿਖਾਉਣਾ, ਗਰੁਪ ਬਣਾਉਣ ਵਾਲੇ ਮਾਸਟਰ ਦਾ ਹੀ ਕੰਮ ਹੈ। ਉਪਰਲੀਆਂ ਤਸਵੀਰਾਂ ਤਾਂ ਬਣ ਜਾਣਗੀਆਂ, ਪਰ ਸ਼ਾਹ ਮੁਹੰਮਦ ਦੇ ਹੇਠਲੇ ਹਉਕੇ ਦੀ ਤਸਵੀਰ ਕਿਹੜਾ ਮਾਈ ਦਾ ਲਾਲ ਬਣਾਏਗਾ:—

ਅੱਜ ਹੋਵੇ ਸਰਕਾਰ ਤਾਂ ਮੁਲ ਪਾਵੇ,
ਜਿਹੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੇ।

ਏਥੇ ਮੁਸੱਵਰੀ ਤੇ ਕਵਿਤਾ ਦਾ ਅੱਡੋ ਅੱਡ ਰਾਹ ਹੋ ਜਾਂਦਾ ਹੈ।

ਏਸ ਸੂਰਜ (ਕਵੀ) ਦੀ ਕੜਕਦੀ ਧੁੱਪ ਮੁਸੱਵਰ ਵੀ ਪੂਰੀ ਤਰ੍ਹਾਂ ਨਹੀਂ ਦਿਖਾ ਸਕਦਾ ਤੇ ਮੈਂ ਤਾਂ ਹਾਂ ਹੀ ਕਿਹੜੇ ਬਾਗ ਦੀ ਮੂਲੀ। ਹਾਂ, ਮੈਂ ਸਿਰਫ ਏਸ ਸੂਰਜ ਨੂੰ ਮਜ਼ਮੂਨ ਦਾ ਅਰਘ ਦੇ ਸਕਦਾ ਹਾਂ।

————



Digitized by Panjab Digital Library | www.panjabdigilib.org

# ਗਵਾਂਢੀਆਂ ਵਲ ਵੀ ਤੱਕੋ

ਇਕ ਤਾਂ ਹੈ ਹਸਦ (ਈਰਖਾ), ਤੇ ਇਕ ਹੋਂਦਾ ਹੈ ਰਸ਼ਕ। ਰਸ਼ਕ ਵਿਚ ਫਾਇਦਾ ਹੋਂਦਾ ਹੈ, ਕਿਉਂਕਿ ਮਨ ਅਗਲੇ ਦੇ ਗੁਣ ਦੇਖ ਕੇ ਉਛਲਦਾ ਹੈ ਤੇ ਓਹਨਾਂ ਗੁਣਾਂ ਨੂੰ ਆਪਣੇ ਵਿਚ ਪੈਦਾ ਕਰਨਾ ਚਾਹੁੰਦਾ ਹੈ। ਇਸ ਲਈ ਜੇ ਬਹੁਤੀ ਦੂਰ ਨਹੀਂ ਜਾਣ ਜੋਗੇ, ਤਾਂ ਘਟੋ ਘਟ ਗਵਾਂਢੀਆਂ ਵਲ ਤਾਂ ਵੇਖੀਏ; ਮਤਾਂ ਓਹਨਾਂ ਦੇ ਗੁਣ ਹੀ ਮੋਹ ਲੈਣ ਤੇ ਸਾਨੂੰ ਕੋਈ ਹੋਰ ਜੀਵਨ ਜਾਚ ਆ ਜਾਵੇ, ਜਿਸ ਨਾਲ ਅਸੀਂ ਵੀ ਗੁਰੂ ਨਾਨਕ ਦੇ ਬਗੀਚੇ ਨੂੰ ਚੰਗੀ ਤਰ੍ਹਾਂ ਮਹਿਕਾ ਸਕੀਏ ਤੇ ਮਨੁਖਤਾ ਦੇ ਬਹਲ ਵਿਚ ਭਰ ਭਰ ਬੁੱਕ ਪਾ ਸਕੀਏ।

'ਹਮਸਾਏ ਮਾਂ ਪਿਉ ਜਾਏ' ਹੋਂਦੇ ਹਨ।'

ਸਾਡੇ ਗਵਾਂਢੀ ਹਨ ਹਿੰਦੂ, ਮੁਸਲਿਮ ਤੇ ਈਸਾਈ। ਏਹਨਾਂ ਨਾਲ ਸਾਡੀ ਸਾਂਝ ਭਿਆਲੀ ਰਹੀ ਹੈ ਤੇ ਰਹਿਣੀ ਹੈ। ਅਸੀਂ ਏਹਨਾਂ ਤੋਂ ਕੁਝ ਸਿਖਣਾ ਹੈ। ਨਿਰਾ ਮੁਛਾਂ ਨੂੰ ਤਾ ਦੇ ਦੇ ਕੇ ਹੀ ਉਮਰ ਨਹੀਂ ਬਿਤਾਉਣੀ।

ਹਿੰਦੂ ਵੀਰ ਹਿੰਦ ਦੇ ਅਸਲੀ ਵਸਨੀਕ ਤਾਂ ਨਹੀਂ ਹਨ, ਪਰ ਏਹਨਾਂ ਆਪਣਾ ਨਾਂ ਏਥੇ ਆ ਕੇ ਹੀ ਚੰਗੀ ਤਰ੍ਹਾਂ ਚਮਕਾਇਆ। ਏਹਨਾਂ ਓਹ ਲਿਟ੍ਰੇਚਰ ਤਿਆਰ ਕੀਤਾ, ਜਿਸ ਨੂੰ ਵਿਰੋਧੀ ਵੀ ਦੇਖ ਕੇ ਦੰਗ ਰਹਿ ਗਏ। ਇਸ ਲਿਟਰੇਚਰ ਤੋਂ ਸਾਨੂੰ ਦਸਮੇਸ਼ ਜੀ ਨੇ ਲਾਭ ਪੁਚਾਉਣਾ ਚਾਹਿਆ ਸੀ, ਪਰ ਸਮੇਂ ਦੇ ਝਖੜਾਂ ਨੇ ਪੱਕਾ ਬਾਨ੍ਹਣੂ ਨ ਬੱਝਣ ਦਿਤਾ। ਫੇਰ ਵੀ ਓਹਨਾਂ ਨਿਰੀਆਂ ਚਵੀ ਅਵਤਾਰਾਂ ਦੀਆਂ ਕਥਾਂ ਹੀ ਨਹੀਂ ਸਨ ਸੁਣਾਈਆਂ, ਸਗੋਂ ਮੇਰੇ ਖਿਆਲ ਵਿਚ ਵਿਦਿਆ ਧਰ ਨਾਂ ਦੇ ਮਹਾਨ

ਗ੍ਰੰਥ ਸਾਹਿਬ ਵਿਚ ਛੇ ਸ਼ਾਸਤ੍ਰਾਂ ਦੀ ਫਿਲਾਸਫੀ, ਉਪਨਿਸ਼ਦਾਂ ਦੇ ਭਾਸ਼ਜ ਤੇ ਏਹਨਾਂ ਉੱਤੇ ਆਪਣੀ ਟੀਕਾ ਟਿੱਪਣੀ ਵੀ ਕੀਤੀ ਹੋਵੇਗੀ। ਕਿਉਂਕਿ ਆਪ ਅਵਤਾਰਾਂ ਦੀਆਂ ਕਥਾ ਦੇਣ ਵੇਲੇ ਵੀ ਆਦਿ ਜਾਂ ਅੰਤ ਵਿਚ ਆਪਣੀ ਰਾਇ ਦੇਂਦੇ ਗਏ ਹਨ। ਏਸ ਤੋਂ ਛੁਟ ਓਸ ਜ਼ਮਾਨੇ ਵਿਚ ਰਾਜਨੀਤੀ ਦੀ ਬੜੀ ਲੋੜ ਸੀ, ਓਹਨਾਂ ਚਾਣਿਕ ਦੇ ਗ੍ਰੰਥ ਦਾ ਜ਼ਰੂਰ ਅਨੁਵਾਦ ਕੀਤਾ ਜਾਂ ਕਰਾਇਆ ਹੋਵੇਗਾ। ਜਦ ਚਲਿੱਤ੍ਰਾਂ ਵਿਚੋਂ ਵਾਤ ਸਾਇਨ ਦੇ ਕਾਸ ਸੂਤ੍ਰਾਂ ਦਾ ਵੀ ਬੋਧ ਹੋਂਦਾ ਹੈ, ਤਦ ਓਹਨਾਂ ਰਾਜਨੀਤੀ ਦੇ ਗ੍ਰੰਥ ਕਿਵੇਂ ਅਖੋਂ ਓਹਲੇ ਕਰ ਦੇਣੇ ਸਨ।,ਮਤਲਬ ਕਹਿਣ ਦਾ ਏਹ ਹੈ ਪਈ ਓਹਨਾਂ ਹਰ ਸ਼ੈ ਘੋਖ ਕੇ ਵੇਖੀ ਤੇ ਓਸ ਦਾ ਤੱਤ ਕਢਿਆ। ਆਪ ਸਾਨੂੰ ਵਿਦਿਆ ਸ਼ਰਬਤ ਪਿਲਾਉਣਾ ਚਾਹੁੰਦੇ ਸਨ ਪਰ ਓਹ ਸਮੇਂ ਤਾਂ ਗਏ ਨਾ ਚਲੇ। ਹੁਣ ਸੋਚਣ ਵਾਲੀ ਗਲ ਏਹ ਹੈ ਕਿ ਹੁਣ ਅਸਾਂ ਕੀ ਕਰਨਾ ਹੈ, ਏਹ ਸੋਚਣਾ ਕੰਮ ਹੈ ਸਾਡਿਆਂ ਵਿਦਵਾਨਾਂ ਦਾ, ਪਰ ਏਧਰ ਕੋਈ ਅੱਖ ਚੁਕ ਕੇ ਦੇਖਦਾ ਹੀ ਨਹੀਂ ਇਸ ਲਈ ਏਥੇ ਮੈਂ ਚਾਰ ਅੱਖਰ ਲਿਖਦਾ ਹਾਂ, ਮਤਾਂ ਮੇਰੀ ਸੁਧਾਈ ਦੇ ਪੱਜ ਹੀ ਕੋਈ ਜ਼ੋਰਦਾਰ ਲੇਖਣੀ ਆਲਸ ਤੇ ਅਨਗਹਿਲੀ ਦੇ ਪਰਬਤਾਂ ਨੂੰ ਚੀਰਦੀ ਹੋਈ ਫਰਿਹਾਦ ਵਾਂਗ ਉਤਸ਼ਾਹ ਦੀ ਨੈਂ ਵਹਾ ਦੇਵੇ।

ਹਿੰਦੂ ਵੀਰਾਂ ਤੋਂ ਅਸਾਂ ਵਿਦਿਆ ਪੜ੍ਹਨ ਪੜ੍ਹਾਉਣ ਦਾ ਚੱਜ ਤੇ ਬਿਉਪਾਰ ਆਦਿ ਸਿਖਣਾ ਹੈ ਏਹ ਠੀਕ ਹੈ ਕਿ ਓਹ ਬਹੁਤੀ ਗਿਣਤੀ ਵਿਚ ਹਨ ਤੇ ਹੋਰ ਵੀ ਸੌ ਤਰ੍ਹਾਂ ਦੀਆਂ ਓਹਨਾਂ ਨੂੰ ਸਹੂਲਤਾਂ ਹਨ, ਪਰ ਜੇ ਅਸੀਂ ਵੀ ਵਿਤ ਅਨੁਸਾਰ ਆਪਣੇ ਨਿਸ਼ਾਨੇ ਵਲ ਵਧੀਏ ਤਾਂ ਕੋਈ ਐਬ ਨਹੀਂ। ਹਿੰਦੂਆਂ ਦੇ ਪਾਸ ਇਲਮ ਦਾ ਵਡਾ ਖਜ਼ਾਨਾ ਹੈ, ਓਹ ਤੇ ਸਿਧੇ ਹੀ ਵਿਦਿਆ ਵਲ ਝੁਕ ਜਾਂਦੇ ਹਨ। ਓਹ ਜੇ ਵੇਦ, ਸ਼ਾਸਤਰ ਮਹਾਂ ਭਾਰਤ ਰਾਮਾਇਣ ਨ ਵੀ ਪੜ੍ਹਨ ਤਾਂ ਵੀ ਕਾਲੀ ਦਾਸ, ਭਾਸ਼ ਭਵਭੂਤੀ ਆਦਿ ਦੇ ਗ੍ਰੰਥ ਵੀ ਮਾਣ ਨਹੀਂ ਕਰਦੇ। ਜੇ ਧਾਰਮਿਕ ਵਿਸ਼ੇ ਵਲ ਕਿਸੇ ਦਾ ਝੁਕਾ ਨਹੀਂ ਤਾਂ ਓਹ ਸਾਹਿਤ ਵਲ ਹੋ ਤੁਰਦਾ ਹੈ, ਜੇ ਸਾਹਿਤ ਵਿਚ ਕਿਸੇ ਖਾਸ ਰਸ ਦਾ ਮਸ ਨਾ ਹੋਵੇ ਤਾਂ ਓਹ ਵਿਦਿਆਰਥੀ

ਦੀ ਕਾਫ਼ੀ ਹੱਦ ਤਕ ਪਿਆਸ ਬੁਝਾ ਸਕਦਾ ਹੈ। ਏਸ ਤੋਂ ਛੁਟ ਵੈਦਿਕ ਜੋਤਿਸ਼ ਦੇ ਵਿਸ਼ੇ ਵੀ ਖੁਲ੍ਹੇ ਹਨ। ਹੁਣ ਹਿੰਦੀ ਵਿਚ ਵੀਹਵੀਂ ਸਦੀ ਦੀਆਂ ਸਾਂਇੰਸ ਆਦਿ ਵਿਦਿਆ ਉਤੇ ਵੀ ਪੂਰਾ ਜ਼ੋਰ ਦਿਤਾ ਜਾ ਰਿਹਾ ਹੈ। ਹਿੰਦੂ, ਉਰਦੂ, ਫਾਰਸੀ ਤੇ ਅੰਗ੍ਰੇਜ਼ੀ ਵਲ ਵੀ ਪੂਰਾ ਧਿਆਨ ਦੇਂਦਾ ਹੈ। ਜਦੋਂ ਅੰਗ੍ਰੇਜ਼ ਆਏ ਤਾਂ ਹਿੰਦੂ ਨੇ ਸਭ ਤੋਂ ਪਹਿਲਾਂ ਅੰਗ੍ਰੇਜ਼ੀ ਸਿਖੀ, ਏਹ ਠੀਕ ਹੈ ਕਿ ਬਹੁਤਿਆਂ ਨੇ ਤਾਂ ਬਾਣੀਏ ਪੁਣੇ ਕਰਕੇ ਹੀ ਸਿਖੀ ਕਿ ਚਲੋ ਸਾਹਿਬ ਦੀ ਨੌਕਰੀ ਹੀ ਕਰਾਂਗੇ। ਪਰ ਕਈਆਂ ਨੂੰ ਇਲਮ ਨਾਲ ਵੀ ਪਿਆਰ ਸੀ। ਏਸੇ ਲਈ ਓਹ ਏਧਰ ਜੁਟ ਪਏ। ਨਤੀਜਾ ਏਹ ਨਿਕਲਿਆ ਕਿ ਹਿੰਦੂ ਮੁਸਲਮਾਨ ਤੋਂ ਮੋਹਰੇ ਹੋ ਗਿਆ। ਭਾਵੇਂ ਹਿੰਦੂ ਹਜ਼ਾਰ ਕੁ ਵਰ੍ਹੇ ਤੋਂ ਸਮੇਂ ਦੇ ਹਾਕਮਾਂ ਪਾਸੋਂ ਲੁਟੀਂਦਾ ਆ ਰਿਹਾ ਸੀ ਪਰ ਬ ਹਰਲਿਆਂ ਦੇਸਾਂ ਨਾਲ ਬਿਉਪਾਰ ਵਗ਼ੈਰਾ ਕਰ ਕੇ ਓਹਨਾਂ ਰਹਿ ਚੁਕੇ ਹਾਕਮਾਂ ਤੋਂ ਮਾਇਕ ਤੇ ਦਿਮਾਗ਼ੀ ਹਾਲਤ ਵਿਚ ਕਿਤੇ ਅਗੇ ਨਿਕਲ ਗਿਆ। ਏਹਦਾ ਕਾਰਨ ਹਿੰਦੂ ਦਾ ਇਲਮ-ਪਿਆਰ ਹੈ। ਮੁਸਲਮਾਨ, ਅੰਗ੍ਰੇਜ਼ੀ ਤੋਂ ਨੱਕ ਮੂੰਹ ਵੱਟਦੇ ਸਨ ਏਸੇ ਲਈ ਪਿਛੇ ਪੈ ਗਏ। ਏਹ ਘਾਟੇ ਦੀ ਗਲ ਸਭ ਤੋਂ ਪਹਿਲਾਂ ਸਰ ਸੱਯਦ ਨੇ ਲੱਭੀ। ਹਿੰਦੂ ਨੇ ਆਪਣੇ ਪੁਰਾਣੇ ਇਲਮ ਨੂੰ ਸੰਭਾਲਣ ਲਈ ਤੇ ਨਵੀਂ ਵਿਦਿਆ ਨੂੰ ਆਪਣੇ ਫਾਇਦੇ ਲਈ ਵਰਤਣ ਵਾਸਤੇ ਸ਼ਾਂਤੀ ਨਿਕੇਤਨ ਤੇ ਹਿੰਦੂ ਯੂਨੀਵਰਸਟੀ ਕਾਇਮ ਕੀਤੀ, ਏਸ ਤਰ੍ਹਾਂ ਆਪਣੀ ਵਿਦਿਆ ਦੀਆਂ ਜੜ੍ਹਾਂ ਪਤਾਲ ਵਿਚ ਲਾ ਦਿਤੀਆਂ। ਹਿੰਦੂ ਜਿਵੇਂ ਪੰਜਾਬ ਵਿਚ ਹਿੰਦੀ ਦਾ ਪ੍ਰਚਾਰ ਕਰ ਰਿਹਾ ਹੈ। ਦਸਣ ਦੀ ਲੋੜ ਨਹੀਂ। ਹਿੰਦੂ ਹਿੰਦੁਸਤਾਨੀ ਦਾ ਡੰਕਾ ਵਜਾਉਂਦਾ ਹੋਇਆ ਵੀ, ਹਿੰਦੀ ਦੇ ਵਾਧੇ ਦਾ ਚਾਹਵਾਨ ਹੈ। ਓਹ ਸਮਝਦਾ ਹੈ ਕਿ ਹਿੰਦੁਸਤਾਨੀ ਰਾਹੀਂ ਹਿੰਦੂਆਂ ਨੂੰ ਪੂਰੀ ਤਰ੍ਹਾਂ ਨਹੀਂ ਉਠਾਇਆ ਜਾ ਸਕੇਗਾ। ਏਸੇ ਲਈ ਡਾਕਟਰ ਰਾਜਿੰਦਰ ਪ੍ਰਸ਼ਾਦ ਜੀ ਨੇ ਹਿੰਦੂ ਯੂਨੀਵਰਸਟੀ ਦੀ ਸੰਨ ੪੬ ਦੀ ਕੋਨਵੋਕੇਸ਼ਨ ਸਮੇਂ ਸਭ ਤਰ੍ਹਾਂ ਦੇ ਮਜ਼ਮੂਨ ਹਿੰਦੀ ਵਿਚ ਪੜ੍ਹਾਉਣ ਤੇ ਜ਼ੋਰ ਦਿਤਾ। ਡਾਕਟਰ ਸਾਹਿਬ ਮਾਲਵੀ ਜੀ ਦੇ ਭਾਵ ਨੂੰ



Digitized by Panjab Digital Library | www.panjabdigilib.org

ਸਮਝਦੇ ਹਨ। ਇਸ ਲਈ ਓਹਨਾਂ ਕਿਹਾ ਕਿ ਪੰਡਿਤ ਮਾਲਵੀ ਜੀ ਦੀ ਰਖੀ ਨੀਂਹ ਉੱਤੇ ਹੀ ਸ਼ਾਨਦਾਰ ਇਮਾਰਤ ਬਣਾਈ ਜਾਵੇ। ਜੇ ਏਹ ਮੰਨੀਏ ਪਈ ਹਿੰਦੂ ਵੀਰ ਅਮੀਰ ਹੋਣ ਕਰਕੇ ਐਨਾ ਕੁਝ ਕਰ ਗਏ, ਤਾਂ ਅਸੀਂ ਵੀ ਰਿਆਸਤਾਂ ਦੀ ਮਦਦ ਨਾਲ ਬਥੇਰਾ ਕੁਝ ਕਰ ਸਕਦੇ ਹਾਂ। ਲੱਕ ਬੰਨ੍ਹ ਲਈਏ ਤਾਂ ਬੰਗਾਲੀਆਂ ਜਿਹਾ ਨ ਸਹੀ ਛੋਟਾ ਜਿਹਾ ਸ਼ਾਂਤੀ ਨਿਕੇਤਨ ਜ਼ਰੂਰ ਬਣਾ ਸਕਦੇ ਹਾਂ। ਓਹਨਾਂ ਬੰਗਾਲੀ ਭਾਸ਼ਾ ਨੂੰ ਬਹੁਤਾ ਮਾਨ ਦਿਤਾ ਹੈ ਤੇ ਹੋਰ ਜ਼ਬਾਨਾਂ ਨੂੰ ਵੀ ਭੁਲਾਇਆ ਨਹੀਂ। ਏਸੇ ਤਰ੍ਹਾਂ ਅਸੀਂ ਵੀ ਪੰਜਾਬੀ ਨਾਲ ਪਿਆਰ ਕਰਨਾ ਹੈ, ਆਪਣੇ ਅਨਪੜ੍ਹ ਵੀਰਾਂ ਨੂੰ ਇਸ ਰਾਹੀਂ ਸਿਆਣੇ ਬਣਾਉਣਾ ਹੈ ਤੇ ਇਲਮ ਵਧਾਉਣ ਲਈ ਹੋਰਨਾਂ ਬੋਲੀਆਂ ਤੋਂ ਵੀ ਅਨਜਾਣ ਨਹੀਂ ਰਹਿਣਾ। ਦੂਜੀਆਂ ਬੋਲੀਆਂ ਪੜ੍ਹ ਕੇ ਅਸੀਂ ਹੋਰਨਾਂ ਵੀਰਾਂ ਨੂੰ ਆਪਣਿਆਂ ਦਿਲਾਂ ਦੀਆਂ ਦਸਣੀਆਂ ਹਨ।

ਹੁਣ ਮੁਸਲਮਾਨਾਂ ਵਲ ਵੀ ਝਾਤ ਮਾਰੋ। ਮੁਸਲਮਾਨ ਵੀਰ ਪਹਿਲੀ ਨਜ਼ਰੇ ਤਾਂ ਬਹੁਤ ਕੱਟੜ ਜਾਪਦੇ ਹਨ, ਪਰ ਕਿਉਂਕਿ ਓਹਨਾਂ ਮਗਰ ਅਰਬੀ, ਫਾਰਸੀ ਦਾ ਇਲਮ ਤੇ ਅੱਧੀ ਦੁਨੀਆਂ ਉਤੇ ਰਾਜ ਕੀਤੇ ਤਜਰਬੇ ਦਾ ਰਤੀ ਮਾਸਾ ਅਸਰ ਹੈ, ਇਸ ਲਈ ਓਹ ਕਟੜ ਹੋਂਦੇ ਹੋਏ ਵੀ ਕੱਟੜ ਨਹੀਂ। ਓਹਨਾਂ ਨੂੰ ਆਪਣੇ ਬੰਦੇ ਉਤੇ ਇਤਬਾਰ ਕਰਨਾ ਆਉਂਦਾ ਹੈ ਤੇ ਪੜ੍ਹੇ ਹੋਏ ਬੰਦੇ ਤੋਂ ਕੰਮ ਲੈਣ ਦੀ ਵੀ ਜਾਚ ਹੈ। ਓਹ ਏਹ ਨਹੀਂ ਕਹਿੰਦੇ ਕਿ ਮੁਸਲਮਾਨ ਹੈ, ਆਪੇ ਮੁਸਲਮਾਨਾਂ ਲਈ ਕਰੇਗਾ, ਸਗੋਂ ਉਤਸ਼ਾਹ ਦੇ ਕੇ ਓਹਦੇ ਪਿੱਛੇ ਲਗਦੇ ਹਨ। ਮਿਸਾਲ ਵਜੋਂ ਮਿਸਟਰ ਜਿਨਾਹ ਲੈ ਲਵੋ। ਉਪਰਲੇ ਹਲਕੇ ਨੇ ਤਾਂ ਭਾਵੇਂ ਜਿਨਾਹ ਸਾਹਿਬ ਨੂੰ ਸਰਕਾਰ ਦੇ ਇਸ਼ਾਰੇ ਉੱਤੇ ਹੀ ਲੀਡਰ ਬਣਾਇਆ ਹੋਵੇ ਪਰ ਅਨਪੜ੍ਹ, ਜੋ ਸਰਕਾਰ ਦੇ ਬਰਖਿਲਾਫ ਵੀ ਹਨ, ਓਹ ਵੀ ਕਾਇਦਾ ਆਜ਼ਮ ਮੰਨਦੇ ਹਨ। ਓਹ ਸ਼ਰਾਬ ਦੀਆਂ ਪਾਬੰਦੀਆਂ ਦੇ ਭਾਰੇ ਹਾਮੀ ਹੋਂਦੇ ਹੋਏ ਵੀ, ਜਿਨਾਹ ਸਾਹਿਬ ਨੂੰ ਪੱਕਾ ਮੁਸਲਮਾਨ ਹੀ ਜਾਣਦੇ ਹਨ; ਹਾਲਾਂ ਕਿ ਜਿਨਾਹ ਸਾਹਿਬ ਸ਼ਰਾਬ ਦੀ ਕਸੌਟੀ ਉਤੇ



Digitized by Panjab Digital Library | www.panjabdigilib.org

ਕਿਸੇ ਤਰਾਂ ਵੀ ਪੂਰੇ ਨਹੀਂ ਉਤਰਦੇ। ਏਹ ਸਵਾਲ ਵਖਰਾ ਹੈ ਕਿ ਮੁਸਲਮਾਨਾਂ ਨੂੰ ਜਿਨਾਹ ਸਾਹਿਬ ਠੀਕ ਲੀਡ ਨਹੀਂ ਦੇ ਰਹੇ। ਵੇਖਣਾ ਤਾਂ ਏਹ ਹੈ ਕਿ ਮੁਸਲਿਮ ਜਨਤਾ ਕੱਟੜਤਾ ਨੂੰ ਛੱਡ ਕੇ, ਕਿਸ ਤਰ੍ਹਾਂ ਸ਼ਰਾਬ ਤੋਂ ਘੁਥੇ ਭਰਾ ਨੂੰ ਵੀ ਲੀਡਰ ਮੰਨ ਰਹੀ ਹੈ। ਏਹ ਗੱਲ ਸਾਡੇ ਵਿਚ ਨਹੀਂ। ਸਿਖ ਆਗੂ ਜੇ ਕਿਤੇ ਅਸੂਲ ਦੀ ਕਾਰੋਂ ਜ਼ਰਾ ਵੀ ਬਾਹਰ ਹੋ ਜਾਵੇ ਤਾਂ ਸਾਰੀ ਉਮਰ ਲਈ ਬਦਨਾਮ ਹੋ ਜਾਂਦਾ ਹੈ, ਅਸੀਂ ਆਪ ਕਮਜ਼ੋਰੀਆਂ ਦਾ ਸ਼ਿਕਾਰ ਹੁੰਦੇ ਹੋਏ ਵੀ ਓਹਦੀ ਸੁਣੀ ਸੁਣਾਈ ਕਮਜ਼ੋਰੀ ਵਲ ਉਂਗਲਾਂ ਕਰਦੇ ਹਾਂ। ਓਹਦੇ ਇਲਮ, ਸੇਵਾ ਤੇ ਸਿਆਣਪ ਦੀ ਕਦਰ ਨ ਕਰਦੇ ਹੋਏ ਆਪਣੀ ਕੌਮੀ ਉੱਨਤੀ ਦੇ ਪੈਰੀਂ ਕੁਹਾੜਾ ਮਾਰਦੇ ਬਹਿੰਦੇ ਹਾਂ।

ਈਸਾਈ ਵੀਰਾਂ ਤੋਂ ਅਸੀਂ ਨਾ ਹੀ ਪ੍ਰਚਾਰ ਦਾ ਤਰੀਕਾ ਸਿਖਿਆ ਤੇ ਨਾ ਹੀ ਆਪਣੇ ਨੀਵੇਂ ਭਰਾਵਾਂ ਦੀ ਕਦਰ ਕਰਨ ਦੀ ਜਾਚ ਸਿੱਖੀ। ਅਸੀਂ ਕਿੰਨਾ ਹੀ ਚਿਰ ਆਪ ਅਖੌਤੀ ਅਛੂਤਾਂ ਭਰਾਵਾਂ ਨੂੰ ਪਰ੍ਹਾਂ ਧੱਕੀ ਰਖਿਆ। ਜਦੋਂ ਓਹ ਈਸਾਈ ਹੋ ਕੇ ਗੁਰਦੁਵਾਰਿਆਂ ਵਿਚ ਆਏ, ਤੇ ਅਸੀਂ ਓਹਨਾਂ ਦੇ ਨਵੇਂ ਰੂਪ ਦੀ ਇੱਜ਼ਤ ਕਰਨ ਲਈ ਮਜਬੂਰ ਹੋਏ, ਤਦ ਕਿਤੇ ਜਾ ਕੇ ਸਾਡੀਆਂ ਅੱਖਾਂ ਖੁਲ੍ਹੀਆਂ। ਅਸੀਂ ਕਮਯੂਨਿਸਟ ਆਦਿ ਲਹਿਰਾਂ ਦੇ ਗੁਣ ਵੀ ਲੈਣੇ ਹਨ। ਏਹ ਤਹਿਰੀਕਾਂ ਗ਼ਰੀਬਾਂ ਦੀ ਹਮਾਇਤ ਕਰਦੀਆਂ ਹਨ ਤੇ ਗੁਰਸਿੱਖੀ ਦਾ ਅਸੂਲ ਵੀ ਏਹੋ ਹੈ ਕਿ ਗ਼ਰੀਬ ਕਾ ਮੂੰਹ ਗੁਰ ਕੀ ਗੋਲਕ ਹੈ। ਸੋ ਜੇ ਗਰੀਬਾਂ ਦਾ ਢਿਡ ਭਰਨ ਲਈ ਕੋਈ ਚੰਗੀ ਵਿਉਂਤ ਨਿਕਲ ਆਵੇ ਤਾਂ ਸਾਨੂੰ ਹੋਰ ਕੀ ਚਾਹੀਦਾ ਹੈ।

---

# ਸਿੱਖ ਤੇ ਚਿੱਤ੍ਰਕਲਾ

ਗੁਰੂ ਸਾਹਿਬਾਨ ਦਾ ਚਿਤ੍ਰਕਾਰੀ ਨਾਲ ਪਿਆਰ ਦਸ ਚੁਕਾ ਹਾਂ। ਹੁਣ ਮੈਂ ਕਲਗੀਧਰ ਜੀ ਤੋਂ ਮਗਰਲਾ ਸਮਾਂ ਲੈਂਦਾ ਹਾਂ। ਬਾਬਾ ਬੰਦਾ ਜੀ ਪੰਜਾਬ ਵਿਚ ਆਏ, ਬੀਰ-ਰਸ ਤੇ ਰਾਜ-ਨੀਤੀ, ਚੜ੍ਹਦੀਆਂ ਕਲਾਂ ਵਿਚ ਗਈਆਂ। ਖਾਲਸੇ ਦੇ ਜੋਸ਼ ਨੇ ਸਰਹਿੰਦ ਦੀਆਂ ਹਵੇਲੀਆਂ ਨੂੰ ਸਣੇ ਮੁਗ਼ਲਈ ਮੋਹਰਾਕਸ਼ੀ ਦੇ ਆਹਲਾ ਨਮੂਨਿਆਂ ਦੇ, ਨਾਸ਼ ਕੀਤਾ। ਅੱਜ ਵੀ ਸਰਹਿੰਦ ਦੇ ਖੰਡਰਾਂ ਵਿਚ ਕਲਾ ਲੁਕੀ ਹੋਈ ਲਭਦੀ ਹੈ। ਓਸ ਵੇਲੇ ਸਿੰਘ ਗੁਰੂ ਸਾਹਿਬਾਂ ਦੇ ਚਿਤ੍ਰ ਨਹੀਂ ਬਣਵਾ ਸਕੇ ਸਨ। ਫੇਰ ਮੁਗਲਾਂ ਦੀਆਂ ਹਵੇਲੀਆਂ ਵਿਚ ਆਰਟ ਨੂੰ ਕਿਸ ਤਰ੍ਹਾਂ ਰਖਦੇ? ਸਿੰਘ ਸਾਹਿਬ ਬਾਬਾ ਬੰਦਾ ਸਿੰਘ ਬਹਾਦਰ ਨੇ ਕੁਝ ਪਰਗਣਿਆਂ ਤੇ ਰਾਜ ਵੀ ਕੀਤਾ। ਸੀਸ ਤੇ ਕਲਗੀ ਜਿਗਾ ਵੀ ਲਾਈ। ਸ਼ਹਿਨਸ਼ਾਹੀ ਠਾਠ ਵੀ ਹੋਇਆ। ਜ਼ਮਾਨਾ ਉਲਦ ਪਲਦ ਦਾ ਸੀ। ਹੁਨਰ ਵਲ ਖਿਆਲ ਨਾ ਗਿਆ। ਇਸੇ ਕਰ ਕੇ ਖਾਲਸੇ ਦੇ ਮਹਾਂ ਜਰਨੈਲ ਬਾਬਾ ਬੰਦਾ ਸਿੰਘ ਦੀ ਅਸਲੀ ਤਸਵੀਰ ਹੀ ਮਿਲਣੀ ਮੁਸ਼ਕਲ ਹੋਈ ਹੋਈ ਹੈ।

ਰਾਜ-ਰੌਲੇ ਕਰ ਕੇ ਮੁਸੱਵਰ ਛਪ ਖਲੋਤੇ। ਮਿਸਲਾਂ ਦਾ ਮੁਢਲਾ ਸਮਾਂ ਵੀ ਏਸੇ ਤਰ੍ਹਾਂ ਬੀਤ ਗਿਆ। ਮਿਸਲਾਂ ਦੇ ਭਰ ਜੋਬਨ ਵੇਲੇ ਮਿਸਲਦਾਰਾਂ ਨੂੰ ਹੁਨਰ ਦਾ ਸ਼ੌਕ ਪਿਆ। ਪਰ ਏਸ ਵੇਲੇ ਦਾ ਸਾਨੂੰ ਨਾਮੀ ਚਿਤ੍ਰਕਾਰ ਕੋਈ ਨਹੀਂ ਦਿਸਦਾ। ਏਸ ਵਕਤ ਦੀਆਂ ਮੂਰਤਾਂ ਮੁਗਲ ਕਲਮ ਦੇ ਅਸਰ ਥੱਲੇ ਸਨ। ਕੁਝ ਚਿਰ ਪਿਛੋਂ ਪਹਾੜੀ ਜਾਂ ਕਾਂਗੜਾ ਕਲਮ ਦਾ ਰੰਗ ਚੜ੍ਹਿਆ। ਪਰ ਵਧੀਆ ਹੁਨਰ ਵੇਖਣ ਵਿਚ

ਨਹੀਂ ਆਇਆ। ਸ਼ਾਇਦ ਏਨ੍ਹੀਂ ਦਿਨੀਂ ਹੀ ਜਨਮ ਸਾਖੀਆਂ ਚਿਤਰੀਨ ਦੀ ਪਿਰਤ ਪੈ ਗਈ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਆਉਣ ਨਾਲ ਹੋਰ ਹੁਨਰਾਂ ਦੇ ਨਾਲ ਮੁਸੱਵਰੀ ਵੀ ਚਮਕੀ। ਲਾਹੌਰ ਦੇ ਕਿਲੇ ਵਿਚ ਤੇ ਖ਼ਾਸ ਕਰ ਕੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ, ਮੋਹਰਾ-ਕਸ਼ੀ, ਟੁਕੜੀ ਤੇ ਗਚ ਦਾ ਹੁਨਰ ਵਾਹਵਾ ਚਮਕਿਆ। ਮੋਹਰਾ-ਕਸ਼ੀ ਦਾ ਨਾਮੀ ਉਸਤਾਦ ਭਾਈ ਕੇਹਰ ਸਿੰਘ ਹੋਇਆ। ਸਿਖ ਸਰਦਾਰਾਂ ਦੀਆਂ ਹਵੇਲੀਆਂ ਹੁਨਰ ਦੀਆਂ ਖਾਨਾਂ ਬਣ ਗਈਆਂ। ਟੁਕੜੀ ਤੇ ਮੋਹਰਾ-ਕਸ਼ੀ ਤੋਂ ਛੁਟ, ਛੋਟੀਆਂ ਛੋਟੀਆਂ ਫੱਟੀਆਂ ਉਤੇ ਰੋਗਨ ਨਾਲ ਵੇਲਾਂ ਬੂਟੇ ਵਾਹ ਕੇ, ਗਜ਼ਬ ਦੀਆਂ ਗਿਰਾਹ ਨਾਲ ਛੱਤਾਂ ਸਜਾਈਆਂ ਜਾਂਦੀਆਂ। ਵੱਡਿਆਂ ਵੱਡਿਆਂ ਸ਼ੀਸ਼ਿਆਂ ਉਤੇ ਜੜਤ-ਕਾਰੀ ਕੀਤੀ ਜਾਂਦੀ, ਏਨ੍ਹਾਂ ਨੂੰ ਕੰਧਾਂ ਵਿਚ ਲਾਇਆ ਜਾਂਦਾ ਸੀ। ਸ਼ੀਸ਼ੇ ਦੇ ਇਕ ਪਾਸੇ ਕੰਧ ਪੋਲੀ ਹੋਂਦੀ ਤੇ ਓਹਦੇ ਵਿਚੋਂ ਲੋਹੇ ਦੇ ਪਤਰੇ ਦਾ ਪੜਦਾ ਹੋਂਦਾ ਸੀ, ਜਿਹੜਾ ਵੇਲੇ-ਕੁਵੇਲੇ ਸ਼ੀਸ਼ੇ ਦੇ ਦਰਸ਼ਨ ਕਰਾਉਂਦਾ ਤੇ ਲੁਕਾਉਂਦਾ ਸੀ। ਪੜਦੇ ਉਤੇ ਰੋਗਨੀ ਚਿਤ੍ਰਕਾਰੀ ਹੋਂਦੀ ਸੀ।

ਇਸ ਤੋਂ ਛੁਟ, ਕਾਰੀਗਰਾਂ ਅਬਰਕ, ਹਾਥੀ ਦੰਦ ਤੇ ਅਨੋਖੀ ਕਿਸਮ ਦੇ ਪੱਥਰਾਂ ਉਤੇ ਵੀ ਤਸਵੀਰਾਂ ਖਿਚੀਆਂ। ਤਾਂਬੇ ਟੀਨ ਆਦਿ ਦੇ ਪਤਰੇ ਦੀਆਂ ਪੱਖੀਆਂ ਆਦਿ ਆਮ ਵਰਤੋਂ ਵਾਲੀਆਂ ਚੀਜ਼ਾਂ ਉਤੇ ਸੋਹਣੀ ਚਿਤ੍ਰਕਾਰੀ ਕੀਤੀ। ਇਸ ਸਮੇਂ ਜਿੰਨਾ ਚਿੱਤ੍ਰਕਾਰੀ ਦਾ ਪਰਚਾਰ ਪੰਜਾਬ ਵਿਚ ਹੋਇਆ, ਓਨਾ ਸ਼ਾਇਦ ਸ਼ਹਿਨਸ਼ਾਹ ਜਹਾਂਗੀਰ ਦੇ ਵਕਤ ਵਿਚ ਵੀ ਏਥੇ ਨਾ ਹੋਇਆ ਹੋਵੇ।

ਪੰਜਾਬ ਦੀ ਰਾਜਨੀਤੀ ਦੇ ਮਹਾਂ ਵਿਦਵਾਨ ਮਹਾਰਾਜਾ ਰਣਜੀਤ ਸਿੰਘ ਨੇ, ਯੂਰਪੀ ਮੁਸੱਵਰਾਂ ਤੋਂ ਵੀ ਆਪਣੇ ਘਰਾਣੇ ਦੀਆਂ ਤਸਵੀਰਾਂ ਬਣਵਾਈਆਂ, ਜਿਸ ਦਾ ਸਦਕਾ ਪੰਜਾਬੀ ਮੁਸੱਵਰਾਂ ਨੂੰ ਨ[illegible] ਹੁਨਰ ਹੁਲਾਰਾ ਮਿਲਿਆ।

ਮਹਾਰਾਜਾ ਸ਼ੇਰ ਸਿੰਘ ਦੇ ਦਰਬਾਰੀ ਮੁਸੱਵਰ ਭ[illegible]ਾਨ ਸਿੰਘ ਸਨ, ਜਿਨ੍ਹਾਂ ਸਿਖ ਸਕੂਲਾਂ ਦੀ ਨੀਂਹ ਧਰੀ। ਰਾਜ[illegible] ਤੋਂ

ਆਪ ਕਪੂਰਥਲੇ ਚਲੇ ਗਏ। ਸਿਖ ਰਿਆਸਤਾਂ ਨੇ ਵੀ ਓਦੋਂ ਚਿੱਤ੍ਰਕਾਰੀ ਦਾ ਮਾਨ ਕੀਤਾ।

ਸਰਦਾਰਾਂ ਦੀ ਈਰਖਾ ਤੇ ਘਟੀਅਲ ਰਾਜਨੀਤੀ ਵਗੈਰਾ ਨੇ ਪੰਜਾਬੀਆਂ ਦਾ ਰਾਜ ਗੁਲ ਕੀਤਾ। ਸਿਖ ਸਰਦਾਰ ਜਾਗੀਰਾਂ ਤੇ ਮੈਜਿਸਟ੍ਰੇਟੀਆਂ ਮਗਰ ਗਹਿਕਦੇ ਫਿਰੇ। ਆਪਣੇ ਆਪ ਨੂੰ ਭੁਲ ਗਏ। ਖਾਣ ਪੀਣ ਵਿਚ ਹੀ ਜੀਵਨ ਗਵਾਉਣਾ ਪਸੰਦ ਕੀਤਾ। ਬਜ਼ੁਰਗਾਂ, ਦੀਆਂ ਪੋਥੀਆਂ ਖਿਲਤੀਆਂ ਵਿਚ ਪਾ ਦਿਤੀਆਂ। ਕਈ ਆਹਲਾ ਤਸਵੀਰਾਂ ਖ਼ੁਰਦ-ਬੁਰਦ ਕੀਤੀਆਂ ਤੇ ਕੁਝ ਕੰਧਾਂ ਨਾਲ ਟੰਗੀਆਂ ਸਿਉਂਕ ਦੇ ਕੰਮ ਆਈਆਂ।

ਇਕ ਪਾਸੇ ਚਿਤ੍ਰਕਲਾ ਦਾ ਇਹ ਹਾਲ ਸੀ। ਦੂਜੇ ਪਾਸੇ ਅੰਮ੍ਰਿਤਸਰ ਵਿਚ ਭਾਈ ਬਿਸ਼ਨ ਸਿੰਘ ਦਰਬਾਰ ਸਾਹਿਬ ਅੰਦਰ ਮੋਹਰਾ-ਕਸ਼ੀ ਕਰ ਰਹੇ ਸਨ ਤੇ ਹਿੰਦ ਦੇ ਮਹਾਂ ਚਿਤ੍ਰਕਾਰ ਭਾਈ ਕਪੂਰ ਸਿੰਘ ਸਿਖ ਸਕੂਲ ਦੀ ਅਮਿਟਵੀਂ ਇਮਾਰਤ ਬਣਾ ਰਹੇ ਸਨ। ਕਪੂਰ ਸਿੰਘ ਜੀ ਦਾ ਆਮ ਪ੍ਰਚਾਰ ਨਾ ਹੋਇਆ, ਕਿਉਂਕਿ ਏਹਨਾਂ ਨੂੰ ਕੋਈ ਠੁਕ ਦਾ ਸਰਦਾਰ ਨਾ ਲੱਭਾ। ਰਿਆਸਤ ਕਪੂਰਥਲੇ ਵਲੋਂ ਮਾਮੂਲੀ ਰੋਜ਼ੀਨਾ ਮਿਲਦਾ ਸੀ। ਏਹਨਾਂ ਦੇ ਹੁਨਰ ਨੂੰ ਰਿਆਸਤ ਨੇ ਬਾਹਰ ਨਾ ਪੁਚਾਇਆ। ਸਮੇਂ ਨੇ ਚਿੱਤ੍ਰਕਾਰੀ ਤੇ ਚਿੱਤ੍ਰਕਾਰ ਦਾ ਪ੍ਰਚਾਰ ਨਾ ਹੋਣ ਦਿਤਾ। ਸਿਖ ਸਰਦਾਰ ਸੁਖ-ਰਹਿਣੇ ਬਣ ਗਏ ਸਨ। ਵਿਚਲਾ ਤਬਕਾ ਰਾਜ ਖੁਸਣ ਨਾਲ ਸਹਿਮ ਕੇ ਦੱਬ ਗਿਆ ਸੀ। ਨੌਜਵਾਨਾਂ ਨੂੰ ਅੰਗ੍ਰੇਜ਼ੀ ਰਾਜ ਦੀਆਂ ਬਰਕਤਾਂ-ਨਹਿਰਾਂ ਤੇ ਰੇਲਾਂ ਦੇ ਸੋਹਲੇ ਗਾਉਣ ਵਲ ਲਾਇਆ ਗਿਆ। ਅੰਤ ਵੀਹਵੀਂ ਸਦੀ ਦੇ ਸ਼ੁਰੂ ਵਿਚ ਭਾਈ ਕਪੂਰ ਸਿੰਘ ਚੜ੍ਹਾਈ ਕਰ ਗਏ ਤੇ ਨਾਲ ਹੀ ਸਿਖ ਮੁਸੱਵਰੀ ਅੱਖੀਆਂ ਮੀਟ ਗਈ।

ਸੰਨ ੧੯੨੧ ਵਿਚ ਅਕਾਲੀ ਲਹਿਰ ਚੱਲੀ। ਇਸ ਨੇ ਗੁਰਦਵਾਰਿਆਂ ਵਿਚੋਂ ਕਈ ਸੋਹਣੀਆਂ ਤਸਵੀਰਾਂ ਨੂੰ ਰੋੜ੍ਹ ਘੱਤਿਆ। ਅੰਮ੍ਰਿਤਸਰ ਗੁਰੂ ਕੇ ਬਾਗ ਵਿਚ ਇਕ ਥੜ੍ਹਾ ਸੀ। ਓਹਦੇ ਪਾਸਿਆਂ ਤੇ, ਸੱਤ ਸੱਤ ਅੱਠ ਅੱਠ ਸੋਹਣੀਆਂ ਸੋਹਣੀਆਂ ਵੱਡੀਆਂ ਤਸਵੀਰਾਂ



Digitized by Panjab Digital Library | www.panjabdigilib.org

ਸਨ । ਏਹ ਪੰਥ ਦੇ ਸ਼ਹੀਦਾਂ, ਗੁਣੀਆਂ ਤੇ ਗਿਆਨੀਆਂ ਦੀਆਂ ਬਣਾਈਆਂ ਗਈਆਂ ਸਨ । ਜੋਸ਼ ਵਿਚ ਆਈਆਂ ਅਕਾਲੀ ਫੌਜਾਂ ਨੇ ਬਿਨਾ ਫੋਟੋ ਲਾਹੇ, ਥੜ੍ਹੇ ਨੂੰ ਪੱਧਰਾ ਕਰ ਸੁਟਿਆ ।

ਸਿੰਘ ਸਭਾ ਤੋਂ ਪਹਿਲਾਂ ਸਿੱਖਾਂ ਵਿਚ ਤਸਵੀਰ-ਪ੍ਰਸਤੀ ਸ਼ੁਰੂ ਹੋ ਗਈ ਸੀ। ਗੁਲਾਮ ਸਿਖ ਜਨਤਾ ਥਿੜਕ ਚੁੱਕੀ ਸੀ। ਇਲਮ ਤੇ ਬਿਉਪਾਰ ਵੀ ਚੰਗਾ ਨਹੀਂ ਸੀ ਲਗਦਾ। ਜੀਉਣ ਦੀ ਇੱਛਾ ਜ਼ਰੂਰ ਸੀ। ਆਮ ਸਿੱਖਾਂ ਨੇ ਸੁਖੀ ਰਹਿਣ ਲਈ ਮੂਰਤਾਂ ਅਗੇ ਜੋਦੜੀਆਂ ਕਰਨੀਆਂ ਸ਼ੁਰੂ ਕੀਤੀਆਂ। ਭਾਈ ਦਿੱਤ ਸਿੰਘ ਜਿਹੇ ਸਿਆਣੇ ਆਗੂਆਂ ਨੇ ਗੁਰਬਾਣੀ ਵਿਚੋਂ ਪ੍ਰਮਾਣ ਦੇ ਦੇ ਕੇ ਮੂਰਤੀ ਪੂਜਾ ਨੂੰ ਹਟਾਇਆ, ਪਰ ਮੂਰਤ-ਹੁਨਰ-ਪਿਆਰ ਨੂੰ ਨਾ ਠੁਕਰਾਇਆ । ਅਕਾਲੀ ਲਹਿਰ ਸਮੇਂ ਅਕਲਮੰਦ ਲੋਕ ਫੜੇ ਗਏ । ਆਪ-ਹੁਦਰੇ ਜੱਥਿਆਂ ਨੇ ਮੂਰਤ ਪੂਜਾ ਦੇ ਨਾਲ ਮੂਰਤ-ਹੁਨਰ ਦੀ ਜੜ੍ਹ ਵਢ ਦਿਤੀ। ਗੱਲ ਕੀ ਜਿਥੇ ਗੁਰਦਵਾਰਾ ਲਹਿਰ ਨੇ ਕਈ ਉੱਚੇ ਕੰਮ ਕੀਤੇ, ਉਥੇ ਏਹ ਨ ਭੁਲਾਉਣ ਵਾਲਾ ਨਕਾਰਾ ਕੰਮ ਵੀ ਕਰ ਮਾਰਿਆ ।

ਹੁਣ ਜ਼ਰਾ ਸਾਡੇ ਪੜ੍ਹੇ ਭਰਾਵਾਂ ਦੀ ਵੀ ਸੁਣੋ। ਆਪਣੇ ਦੇਸ਼ ਦੀ ਚਿੱਤ੍ਰਕਾਰੀ ਦੇ ਹਾਲ ਦਾ ਤਾਂ ਉੱਕਾ ਨਹੀਂ ਜਾਣਦੇ। ਚਿੱਤ੍ਰਕਲਾ ਦਾ ਵੀ ਮੱਸ ਨਹੀਂ ਦਿਸਦਾ। ਹਾਂ, ਕਿਸੇ ਕਿਸੇ ਸੱਜਣ ਨੇ ਯੂਰਪੀ ਸਟਾਇਲ ਦੀ ਕਈ ਛਪੀ ਹੋਈ ਤਸਵੀਰ ਜ਼ਰੂਰ ਲਟਕਾਈ ਹੋਈ ਹੈ। ਦਸਤੀ ਤਸਵੀਰਾਂ ਤਾਂ ਉਕਾ ਹੀ ਅਲੋਪ ਹੋ ਗਈਆਂ ਹਨ। ਚਿਤ੍ਰਕਲਾ ਵਲੋਂ ਸਾਡੀ ਅਨਗਹਿਲੀ ਏਥੋਂ ਤਕ ਵਧ ਗਈ ਹੈ ਕਿ ਭਾਈ ਕਾਹਨ ਸਿੰਘ ਜਿਹਾ ਮਹਾਂ ਵਿਦਵਾਨ ਤੇ ਵੱਡਾ ਰਸੀਆ ਮਹਾਨ ਕੋਸ਼ ਵਿਚ ਚਿਤ੍ਰਕਾਰੀ ਦੇ ਨੋਟ ਨਹੀਂ ਦੇ ਸਕਿਆ। ਭਾਈ ਸਾਹਿਬ ਨੇ ਏਨੀ ਚੁਪ ਸਾਧੀ ਕਿ ਕਪੂਰ ਸਿੰਘ ਨਵਾਬ ਦਾ ਹਾਲ ਦਿਤਾ, ਪਰ ਕਪੂਰ ਸਿੰਘ ਚਿਤ੍ਰਕਾਰ ਦਾ ਆਪ ਨੂੰ ਪਤਾ ਹੀ ਨਹੀਂ ।

ਸਿੱਖਾਂ ਵਿਚ ਚਿਤ੍ਰਕਾਰੀ ਦਾ ਘਾਟਾ ਹੋਣ ਕਰ ਕੇ ਏਹਨਾਂ ਤੋਂ ਅਨੋਖੀ ਦਇਆ ਤੇ ਕੋਮਲਤਾ ਲਾਂਭੇ ਹੋ ਰਹੀ ਜਾਪਦੀ ਹੈ। ਹੁਨਰ-



Digitized by Panjab Digital Library | www.panjabdigilib.org

ਪਿਆਰ ਨ ਹੋਣ ਕਰ ਕੇ ਸਾਡੇ ਵਿਚ ਕਈ ਸਭਿਤਾ ਦੇ ਘਾਟੇ ਆਉਣ ਦਾ ਖ਼ਤਰਾ ਹੈ, ਪਰ ਹੁਣ ਵਾਹਿਗੁਰੂ ਦੀ ਮਿਹਰ ਹੈ ਕਿ ਸਾਡੇ ਵਿਚ ਸਰਦਾਰ ਸੋਭਾ ਸਿੰਘ ਤੇ ਠਾਕਰ ਸਿੰਘ ਆ ਗਏ ਹਨ, ਜਿਹੜੇ ਜ਼ਮਾਨੇ ਦੇ ਨਾਲ ਚਲਦੇ ਹੋਏ ਚਿਤ੍ਰਕਾਰੀ ਦੀ ਧਰਮਸਾਲਾ ਵਿਚ ਸ਼ਰਧਾ ਦੇ ਫੁਲ ਚੜ੍ਹਾ ਰਹੇ ਹਨ। ਸਾਡੇ ਵਿਚ ਜਿਹੜੀ ਰੌ ਕੁਝ ਸਾਲਾਂ ਤੋਂ ਚਲ ਰਹੀ ਹੈ, ਜੇ ਏਹ ਵੀਹ ਪੰਝੀ ਸਾਲ ਰਹੀ, ਤਾਂ ਆਸ ਹੈ ਕਿ ਸਿਖ ਚਿਤ੍ਰਕਾਰ ਗੁਰਬਾਣੀ ਦੇ ਭਾਵਾਂ ਨੂੰ ਨਵੇਂ ਰੰਗ ਨਾਲ ਰੰਗਣਗੇ ਤੇ ਇਉਂ ਆਪਣੀ ਸਭਿਤਾ ਤੇ ਚਿਤ੍ਰਕਾਰੀ ਦੇ ਸੰਗਮ ਉਤੇ ਇਕ ਮਹਾਂ ਪ੍ਰਯਾਗ ਵਸਾਉਣਗੇ।

———



Digitized by Panjab Digital Library | www.panjabdigilib.org

# ਸਰਦਾਰ ਠਾਕਰ ਸਿੰਘ ਆਰਟਿਸਟ

ਸਿੱਖਾਂ ਦਾ ਰਾਜ ਤਾਂ ਚਲਾ ਗਿਆ, ਪਰ ਏਹਨਾਂ ਦੇ ਹੁਨਰ-ਪਿਆਰ ਵਿਚ ਫਰਕ ਨ ਪਿਆ । ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਮੋਹਰਾ ਕਸ਼ੀ ਹੋਂਦੀ ਰਹੀ। ਭਾਈ ਕਿਸ਼ਨ ਸਿੰਘ ਦੇ ਘਰਾਣੇ ਨੇ ਚਿਤ੍ਰਕਾਰੀ ਨਾਲ ਪਿਆਰ ਪਾਈ ਰੱਖਿਆ। ਮੁਸੱਵਰੀ, ਹੀਰ ਵਾਂਗ ਏਸ ਤਖ਼ਤ ਹਜ਼ਾਰੇ ਦੇ ਰਾਂਝਣ-ਕਪੂਰ ਸਿੰਘ ਦੀ ਹੋ ਗਈ। ਹੋਰਨਾਂ ਸੂਬਿਆਂ ਵਿਚ ਆਰਟ ਸਕੂਲਾਂ ਨੇ ਮੁਸੱਵਰ ਬਣਾਏ, ਪਰ ਭਾਈ ਕਪੂਰ ਸਿੰਘ ਨੇ ਲਾਹੌਰ ਦੇ ਆਰਟ ਸਕੂਲ ਨੂੰ ਕਲਮੀ ਮਦਦ ਨਾਲ ਚਮਕਾਇਆ।

ਅਜ ਤੋਂ ਪੈਂਤੀ ਸਾਲ ਪਹਿਲਾਂ, ਵੇਰਕੇ ਦਾ ਇਕ ਬਾਲਕ ਦਰਬਾਰ ਸਾਹਿਬ ਆਉਂਦਾ ਤੇ ਮੋਹਰਾ ਕਸ਼ੀ ਦੇਖ ਕੇ ਦੰਗ ਰਹਿ ਜਾਂਦਾ। ਕਈ ਘਰਾਣਿਆਂ ਵਿਚੋਂ ਭਾਈ ਕਪੂਰ ਸਿੰਘ ਦੀਆਂ ਤਸਵੀਰਾਂ ਵੇਖਣ ਦਾ ਸਮਾਂ ਵੀ ਮਿਲਦਾ। ਏਹ ਤਸਵੀਰਾਂ ਅਸਲੀਅਤ ਦੇ ਲਾਗੇ ਹੋਂਦੀਆਂ ਸਨ। ਏਹਨਾਂ ਵਿਚ ਕਸਬੇ, (ਤਰਖਾਣੇ ਲੁਹਾਰੇ ਕੰਮ) ਨੂੰ ਚਿਤ੍ਰਕਾਰੀ ਵਿਚ ਹੁਣੇ ਹੁਣੇ ਥਾਂ ਮਿਲੀ ਸੀ। ਬਾਲਕ ਜੋ ਪਿੰਡ ਵਿਚ ਵੇਖਦਾ, ਓਸ ਤੋਂ ਜ਼ਿਆਦਾ ਫੱਬਿਆ ਹੋਇਆ ਕੰਮ, ਤਸਵੀਰਾਂ ਵਿਚ ਵੇਖਦਾ ਰਹਿੰਦਾ। ਹੌਲੇ ਹੌਲੇ ਪਿੰਡ ਦਾ ਲੁਹਾਰ, ਤਰਖਾਣ ਤੇ ਦਰਜ਼ੀ ਵਗੈਰਾ ਭੁਲ ਗਏ ਤੇ ਹੁਨਰੀ ਕਾਰੀਗਰ ਦਿਲ ਨੂੰ ਭਾਉਣ ਲਗ ਪਏ। ਹੁਣ ਏਸ ਗਭਰੂ ਉਤੇ ਓਹ ਗੱਲ ਘਟੀ:—

"ਪਿਊ ਦਾਦੇ ਦਾ ਖੋਲ ਡਿਠਾ ਖਜਾਨਾ ॥
ਤਾ ਮੇਰੈ ਮਨ ਭਇਆ ਨਿਧਾਨਾ ॥"

ਮੁੰਡੇ ਦੇ ਦਿਮਾਗ਼ ਵਿਚ ਮੂਰਤਾਂ ਭੌਣ ਲੱਗੀਆਂ ਤੇ ਏਹਨਾਂ ਨੇ

ਓਹਨੂੰ ਨਿਚੱਲਾ ਨਾ ਬਹਿਣ ਦਿਤਾ।

ਮੱਸ ਭਿੰਨੇ ਨੇ, ਹੁਨਰ ਸਿਖਣ ਲਈ ਦੋ ਤਿੰਨ ਉਸਤਾਦ ਬਣਾਏ ਤੇ ਛੱਡੇ। ਗਭਰੂ ਦਾ ਦਿਮਾਗੀ ਜੁੱਸਾ, ਸੂਝ, ਜਵਾਨੀ ਨਾਲ ਦਿਨੋ ਦਿਨ ਵਧਦਾ ਜਾਂਦਾ ਸੀ। ਓਸ ਉਤੇ ਉਸਤਾਦਾਂ ਦੀਆਂ ਸਿਖਿਆਂ ਦੇ ਕਪੜੇ ਤੰਗ ਹੋ ਹੋ ਜਾਂਦੇ ਤੇ ਓਹ ਪਰ੍ਹਾਂ ਲਾਹ ਲਾਹ ਮਾਰਦਾ। ਅਖ਼ੀਰ; ਲਗਨ ਤੇ ਹਿੰਮਤ ਵਾਲੇ ਦੀ ਫ਼ਤਹਿ ਹਈ। ਮੀਆਂ ਮੁਹੰਮਦ ਆਲਿਮ ਅੱਗੇ ਜਾ ਗੋਡਾ ਟੇਕਿਆ। ਮੀਆਂ ਸਾਹਿਬ ਨੇ ਹੋਣਹਾਰ ਬੂਟੇ ਦੇ ਚਿਕਨੇ ਚਿਕਨੇ ਪੱਤ ਵੇਖੇ। ਦਾਨੇ ਮਾਲੀ ਵਾਂਗ ਪਿਆਰਿਆ, ਸਵਾਰਿਆ, ਤੇ ਪੰਜਾਬ ਕੀ, ਹਿੰਦੁਸਤਾਨ ਨੂੰ ਹੁਨਰ ਦਾ ਇਕ ਸੁੰਦਰ ਬ੍ਰਿਛ ਬਣਾ ਕੇ ਦੇ ਗਏ।

ਸਰਦਾਰ ਠਾਕਰ ਸਿੰਘ ਨੇ ਮਜ਼ਦੂਰ ਵਾਂਗ ਮਿਹਨਤ ਕਰ ਕੇ ਹੁਨਰ ਸਿਖਿਆ। ਕੰਮ ਦੀ ਭਾਲ ਵਿਚ ਘਰੋਂ ਤੁਰੇ। ਥੀਏਟ੍ਰੀਕਲ ਕੰਪਨੀ ਨਾਲ ਗੱਲ ਬਣ ਗਈ, ਉਸਤਾਦ ਦੇ ਨਾਲ ਹੀ ਕੰਮ ਕਰਨ ਲਗ ਪਏ। ਕੰਪਨੀ ਦਾ ਸਿਰ ਸਦਕਾ, ਆਪ ਨੇ ਭਾਰਤ ਦੇ ਸਾਰੇ ਵੱਡੇ ਸ਼ਹਿਰ ਵੇਖੇ। ਇਤਿਹਾਸਕ ਥਾਵਾਂ ਨੇ ਦਿਲ ਵਿਚ ਥਾਂ ਕੀਤੀ। ਹੱਥਾਂ ਨੇ ਹੁਨਰੀ ਜੌਹਰ ਵਿਖਾਣੇ ਸ਼ੁਰੂ ਕੀਤੇ। ਨੁਮਾਇਸ਼ ਵਿਚ ਆਪ ਦਾ ਨਾਮਣਾ ਹੋਇਆ। ਰਾਜਿਆਂ ਮਹਾਰਾਜਿਆਂ ਨੇ ਹੁਨਰ ਦੀ ਖ਼ੂਬ ਕਦਰ ਕੀਤੀ ਤੇ ਏਸ ਚਿਤ੍ਰਕਾਰ ਨੂੰ ਅਪਣਾ ਲਿਆ। ਦੂਜਿਆਂ ਲਫ਼ਜ਼ਾਂ ਵਿਚ ਆਪ ਸ਼ਾਹੀ-ਮੁਸੱਵਰ ਬਣ ਗਏ।

ਆਪ ਦੇ ਹੁਨਰ ਦਾ ਇਕ ਗੁਣ ਹੈ, ਹਿੰਦੂ ਮੁਸਲਿਮ ਅਸਥਾਨਾਂ ਨੂੰ, ਵਿਤਕਰੇ ਤੋਂ ਬਿਨਾਂ ਖਿਚਣਾ। ਇੰਜ ਆਪ ਨੇ ਹਿੰਦੂ-ਮੁਸਲਿਮ ਏਕਤਾ ਦੇ ਮੰਦਰ ਦੀ ਅਨ ਭੁਲਾਵੀਂ ਸੇਵਾ ਕੀਤੀ ਹੈ।

"ਅਵਲ ਅਲਾਹ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ" ਪੜ੍ਹਨ ਵਾਲੇ ਬੰਦੇ ਨੇ, ਸਿੱਖੀ ਦੀ ਪੰਜ ਰਖੀ।

ਆਪ ਨੇ ਦੇਸ ਦੇ ਖੰਡਰ ਤੋਂ ਲੈ ਕੇ, ਤਾਜ ਮਹਲ ਤੇ ਹਰਿਮੰਦਰ ਤਕ ਦੇ, ਦਰਸ਼ਨ ਕਰਾਏ ਹਨ; ਇਉਂ ਡੂੰਘੇ ਵਤਨ-ਪਿਆਰ ਦਾ ਸਬੂਤ ਦਿੱਤਾ ਹੈ। ਹੁਨਰ-ਗੜੁੱਚਾ ਦੇਸ-ਪਿਆਰ, ਦੂਸਰਿਆਂ ਦੇਸਾਂ ਨਾਲ ਵੈਰ



Digitized by Panjab Digital Library | www.panjabdigilib.org

ਵਿਰੋਧ ਨਹੀਂ ਕਰਨ ਦੇਂਦਾ।

ਇਤਿਹਾਸਕ ਨਜ਼ਾਰਿਆਂ ਤੋਂ ਛੁੱਟ, ਆਪ ਕੁਦਰਤੀ ਨਜ਼ਾਰਿਆਂ ਦੇ ਮਾਹਿਰ ਵੀ ਹਨ। ਇਉਂ ਲਗਦਾ ਹੈ ਪਈ ਮੋਹਰਾ ਕਸ਼ੀ ਦੇ ਫੁਲ ਬੂਟਿਆਂ ਨੇ, ਆਪ ਦੇ ਦਿਮਾਗ਼ ਵਿਚ ਕੁਦਰਤ-ਪਿਆਰ ਭਰ ਦਿੱਤਾ ਹੈ। ਆਪ ਨੂੰ ਸੀਨਰੀ ਦਾ ਬਹੁਤ ਤਜਰਬਾ ਹੈ। ਨਿੱਕੀ ਸੀਨਰੀ ਅੱਧੇ ਕੁ ਘੰਟੇ ਵਿਚ ਕਾਫ਼ੀ ਸੋਹਣੀ ਬਣਾ ਦੇਂਦੇ ਹਨ। ਲੈਂਡ ਸਕੇਪ ਦੇ ਆਪ ਖ਼ਾਸ ਉਸਤਾਦ ਹਨ। ਮਿਸਟਰ ਜੇ. ਪੀ. ਗੰਗੋਲੀ ਚੀਜ਼ਾਂ ਦੇ ਇਕਠ ਤੋਂ ਅਸਰ ਪੈਦਾ ਕਰਦੇ ਹਨ, ਚੁਗਿਰਦੇ ਦਾ ਖਾਸ ਖ਼ਿਆਲ ਰਖਦੇ ਹਨ। ਜੇ ਇਕ ਚੀਜ਼ ਨੂੰ ਅਡ ਕਰ ਦੇਈਏ ਤਾਂ ਤਸਵੀਰ ਮੱਧਮ ਪਈ ਲਗਦੀ ਹੈ, ਪਰ ਸਰਦਾਰ ਜੀ ਹਰ ਸ਼ੈ ਦੀ ਪੂਰੀ ਜਾਣਕਾਰੀ ਕਰਾਉਂਦੇ ਹਨ। ਹਰ ਚੀਜ਼, ਆਪਣੇ ਆਪ ਵਿਚ ਇਕ ਪੂਰੀ ਮੂਰਤ ਬਣੀ ਹੋਂਦੀ ਹੈ। ਜਿਸ ਤਰ੍ਹਾਂ ਫੁਲ ਵਖਰਾ ਵੀ ਸੋਹਣਾ ਲਗਦਾ ਹੈ, ਪਰ ਗੁਲਦਸਤੇ ਵਿਚ ਵੀ ਅਜਬ ਬਹਾਰ ਦੇਂਦਾ ਹੈ। ਮਿਸਾਲ ਵਜੋਂ, ਚੁਪਾਟੀ ਦੀ ਤਸਵੀਰ ਲੈ ਲਵੋ। ਸੂਰਜ ਬਦਲੀਆਂ ਵਿਚੋਂ ਝਾਤ ਪਾਂਦਾ ਵਖਰਾ ਵੀ ਸੋਹਣਾ ਲਗਦਾ ਹੈ ਤੇ ਸਮੁੰਦਰ ਵਿਚ ਘੁਲਿਆ ਮਿਲਿਆ ਹੋਇਆ ਵੀ ਨਜ਼ਾਰੇ ਨੂੰ ਚਾਰ ਚੰਨ ਲਾ ਰਿਹਾ ਹੈ। ਕੁਦਰਤੀ ਨਜ਼ਾਰਿਆਂ ਵਿਚ ਸੁਝਾਊ-ਹੁਨਰ ਕਾਫ਼ੀ ਹੋਂਦਾ ਹੈ। ਆਪ ਨੇ ਹੁਣੇ ਹੀ ਇਕ ਤਸਵੀਰ ਕਲਕੱਤੇ ਦੀ ਨੁਮਾਇਸ਼ ਵਿਚ ਘੱਲੀ ਸੀ। ਇਕ ਸੰਘਣਾ ਦਰੱਖ਼ਤ ਹੈ ਤੇ ਛਾਂ ਉਹਦੇ ਪੈਰਾਂ ਵਿਚ ਹੈ। ਘਰਕਦੀਆਂ ਹੋਈਆਂ ਗਊਆਂ ਬੈਠੀਆਂ ਤੇ ਖਲੋਤੀਆਂ ਹੋਈਆਂ ਹਨ। ਅਸਮਾਨ ਰੋਸ਼ਨੀ ਨਾਲ ਭਰਪੂਰ ਚਿਟ-ਨੀਲਾ ਹੈ, ਸੂਰਜ ਨਹੀਂ ਦਿਸਦਾ। ਅਜੀਬ ਤ੍ਰੀਕੇ ਨਾਲ ਕੜਕਦੀ ਦੁਪਹਿਰ ਦਿਖਾਈ ਹੈ। ਕਾਲੀਦਾਸ ਨੇ ਤਾਂ ਸੋਚ-ਉਡਾਰੀ ਨਾਲ ਹੌਂਕਦੇ ਮੋਰਾਂ ਦੇ ਖੰਭਾਂ ਹੇਠ ਧੁੱਪੋਂ ਬਿਹਬਲ ਹੋਏ ਸੱਪ ਬਹਾ ਕੇ, ਜੇਠ ਦਾ ਸੂਰਜ ਚੜ੍ਹਾਇਆ ਸੀ, ਪਰ ਸਰਦਾਰ ਸਾਹਿਬ ਨੇ ਅਸਲੀਅਤ ਦੇ ਨੇੜੇ ਰਹਿ ਕੇ ਗਰਮੀ ਦਾ ਸੀਨ ਦਿਖਾਇਆ ਹੈ।

ਲੈਂਡ ਸਕੇਪ ਦੇ ਮਗਰੋਂ ਆਪ ਨੇ ਪੋਰਟਰੇਟ (ਮਨੁਖੀ ਮੂਰਤ)



Digitized by Panjab Digital Library | www.panjabdigilib.org

ਵਿਚ ਕਾਫ਼ੀ ਹੁਨਰ ਦਿਖਾਇਆ ਹੈ। ਰਾਜਿਆਂ ਮਹਾਰਾਜਿਆਂ ਦੀਆਂ ਤਸਵੀਰਾਂ ਬਣਾਈਆਂ, ਜੋ ਭਾਰਤ ਦੇ ਕਈ ਰਾਜ-ਮਹਿਲਾਂ ਵਿਚ ਸਾਂਭੀਆਂ ਗਈਆਂ ਹਨ। ਜੇ ਆਪ ਨੇ ਵੇਖਣੀਆਂ ਹੋਣ, ਤਾਂ ਮਹਾਰਾਜਾ ਰਣਜੀਤ ਸਿੰਘ ਦੀ ਅੱਧ-ਕੱਦੀ ਤਸਵੀਰ ਸਮਾਧ ਵਿਚ, ਸਰਦਾਰ ਸੁੰਦਰ ਸਿੰਘ ਮਜੀਠਾ ਦੀ ਪੂਰ-ਕੱਦੀ ਤਸਵੀਰ ਖ਼ਾਲਸਾ ਕਾਲਜ ਤੇ ਸਰ ਸਕੰਦਰ ਹਯਾਤ ਖ਼ਾਂ ਦੀ ਤਸਵੀਰ ਟਾਊਨ ਹਾਲ ਅੰਮ੍ਰਿਤਸਰ ਜਾਂ ਹੋਰ ਆਪ ਦੀ ਚਿਤ੍ਰਸ਼ਾਲਾ ਵਿਚ ਦੇਖ ਸਕਦੇ ਹੋ।

ਸਰਦਾਰ ਹੋਰੀ ਨਾਈਫ਼-ਵਰਕ (ਚਾਕੂ ਨਾਲ ਰੰਗ ਲਾਉਣਾ) ਵੀ ਕਰਦੇ ਹਨ। ਮੂਰਲ ਪੇਂਟਿੰਗ (Mural Painting) ਵਲੈਤੀ ਮੋਹਰਾ ਕਸ਼ੀ ਵੀ ਕੀਤੀ ਹੈ, ਜਿਸ ਦੀ ਉਦੇ ਪੁਰ ਦੇ ਮਹਿਲ ਗਵਾਹੀ ਦੇ ਰਹੇ ਹਨ।

ਠਾਕਰ ਸਿੰਘ ਜੀ ਨੇ ਕਪੂਰ ਸਿੰਘ ਸਕੂਲ ਨੂੰ ਵੇਲੇ ਦੇ ਮੁਤਾਬਿਕ ਕਾਇਮ ਰਖਿਆ ਹੈ। ਏਹਨਾਂ ਦਾ ਬੁਰਸ਼ ਅਸਲੀਅਤ ਦੇ ਨੇੜੇ ਹੈ। ਗ਼ੀਬ ਤੇ ਅਮੀਰ ਦੇ ਚਿਹਰੇ ਵਿਚੋਂ ਓਹਦਾ ਦਿਲ ਦਿਸਦਾ ਹੈ। ਕਾਂਗੜਾ ਸਕੂਲ ਵਾਂਗ ਸਿਖ ਸਕੂਲ ਨੇ, ਭਵਾਂ ਤਿੱਖੀਆਂ ਨੈਣ ਹਰਨੋਟਿਆਂ ਵਾਂਗ, ਨਕ ਤੇਜ਼, ਅਗੋਂ ਜ਼ਰਾ ਮੁੜਿਆ ਹੋਇਆ, ਠੋਡੀ ਗੋਲ, ਥਲਿਓਂ ਹਵਾ ਮਾਤਰ ਉੱਚੀ ਤੇ ਕੱਦ ਮੁਟਿਆਰ ਦਾ ਲੰਮਾ ਛਮਕ ਵਾਂਗ ਬਣਾਉਣਾ, ਛਡ ਦਿਤਾ ਸੀ। ਏਹ ਕੁਦਰਤ ਦੇ ਨੇੜੇ ਨਹੀਂ ਸੀ। ਰਾਣੀ ਗੋਲੀ ਦਿਖਾਉਣੀ ਹੋਂਦੀ ਤਾਂ ਗਹਿਣੇ ਪਾ ਕੇ ਫ਼ਰਕ ਦਿਖਾਉਂਦੇ ਸਨ। ਮੁਹਾਂਦਰੇ ਇਕੋ ਜਿਹੇ ਹੋਣ ਨਾਲ, ਕਦੇ ਕਦੇ ਕਾਂਗੜਾ ਸਕੂਲ ਚਿਹਰੇ ਤੇ ਭਾਵ ਦੇ ਕੇ ਵੀ, ਰਾਣੀ ਤੇ ਗੋਲੀ ਨੂੰ ਨਿਖੇੜਦਾ ਸੀ। ਚਿਹਰੇ ਤੇ ਭਾਵ ਲਿਆਉਣਾ ਹੁਨਰ ਹੈ। ਪਰ ਦਾਸੀ ਤੇ ਸਰਦਾਰਨੀ ਦੇ ਨਿਖੇੜੇ ਦਾ ਹੁਨਰ, ਸਿਖ ਸਕੂਲ ਨੇ 'ਭਠ ਪਵੇ ਸੋਨਾ ਜਿਹੜਾ ਕੰਨਾਂ ਨੂੰ ਖਾਏ' ਕਹਿ ਕੇ ਛੱਡ ਦਿੱਤਾ। ਠਾਕਰ ਸਿੰਘ ਜੀ ਨੇ ਚਿਹਰੇ ਤੇ ਭਾਵ ਦਿਖਾਏ, ਉਤੇ ਚਿਹਰੇ ਗਿਣੇ ਮਿਣੇ ਸੋਹਣੇ ਦਿਖਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਕਿੰਨੀ ਸੋਹਣੀ ਇਸਤ੍ਰੀ ਹੋਵੇ, ਰਤਾ ਕੁ ਕੋਝੀ ਜ਼ਰੂਰ ਹੋਵੇਗੀ। ਏਹੋ ਗੱਲ ਏਹਨਾਂ ਦੀ ਤਸਵੀਰ ਦੀ ਹੈ। ਜੋ ਤਕਦੇ ਹਨ, ਓਹੋ



Digitized by Panjab Digital Library | www.panjabdigilib.org

ਬਣਾਉਂਦੇ ਹਨ। ਹੁਨਰ ਨਾਂ ਹੈ, ਅਸਲ ਦੀ ਨਕਲ ਦਾ। ਕੋੜ੍ਹ ਕਿਰਲੀ ਵੇਖੀਏ ਤਾਂ ਸਾਡਾ ਦਿਲ ਮਿਚਕਦਾ ਹੈ, ਪਰ ਮੁਸੱਵਰ ਦੀ ਕੋੜ੍ਹ ਕਿਰਲੀ ਵੇਖ ਕੇ ਅਸੀਂ ਖਾਣਾ ਖਾ ਸਕਦੇ ਹਾਂ। ਇਨਸਾਨ ਦੀ ਤਬੀਅਤ ਨਕਲ ਪਸੰਦ ਹੈ। ਸਾਨੂੰ ਓਹੋ ਐਕਟਰ ਸੋਹਣਾ ਲਗਦਾ ਹੈ, ਜਿਹੜਾ ਹੂ-ਬਹੂ ਸਾਂਗ ਧਾਰੇ। ਏਸੇ ਤਰ੍ਹਾਂ ਸਾਡੇ ਚਿਤਰਕਾਰ ਨੇ ਹੁਨਰ ਮੁਤਾਬਿਕ ਕਈ ਚਿਹਰੇ ਸੋਹਣੇ ਬਣਾਏ ਹਨ।

ਸਰਦਾਰ ਸਾਹਿਬ ਦਾ ਹੁਨਰ, ਅਸਲੀਅਤ ਦਾ ਨਕਸ਼ਾ ਹੈ। ਏਸੇ ਲਈ ਕੁਦਰਤੀ ਨਜ਼ਾਰੇ ਇਨ ਬਿਨ ਮੁਸੱਵਰੇ ਗਏ ਹਨ। ਕਈਆਂ ਸਜਣਾਂ ਨੂੰ ਯੂਰਪੀ ਰੰਗਤ ਦਾ ਝਲਕਾਰਾ ਦਿਸਦਾ ਹੈ, ਕਿਤੇ ਕਿਤੇ ਸਥਾਨਕ ਰੰਗਤ ਘੱਟ ਹੋਣ ਕਰਕੇ ਵੀ, ਸ਼ਕ ਪੈਂਦਾ ਹੈ। ਦਰਿਆਵਾਂ ਦੇ ਕੰਢਿਆਂ ਤੋਂ ਖ਼ਾਸ ਹਿੰਦੁਸਤਾਨੀ ਰੰਗਤ ਮਿਲਦੀ ਹੈ। 'ਚੁਪਾਟੀ' ਯੂਰਪੀ ਨਜ਼ਾਰੇ ਦੀ ਨਕਲ ਨਹੀਂ। ਏਹ ਠੀਕ ਹੈ, ਆਪ ਨੇ ਗਿੜਦਾ ਖੂਹ, ਝੂਮਦਾ ਕਮਾਦ, ਅਲਗੋਜ਼ਾ ਵਜਾਉਂਦਾ ਅਯਾਲੀ ਨਹੀਂ ਬਣਾਇਆ, ਪਰ ਦਰਖ਼ਤ ਹੁਨਰ ਨਾਲ ਫਬਣ ਵਾਲੇ ਜਾਂ ਚੁਗਿਰਦੇ ਵਿਚ ਸਜਣ ਵਾਲੇ ਬਣਾਏ,ਪਰਪਿਪਲਾਂ ਤੇ ਬੋਹੜਾਂ ਦਾ ਮਾਨ ਘੱਟ ਹੀ ਕੀਤਾ ਹੈ। ਆਪ ਨੇ ਹਿੰਦੁਸਤਾਨੀ ਗਹਿਣਿਆਂ ਤੇ ਹਰ ਸੂਬੇ ਪੁਸ਼ਾਕ ਨੂੰ ਚਿਤਰਿਆ, ਹਰ ਸੂਬੇ ਦੇ ਹੁਸਨ ਨੂੰ ਵਿਖਾਇਆ ਹੈ, ਜ਼ਿਸ ਦਾ ਸਦਕਾ, ਆਪ ਹਿੰਦੁਸਤਾਨੀ ਆਰਟਿਸਟ ਕਹਾਉਣ ਦਾ ਪੂਰਾ ਹੱਕ ਰਖਦੇ ਹਨ।

ਜਿਵੇਂ ਕਵਿਤਾ ਦੇ ਪ੍ਰਾਣ ਅਰਥ ਹੋਂਦੇ ਹਨ, ਤਿਵੇਂ ਚਿਤ੍ਰਕਾਰੀ ਦੀ ਜਿੰਦ ਰੰਗਾਂ ਵਿਚ ਹੋਂਦੀ ਹੈ। ਰੰਗਾਂ ਦੇ ਮੇਲ ਦਾ ਹੁਨਰ ਸਾਡੇ ਚਿਤ੍ਰਕਾਰ ਨੂੰ ਖ਼ੂਬ ਆਉਂਦਾ ਹੈ। ਆਪ ਨੇ ਉਜੜੇ ਮਾਰਤੰਡ ਦੇ ਮੰਦਰ, ਐਲੀਫੈਂਟਾ ਗੁਫਾ ਦੇ ਭੱਜੇ ਤੇ ਭੁਰੇ ਹੋਏ ਬੁੱਤ, ਭੂਪਾਲ ਵਿਚ ਥੇਹ ਹੋਇਆ ਸ਼ੰਕਰਾਚਾਰੀਆ ਦਾ ਮੰਦਰ,ਗਜ਼ਬ ਦੇ ਮਟਿਆਲੇ ਰੰਗਾਂ ਨਾਲ ਬਣਾਏ ਹਨ। ਰੰਗਾਂ ਨਾਲ, ਕਰੁਣਾ-ਰਸ ਦਾ ਖ਼ੂਬ ਜਾਮਾ ਪਵਾਇਆ ਹੈ। ਰੰਗਾਂ ਵਿਚੋਂ ਇਕ ਲਿਸ਼ਕ, ਨੈਣਾਂ ਵਿਚ ਆਉਂਦੀ ਤੇ ਹੰਝੂ ਬਣ ਕੇ ਡਲ੍ਹਕਦੀ ਹੈ। ਰੰਗਾਂ ਕਰਕੇ ਹੀ, ਚਿਹਰਿਆਂ ਉਤੇ ਭਾਵ ਪੂਰੀ ਉਸਤਾਦੀ ਨਾਲ ਆਏ ਹਨ।



Digitized by Panjab Digital Library | www.panjabdigilib.org

ਰੰਗਾਂ ਕਰਕੇ ਹੀ ਭਿੱਜਿਆਂ ਤਨਾਂ ਤੇ ਕਿਤੇ ਕਿਤੇ ਧੋਤੀਆਂ ਚਮੜੀਆਂ ਬਹਾਰ ਦੇ ਗਈਆਂ ਹਨ। ਰੰਗਾਂ ਦੇ ਕੋਮਲ ਮੇਲ ਨੇ ਚਿੱਤ ਨੂੰ ਨਰਮ ਕਰ ਦਿੱਤਾ ਹੈ। ਚਿੱਤ੍ਰਕਾਰੀ ਵੀ ਸੈਆਂ ਇਖ਼ਲਾਕੀ ਕਿਤਾਬਾਂ ਤੋਂ ਵਧ ਕੰਮ ਕਰ ਜਾਂਦੀ ਹੈ। ਆਪ ਦੇ ਸੁਭਾ ਵਿਚ ਅਗਲੇ ਦੀ ਆਉ-ਭਗਤ ਦਾ ਰੰਗ, ਰੰਗਾਂ ਨੇ ਭਰਿਆ ਹੈ। ਜ਼ਬਾਨ ਵਿਚ ਮਿਠਾਸ ਪਾਈ ਹੈ। ਜਿਸ ਤਰ੍ਹਾਂ ਚਿਤ੍ਰਕਾਰੀ ਵਿਚ ਦਿਲ ਨੂੰ ਚਿਹਰੇ ਤੇ ਲਿਆ ਬਹਾਈਦਾ ਹੈ, ਕੋਈ ਲੁਕਾ ਛਿਪਾ ਨਹੀਂ ਕਰੀਦਾ, ਤਿਵੇਂ ਠਾਕਰ ਸਿੰਘ ਹੋਰੀਂ ਹਰ ਬੰਦੇ ਦੇ ਸਾਮ੍ਹਣੇ ਓਹਲਾ ਪੜਦਾ ਕੀਤੇ ਬਿਨਾਂ, ਰੰਗਾਂ ਨੂੰ ਇਕ ਦੂਜੇ ਨਾਲ ਮੇਲ ਕੇ ਲਾਈ ਜਾਂਦੇ ਹਨ। ਏਹ ਗੁਣ ਰੰਗਾਂ ਦੇ ਮੇਲ ਨੇ ਹੀ ਦਿੱਤਾ ਹੈ, ਜੋ ਪ੍ਰੋਫੈਸਰੀ ਤੇ ਪੀ. ਐਚ ਡੀ ਦੀ ਡਿਗਰੀ ਨਾਲ ਵੀ ਨਸੀਬ ਨਹੀਂ ਹੋ ਦਾ।

ਰੰਗਾਂ ਦਾ ਸਿਰ ਸਦਕਾ, ਟੈਗੋਰ ਜਿਹਾ ਸ਼ਾਇਰ ਤੇ ਰਸੀਆ, ਰੰਗੀਨ ਡੂੰਘਾਈਆਂ ਦੇਖ ਕੇ ਝੂੰਮਦਾ ਰਿਹਾ। ਰੰਗਾਂ ਕਰ ਕੇ ਇਰਵਨ ਜਿਹਾ ਸਿਆਸੀ ਇਨਸਾਨ, ਰਸ ਮਾਣਦਾ ਰਿਹਾ। ਰੰਗਾਂ ਨੇ ਹੀ ਰਿਸ਼ੀ ਤੇ ਮਹਾਂ ਚਿਤ੍ਰਕਾਰ ਪ੍ਰੋਫੈਸਰ ਨਿਕਲਸ ਰੋਰਿਕ ਨੂੰ ਬੁੱਤ ਬਣਾਇਆ। ਰੰਗਾਂ ਨੇ ਹੀ ਮਹਾਂ ਪਾਰਖੂ ਡਾਕਟਰ ਜੇਮਜ਼ ਐਨਜ਼ਨ ਨੂੰ ਸਰਦਾਰ ਸਾਹਿਬ ਦੀ ਤਾਰੀਫ਼ ਕਰਨ ਲਈ, ਮਜਬੂਰ ਕੀਤਾ। ਰੰਗਾਂ ਦੀ ਬਦੌਲਤ ਸਾਦੀ ਬੁੱਧੀਵਾਲਾ ਇਨਸਾਨ ਵੀ, ਆਪ ਦੇ ਹੁਨਰ ਦਾ ਆਸ਼ਕ ਹੈ। ਏਹਨਾਂ ਦੀ ਮੁਸੱਵਰੀ ਮੀਆਂ ਵ੍ਰਾਰਸ ਦੀ ਹੀਰ ਵਾਂਗ ਹਰ-ਮਨ-ਪਿਆਰੀ ਤੇ ਸਭ ਨੂੰ ਅਪੀਲ ਕਰਦੀ ਹੈ।

———

# ਸਾਡੇ ਸ਼ਹੀਦ ਗੰਜ

ਸ਼ਹੀਦ ਗੰਜ, ਕਿਸੇ ਪੂਜਨੀਕ ਸ਼ਹੀਦ ਦੀ ਯਾਦ ਦਾ ਨਿਸ਼ਾਨ ਹੋਂਦਾ ਹੈ। ਸ਼ਹੀਦ ਦੇ ਫੁਲ, ਭਸਮ ਜਾਂ ਕੋਈ ਹੋਰ ਅਜਿਹੀ ਹੀ ਸ਼ੈ ਰਖ ਕੇ, ਇਮਾਰਤ ਬਣਾਈ ਜਾਂਦੀ ਹੈ, ਆਮ ਤੌਰ ਤੇ ਏਹ ਇਮਾਰਤ ਗੁੰਬਦ ਦਾਰ ਹੋਂਦੀ ਹੈ, ਜਿਸ ਅੰਦਰ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਖੰਡਾ, ਕ੍ਰਿਪਾਨ ਤੇ ਕੁਝ ਚੱਕ੍ਰ ਆਦਿ ਵੀ ਰੱਖੇ ਹੋਏ ਹੋਂਦੇ ਹਨ। ਕਦੇ ਕਦਾਈਂ ਸੰਗਤਾਂ ਕੁਣਕਾ (ਕੜਾਹ ਪ੍ਰਸ਼ਾਦ) ਚਾੜ੍ਹਦੀਆਂ ਹਨ ਜੋ ਵੰਡਿਆ ਜਾਂਦਾ ਹੈ। ਓਥੋਂ ਦੇ ਸੇਵਾਦਾਰ (ਭਾਈ) ਨੂੰ ਕੜਾਹ ਪ੍ਰਸ਼ਾਦ ਵਰਤਾਉਣਾ, ਝਾੜੂ ਦੇਣਾ, ਅਸਵਾਰਾ ਸਾਹਿਬ ਸੰਤੋਖਣਾ ਤੇ ਪ੍ਰਕਾਸ਼ ਕਰਨਾ ਹੀ ਆਉਂਦਾ ਹੋਂਦਾ ਹੈ ਜਾਂ ਵਧ ਤੋਂ ਵਧ ਸ਼ਹੀਦ ਦਾ ਨਾਂ ਦੱਸ ਸਕਦਾ ਹੈ। ਕਈ ਚੰਗੇ ਸ਼ਹੀਦ ਗੰਜਾਂ ਦੇ ਭਾਈ ਵੀ ਨਿਰੇ ਆਲੇ ਭੋਲੇ ਹੀ ਹੁੰਦੇ ਹਨ। ਓਹਨਾਂ ਨੂੰ ਕੋਈ ਥਹੁ ਨਹੀਂ ਹੋਂਦਾ ਕਿ ਸ਼ਹੀਦ ਕੌਣ ਸੀ ਕਿਸ ਨੇ ਕੀਤਾ, ਕਿਸ ਗੱਲ ਕਰ ਕੇ ਸ਼ਹੀਦ ਹੋਇਆ ਤੇ ਸ਼ਹੀਦ ਦੇ ਇਲਾਕੇ ਵਿਚ ਸ਼ਹਾਦਤ ਮਗਰੋਂ ਕੀ ਅਸਰ ਹੋਇਆ।

ਵਡਿਆਂ ਸ਼ਹੀਦ ਗੰਜਾਂ ਵਿਚ ਲਾਗਲੇ ਇਲਾਕੇ ਦੀਆਂ ਸੰਗਤਾਂ ਨੂੰ ਆਮ ਕਰਕੇ ਤੇ ਗੁਰਦਵਾਰਾ ਕਮੇਟੀਆਂ ਨੂੰ ਖਾਸ ਕਰਕੇ ਚਾਹੀਦਾ ਹੈ ਕਿ ਸ਼ਹੀਦ ਗੰਜਾਂ ਦੀ ਰੌਣਕ ਵਧਾਉਣ। ਅਸਲੀ ਰੌਣਕ, ਜ਼ਾਹਿਰਦਾਰੀ ਨਹੀਂ। ਅਸਲੀ ਰੌਣਕ ਤਾਂ ਹੋ ਸਕਦੀ ਹੈ, ਜੇ ਸ਼ਹੀਦ ਦੀ ਸ਼ਹਾਦਤ ਦਾ ਸਰਸਰੀ ਹਾਲ ਇਮਾਰਤ ਦੇ ਮੋਹਰਲੇ ਬੂਹੇ ਉੱਤੇ ਲਿਖਿਆ ਜਾਏ। ਏਸ ਤੋਂ ਬਿਨਾਂ ਕਿਸੇ ਚੰਗੇ ਸਿਆਣੇ ਤੋਂ, ਚਵਰਕੀਏ ਪੈਮਫਲੈਟ ਵਿਚ ਵੀ ਹਾਲ ਲਿਖਾਇਆ ਹੋਇਆ ਹੋਵੇ, ਜੋ ਭਾਈ ਹਰ ਇਕ ਨੂੰ ਪੜ੍ਹ ਕੇ ਸੁਣਾਏ ਤੇ ਕਿਸੇ ਖਾਹਿਸ਼ਮੰਦ



Digitized by Panjab Digital Library | www.panjabdigilib.org

ਦੇ ਵੀ ਦਿਆ ਕਰੇ। ਸ਼ਹੀਦ ਦੇ ਸੰਬੰਧ ਵਿਚ ਜਿਥੇ ਜਿਥੇ ਇਤਿਹਾਸ ਵਿਚ ਜ਼ਿਕਰ ਆਇਆ ਹੋਵੇ, ਓਹਨਾਂ ਥਾਵਾਂ ਤੇ ਨਿਸ਼ਾਨੀਆਂ ਰਖੀਆਂ ਹੋਣ, ਤਾਂ ਜੋ ਚਾਹਵਾਨ ਯਾਤਰੀ ਦੇ ਸਭ ਕੁਝ ਪਿੜ ਪੱਲੇ ਪੈ ਸਕੇ। ਸ਼ਹੀਦ ਗੰਜ ਵਿਚ ਤੌਫੀਕ ਮੁਤਾਬਿਕ ਸਾਕੇ ਦੀਆਂ ਤਸਵੀਰਾਂ ਬਣਵਾ ਕੇ ਲਟਕਾਈਆਂ ਜਾਣ ਜਾਂ ਕੰਧਾਂ ਉਤੇ ਖਿੱਚਵਾਈਆਂ ਜਾਣ। ਤਸਵੀਰਾਂ ਅਨਪੜ੍ਹਾਂ ਨੂੰ ਲੈਕਚਰਾਰਾਂ ਦਾ ਕੰਮ ਦੇ ਸਕਦੀਆਂ ਹਨ। ਤਸਵੀਰਾਂ ਤੋਂ ਸਾਡਾ ਮਨੋਰਥ ਪ੍ਰਚਾਰ ਹੋਣਾ ਚਾਹੀਦਾ ਹੈ, ਤਸਵੀਰ ਪੂਜਾ ਨਹੀਂ। ਮੂਰਤਾਂ ਬਾਲਾਂ ਉਤੇ ਕਾਫੀ ਅਸਰ ਪਾਂਦੀਆਂ ਹਨ। ਤੀਵੀਆਂ ਉਤੇ ਵੀ ਮੂਰਤ ਦਾ ਜਾਦੂ ਚੰਗਾ ਚੱਲ ਜਾਂਦਾ ਹੈ। ਜੇ ਚੰਗ ਹੁਨਰ ਨਾਲ ਸਜੀਆਂ ਹਈਆਂ ਹੋਣ, ਤਾਂ ਪੜ੍ਹੇ ਹੋਏ ਵੀ ਕਾਫੀ ਫਾਇਦਾ ਉਠਾ ਸਕਦੇ ਹਨ। ਤਸਵੀਰਾਂ ਰਾਹੀਂ ਸਾਡਾ ਮਇਆ ਟਇਆ ਆਰਟ, ਮੁੜ ਸੁਰਜੀਤ ਹੋ ਸਕਦਾ ਹੈ। ਜੇ ਮੂਰਤ ਪੂਜਾ ਹੋਣ ਹੀ ਲਗ ਪਵੇ, ਤਾਂ ਭਾਈ ਹੱਥ ਬੰਨ੍ਹ ਕੇ ਰੋਕੇ, ਨਿਮ੍ਰਤਾ ਤੋਂ ਕੰਮ ਲਵੇ, ਪ੍ਰੇਮ ਨਾਲ ਸਮਝ ਵੇ।

ਸੰਗ੍ਰਾਂਦ ਦੀ ਸੰਗ੍ਰਾਂਦ ਜਾਂ ਮੱਸਿਆ ਦੀ ਮੱਸਿਆ ਜਾਂ ਜਦੋਂ ਮਹੀਨੇ ਬਾਅਦਇਲਾਕਾ ਜੁੜ ਸਕਦਾ ਹੋਵੇ, ਓਦੋਂ ਸ਼ਹੀਦ ਦੀ ਸ਼ਹਾਦਤ ਉਤੇ ਵਾਰਾਂ ਪੜ੍ਹਾਈਆਂ ਜਾਣ ਤੇ ਜੇ ਹੋ ਸਕੇ ਤਾਂ ਕਵੀਆਂ ਤੋਂ ਨਵੀਆਂ ਚੀਜ਼ਾਂ ਲਿਖਵਾਈਆਂ ਜਾਣ, ਤਾਂ ਹੋਰ ਵੀ ਚੰਗਾ ਹੈ। ਜਦੋਂ ਸ਼ਹੀਦ ਦਾ ਵਰ੍ਹੇ ਪਿਛੋਂ ਦਿਨ ਆਵੇ, ਓਦੋਂ ਢਾਡੀਆਂ ਅਤੇ ਕਵੀਆਂ ਨੂੰ ਸਦਿਆ ਜਾਏ। ਇਕ ਦੋ ਚੰਗੇ ਲੈਕਚਰਾਰਾਂ ਤੋਂ ਵੀ ਦੋ ਚਾਰ ਲੈਕਚਰ ਕਰਵਾਉਣੇ ਚਾਹੀਦੇ ਹਨ। ਲੈਕਚਰਾਰ ਸ੍ਰੋਤਿਆਂ ਦੀ ਸਮਝ ਮੁਤਾਬਿਕ ਸ਼ਹੀਦ ਦੀ ਜੀਵਨੀ ਦੇ ਹਰ ਪਹਿਲੂ ਉੱਤੇ ਚਾਨਣਾ ਪਾਉਣ।

ਚਾਰ ਛਾਬੜੀਆਂ ਤੇ ਚਾਰ ਖਡੌਣਿਆਂ ਦੀਆਂ ਹੱਟੀਆਂ ਵੀ ਲਗਣ ਤੇ ਲੋਕਾਂ ਦੇ ਲੜ ਬੰਨ੍ਹ ਕੇ ਲੈ ਜਾਣ ਵਾਲੀ ਸ਼ੈ ਵਲ ਵੀ ਧਿਆਨ ਦਿਤਾ ਜਾਵੇ। ਸ਼ਹੀਦ ਗੰਜ ਬਨਾਉਣ ਦਾ ਤਾਂ ਹੀ ਫਾਇਦਾ ਹੈ, ਜੇ ਅਸੀਂ ਵੀ ਓਸ ਤੋਂ ਕੋਈ ਜੀਵਨ ਵਾਲੀ ਗੱਲ ਸਿੱਖੀਏ। ਜੇ ਸ਼ਹੀਦ ਨੂੰ ਸ਼ਸਤਰ ਪਿਆਰੇ ਸਨ, ਤਾਂ ਦੁਸਹਿਰੇ ਉੱਤੇ ਜਿਸ ਤਰ੍ਹਾਂ ਤੀਰ ਕਮਾਨ

ਤੇ ਤਲਵਾਰਾਂ, ਬਾਲਾਂ ਲਈ ਵਿਕਦੀਆਂ ਹਨ, ਓਸੇ ਤਰ੍ਹਾਂ ਦਾ ਸ਼ਹੀਦ ਦਾ ਪਿਆਰਾ ਸ਼ਸਤਰ ਬਣਾ ਕੇ ਸਾਨੂੰ ਵੇਚਣਾ ਚਾਹੀਦਾ ਹੈ। ਬਾਲਾਂ ਤੇ ਏਸ ਤਰ੍ਹਾਂ ਵਧੇਰੇ ਅਸਰ ਹੋ ਸਕਦਾ ਹੈ। ਮਾਪਿਆਂ ਨੂੰ, ਉਤਸ਼ਾਹ ਨਾਲ ਖਡੌਣੇ ਲੈ ਕੇ ਦੇਣੇ ਚਾਹੀਦੇ ਹਨ ਤੇ ਰਾਤੀਂ ਬੱਚਿਆਂ ਦੀ ਬਲੀ ਵਿਚ ਸ਼ਹੀਦ ਦੀ ਕਥਾ ਸੁਣਾਉਣੀ ਚਾਹੀਦੀ ਹੈ।

ਮੇਲੇ ਸਮੇਂ ਇਲਾਕੇ ਦੇ ਸਕੂਲਾਂ ਵਿਚ ਅਖਵਾ ਭਜਣਾ ਚਾਹੀਦਾ ਹੈ ਕਿ ਵਿਦਿਆਰਥੀ ਸ਼ਹਾਦਤ ਉਤੇ ਲੇਖ ਲਿਖਣ, ਜੋ ਨਿਕੇ ਜਿਹੇ ਸਮਾਗਮ ਵਿਚ ਪੜ੍ਹਾਏ ਜਾਣ ਤੇ ਏਸ ਤਰਾਂ ਵਿਦਿਆਰਥੀਆਂ ਦਾ ਉਤਸ਼ਾਹ ਵਧਾਇਆ ਜਾਵੇ।

ਜੇ ਸ਼ਹੀਦ ਵੱਡਾ ਸੂਰਮਾ ਤੇ ਜਰਨੈਲ ਹੋਵੇ, ਤਾਂ ਓਹ ਜਿਵੇਂ ਦੁਸ਼ਮਣ ਨਾਲ ਜੂਝਿਆ ਸੀ, ਉਸ ਨੂੰ ਦਰਸਾਉਣ ਵਾਲਾ ਚਿੱਤ੍ਰ ਬਣਵਾ, ਸ਼ੀਸ਼ੇ ਵਿਚ ਜੜਾ ਕੇ ਰਖਣਾ ਚਾਹੀਦਾ ਹੈ। ਏਸ ਚਿੱਤ੍ਰ ਤੋਂ ਸਿਆਣਿਆਂ ਨੂੰ ਤਾਂ ਆਪਣੇ ਆਪ ਹੀ ਲਾਭ ਪੁਜ ਜਾਣਾ ਹੈ,ਤੇ ਸਮਝਾਉਣ ਨਾਲ ਬਾਲਾਂ ਦੇ ਦਿਮਾਗਾਂ ਉਤੇ ਵੀ ਅਸੀਂ ਅਮਿੱਟ ਨਕਸ਼ਾ ਵਾਹ ਸਕਦੇ ਹਾਂ। ਜੇ ਸ਼ਹੀਦ ਗੰਜ ਦੇ ਫੰਡ ਖੁਲ੍ਹ ਦੇਣ ਤਾਂ ਅਖਬਾਰ ਤੇ ਕੁਝ ਰਸਾਲਿਆਂ ਦਾ ਵੀ ਪ੍ਰਬੰਧ ਹੋਣਾ ਚਾਹੀਦਾ ਹੈ, ਸੇਵਾਦਾਰ ਏਨਾ ਕੁ ਜ਼ਰੂਰ ਪੜ੍ਹਿਆ ਹੋਣਾ ਚਾਹੀਦਾ ਹੈ, ਜੋ ਮਹੀਨੇ ਦੇ ਮਹੀਨੇ ਸ਼ਹੀਦ ਦਾ ਇਤਿਹਾਸ ਸੋਹਣੀ ਤਰ੍ਹਾਂ ਸੁਣਾ ਸਕੇ। ਵੱਡਿਆਂ ਸ਼ਹੀਦ ਗੰਜਾਂ ਨਾਲ ਮੁਸਾਫਰਾਂ ਲਈ ਕੋਠੜੀਆਂ ਵੀ ਹੋਣੀਆਂ ਚਾਹੀਦੀਆਂ ਹਨ। ਜਿਹੜਾ ਮੁਸਾਫਰ ਸੁੱਖ ਦੀ ਰਾਤ ਗੁਜ਼ਾਰੇਗਾ, ਓਹ ਉਮਰ ਭਰ ਸ਼ਹੀਦ ਗੰਜ ਨੂੰ ਯਾਦ ਰਖੇਗਾ। ਏਸ ਤਰ੍ਹਾਂ ਸ਼ਹੀਦ ਗੰਜ ਸਾਨੂੰ ਅਮਰ ਪ੍ਰਚਾਰਕ ਦਾ ਕੰਮ ਦੇ ਸਕਦੇ ਹਨ।

———



Digitized by Panjab Digital Library | www.panjabdigilib.org

# ਸੰਨ ਸਤਵੰਜਾ ਦਾ ਗ਼ਦਰ ਤੇ ਸਿੱਖ

ਮਾਰਚ ਸੰਨ ੧੮੪੯ ਵਿਚ ਸਿੱਖਾਂ ਦਾ ਰਾਜ ਗਿਆ। ਉਦ ਤਾਂ ਸਾਰੇ ਪੰਜਾਬੀ ਘਬਰਾ ਗਏ, ਪਰ ਸਿੱਖ ਮੂਲੋਂ ਹੀ ਗੁੰਗੇ ਹੋ ਗਏ। ਸਾਰੇ ਆਗੂ ਕਾਬੂ ਕੀਤੇ ਜਾ ਚੁਕੇ ਸਨ। ਆਮ ਸਿੱਖ ਕੀ ਕਰਦੇ, ਆਸਾਂ ਮੁੱਕ ਗਈਆਂ, ਮੁਚਕੜੀਆਂ ਮਾਰ ਕੇ ਬਹਿ ਗਏ। ਸਿਆਣੇ ਹਾਕਮਾਂ ਨਬਜ਼ ਪਛਾਣ ਲਈ ਸੀ। ਓਹ ਸਿੱਖਾਂ ਦੀ ਬਹਾਦਰੀ ਨੂੰ ਵੀ ਜਾਣਦੇ ਸਨ ਤੇ ਭੋਲੇ ਜਿਹੇ ਸੁਭਾ ਤੋਂ ਵੀ ਜਾਣੂ ਸਨ। ਸਿਆਣਪ ਤੇ ਗਹੁ ਨਾਲ, ਭਰਤੀ ਕਰਨੇ ਸ਼ੁਰੂ ਕਰ ਦਿਤੇ।

ਸੰਨ ਸਤਵੰਜਾ ਆ ਗਿਆ। ਵਿਚਲੇ ਸੂਬਿਆਂ ਵਿਚ, ਅੰਗਰੇਜ਼ਾਂ ਦੇ ਵਿਰੁਧ ਹਿੰਦੂ ਤੇ ਮੁਸਲਮਾਨ ਸਿਪਾਹੀ ਉੱਠ ਪਏ। ਓਸ ਸਮੇਂ ਸਾਰਿਆਂ ਵਿਚ ਧਾਰਮਿਕ ਖਿਆਲ ਕੰਮ ਕਰ ਰਹੇ ਸਨ। ਹੁਣ ਨਵੇਂ ਇਤਿਹਾਸਕਾਰਾਂ ਨੂੰ ਦੇਸ਼ ਭਗਤੀ ਵੀ ਸੁਝਣ ਲਗ ਪਈ ਹੈ। ਗੱਲ ਕੀ, ਦੇਸੀ ਸਿਪਾਹੀ ਖੂਬ ਮਚਰੇ ਤੇ ਓਹਨਾਂ ਅੰਗਰੇਜ਼ਾਂ ਨਾਲ ਦੋ ਹੱਥ ਵਾਹਵਾ ਕੀਤੇ। ਅੰਗਰੇਜ਼ਾਂ ਆਪਣੀ ਮੰਨੀ ਹੋਈ ਸਿਆਣਪ ਜਾਂ ਫੁਟ-ਪਾਊ ਨੀਤੀ ਨਾਲ, ਲੜਾਈ ਨੂੰ ਵਸ ਵਿਚ ਕਰ ਲਿਆ।

ਓਦੋਂ ਪੰਜਾਬੋਂ ਸਿਖ ਫੌਜੀ ਵੀ ਗਏ ਹੋਏ ਸਨ, ਏਹਨਾਂ ਨਵੀਂ ਸਰਕਾਰ ਦਾ ਅੰਗ ਪਾਲਿਆ। ਸ਼ਾਇਦ ਸਿਖ ਦੇਸੀ ਫੌਜਾਂ ਨੂੰ ਧੁਰ ਦੇ ਵੈਰੀ ਸਮਝ ਚੁਕੇ ਸਨ ਤੇ ਗੱਲ ਹੈਸੀ ਵੀ ਠੀਕ ਹੀ, ਕਿਉਂਕਿ ਸਤਲੁਜ ਦੀਆਂ ਲੜਾਈਆਂ ਵੇਲੇ, ਹਿੰਦੁਸਤਾਨੀ ਫੌਜਾਂ ਆਪਣ ਗਵਾਂਢੀ ਜਾਂ ਜੰਮਣ-ਭੋਂ-ਜਾਏ ਵੀਰਾਂ ਨਾਲ ਭਿੜੀਆਂ ਸਨ। ਸਿੱਖਾਂ ਦਾ ਕੋਈ ਕਸੂਰ ਨਹੀਂ ਸੀ, ਕਿਉਂ ਜੋ ਸਿੱਖ ਤਾਂ ਸਦਾ ਏਹਨਾਂ ਭਰਾਵਾਂ ਨਾਲ ਭੁਲਾ ਹੀ



Digitized by Panjab Digital Library | www.panjabdigilib.org

ਕਰਦੇ ਆਏ ਸਨ। ਪਰਦੇਸੀ ਲੁਟੇਰਿਆਂ ਅਗੇ, ਸਿਖਾਂ ਨੇ ਸਦਾ ਛਾਤੀਆਂ ਡਾਹੀਆਂ ਸਨ। ਸਿਖਾਂ ਦੇ ਸਿਰ ਸਦਕੇ ਅਖੀਰ ਪੰਜਾਬ ਵਲੋਂ, ਕਿਸੇ ਵੈਰੀ ਨੂੰ ਆਉਣ ਦਾ ਹੀਆ ਨ ਪਿਆ। ਹਿੰਦੁਸਤਾਨ ਲਈ ਪੰਜਾਬ ਹਿਮਾਲਾ ਬਣ ਗਿਆ ਸੀ। ਪਰ ਓਹ ਲੋਕ (ਦੇਸੀ ਸਿਪਾਹੀ) ਅੰਗਰੇਜ਼ ਦੇ ਟੁਕੜੇ ਖਾ ਕੇ, ਸਿਖਾਂ ਦੇ ਸਦਾ ਸਾਹਮਣੇ ਹੋਂਦੇ ਰਹੇ। ਅਖੀਰ ਸਿੱਖ ਰਾਜ ਨੂੰ ਤਬਾਹ ਕਰ ਕੇ ਹੀ ਏਹਨਾਂ ਸੁਖ ਦਾ ਸਾਹ ਲਿਆ।

ਜਦ ਸਿੰਘ, ਸਭਰਾਵਾਂ ਦੇ ਮੈਦਾਨ ਵਿਚ ਧ੍ਰੋਹੀ ਜਰਨੈਲਾਂ ਕਰ ਕੇ ਹਾਰ ਗਏ, ਤਾਂ ਦਿੱਲੀ ਦੇ ਮੁਸਲਮਾਨ ਭਾਈ* ਖੁਸ਼ ਹੋਏ। ਏਸ ਲਈ ਸਿੱਖਾਂ ਨੂੰ ਵੀ ਸ਼ਾਇਦ ਇਹ ਗੱਚ ਹੋਵੇ ਕਿ ਗ਼ਦਰ ਦੀ ਕਾਮਯਾਬੀ ਉਤੇ ਬਹਾਦਰ ਸ਼ਾਹ ਨੇ ਹੀ ਤਖਤ ਉਤੇ ਬਹਿਣਾ ਹੈ। ਜੇ ਪਾਕਿਸਤਾਨ ਹੀ ਹੋਣਾ ਹੈ, ਤਾਂ ਕਿਉਂ ਹੋਣ ਦੇਈਏ?

ਅਜ ਕੱਲ ਕਈ ਵੀਰ, ਸਿੱਖਾਂ ਉੱਤੇ ਤਾਂ ਇਤਰਾਜ਼ ਕਰਦੇ ਹਨ; ਪਰ ਆਪਣੇ ਅੰਦਰ ਝਾਤੀ ਨਹੀਂ ਮਾਰਦੇ।

"ਮਾਰਨ ਹਿੰਦੁਸਤਾਨੜੇ ਅੱਜ ਡੀਂਗਾਂ ਬੜੀਆਂ।
ਪੂਰਬ ਦੀਆਂ ਰਜਮਟਾਂ ਸਨ, ਉਸ ਦਿਨ ਚੜ੍ਹੀਆਂ।'

ਜਦੋਂ ਸਭਰਾਵਾਂ ਦੇ ਤਪੇ ਰਣ ਵਿਚ ਸਾਡਾ ਬੁੱਢਾ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ, ਦੇਸ ਪਿਆਰ ਦਾ ਵਾਸਤਾ ਪਾ ਰਿਹਾ ਸੀ, ਓਦੋਂ ਇਕ ਭੂਈਆ ਏਧਰ ਨ ਆਇਆ। ਸੰਨ ੧੮੪੯ ਵਿਚ ਜਦੋਂ ਸਰਦਾਰ ਸ਼ੇਰ ਸਿੰਘ ਅਟਾਰੀਆ, ਚੇਲੀਆਂ ਵਾਲੇ ਦੇ ਮੈਦਾਨ ਵਿਚ, ਦੇਸ ਵੈਰੀਆਂ

---

*ਵੇਖੋ ਗ਼ਾਲਿਬ ਨਾਮਾ ਸਫ਼ਾ—੫੮, ਏਸ ਕਿਤਾਬ ਦੇ ਕਰਤਾ ਸ਼ੇਖ਼ ਮੁਹੰਮਦ ਇਕਰਾਮ ਆਈ. ਸੀ. ਐਸ. ਹਨ। ਸਰ ਸਈਅਦ ਦੀ ਅਸਾਉਲਸਨਾਦੀਦ ਦਾ ਹਵਾਲਾ ਦਿੱਤਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਹੁਕਮਾਂ ਵਿਰੁਧ ਸਈਅਦ ਅਹਿਮਦ ਬ੍ਰੇਲਵੀ ਨੇ ਜਹਾਦ ਕੀਤਾ ਸੀ। ਦਿੱਲੀ ਦੇ ਮੁਸਲਮਾਨ ਓਹਦੇ ਖ਼ਿਆਲਾਂ ਦੇ ਸਨ। ਕਾਨੂੰਨਾਂ ਦਾ ਜ਼ਿਕਰ ਵਗ਼ੈਰਾ ਨਹੀਂ। ਨਾ ਹੀ ਕਾਨੂੰਨ ਦਾ ਨਾਂ ਆਦਿ ਦੇ ਸਕੇ ਹਨ।

ਦੇ ਵਢ ਵਢ ਕੇ ਢੇਰ ਲਾ ਰਿਹਾ ਸੀ; ਓਦੋਂ ਇਕ ਵੀ ਪੂਰਬੀਆ, ਸਾਡੇ ਵਲ ਨ ਆਇਆ। ਅੱਠ ਸਾਲ ਮਗਰੋਂ ਪੂਰਬੀਏ ਦੀ ਦੇਸ਼-ਭਗਤੀ ਨੇ ਉਸਲ ਵੱਟ ਭੰਨੀ। ਆਪਣਾ ਸਿਰ ਆਪਣੇ ਹੱਥੀਂ ਲਾਹ ਕੇ, ਪੂਰਬੀਏ ਧੜ ਨੇ ਜੀਉਣਾ ਚਾਹਿਆ।

ਮੈਂ ਕਹਿੰਦਾ ਹਾਂ, ਸਿਖਾਂ ਗ਼ਲਤੀ ਕੀਤੀ, ਪਰ ਜਿਹੜੇ ਸਿਖਾਂ ਨਾਲ ਕਈ ਵਰ੍ਹੇ ਲੜੇ. ਓਹਨਾਂ ਕਿਧਰ ਦਾ ਵਤਨ-ਪਿਆਰ ਦਿਖਾਇਆ ? ਅਸਲ ਗੱਲ ਤਾਂ ਏਹ ਹੈ ਕਿ ਦੋਵੇਂ ਗੁਲਾਮ ਹੋ ਕੇ ਮਾਲਕ ਦੇ ਹੱਥਾਂ ਤੇ ਚੜ੍ਹੇ ਹੋਏ ਸਨ, ਪਰ ਵੀਹਵੀ ਸਦੀ ਦੇ ਕੁਝ ਅੱਧ ਖੋਜੀਏ ਇਤਿਹਾਸਕਾਰ ਤੇ ਅਧਵਾਟੀਏ ਲੀਡਰ, ਸਿੱਖਾਂ ਦੀ ਹਾਰ ਦੀ ਪਿਛੋਕੜ ਦੇ ਕਾਰਨ ਨਾ ਦੇਖਦੇ ਹੋਏ, ਸਿੱਖਾਂ ਉਤੇ ਵਤਨ ਦੀ ਵਧੀਕੀ ਕਰ ਜਾਂਦੇ ਹਨ।

'ਆਮ ਪੂਰਬੀਏ ਤਾਂ ਛੱਡੋ, ਸਭਰਾਵਾਂ ਦੀ ਲੜਾਈ ਵੇਲੇ ਹਿੰਦੁਸਤਾਨ ਦੇ, ਮਹਾ ਕਵੀ *ਗ਼ਾਲਿਬ ਨੇ ਫਾਰਸੀ ਵਿਚ ਕਿਹਾ ਹੈ 'ਮੈਂ ਸਿਖਾਂ ਨਾਲ ਲੜਨਾ ਸੀ।' ਏਹ ਓਹ ਗ਼ਾਲਿਬ ਹੈ, ਜਿਸ ਦੇ ਦੀਵਾਨ ਬ ਬਤ ਉਰਦੂ ਦੇ ਮਹਾਂ ਪੜਚੋਲੀਏ ਡਾਕਟਰ ਲਤੀਫ ਬਿਜਨੌਰੀ ਨੇ ਦੀਵਾਨ ਦੀ ਤਮਹੀਦ ਵਿਚ ਕਿਹਾ ਹੈ:–

ਹਿੰਦੁਸਤਾਨ ਕੀ ਦੋ ਇਲਹਾਮੀ ਕਿਤਾਬੇ ਹੈਂ, ਏਕ ਮੁਕੱਦਸ ਵੇਦ ਔਰ ਦੂਸਰਾ ਦੀਵਾਨਿ ਗ਼ਾਲਿਬ। ਸੋ ਏਸ ਰਿਸ਼ੀ ਨੇ ਵੀ ਸਾਡੀ ਆਜ਼ਾਦੀ ਖੋਹਣੀ ਸੀ। ਜੇ ਬੇਇਨਸਾਫ ਇਤਿਹਾਸਕਾਰਾਂ ਦੋ ਗੱਲਾਂ ਕਹਿ ਲਈਆਂ, ਤਾਂ ਕੀ ਹੈ ! ਸਾਡੇ ਭਰਾ ਹਨ। ਅਸੀਂ ਆਪਣੀ ਗ਼ਲਤੀ ਤਾਂ ਮੰਨਦੇ ਹਾਂ, ਪਰ ਏਹਨਾਂ ਨੂੰ ਪਹਿਲੀ ਗ਼ਲਤੀ, ਤੇ ਜਿਹੜੀਆਂ ਏਸ ਬਾਰੇ ਵਿਚ ਹੁਣ ਗ਼ਲਤੀਆਂ ਕਰ ਰਹੇ ਹਨ; ਓਹ ਪਿਆਰ ਨਾਲ ਸਮਝਾ ਕੇ ਅੱਗੇ ਤੋਂ ਵਰਜਣਾ ਹੈ।

---

*ਦੇਖੋ ਗ਼ਾਲਿਬ ਨਾਮਾ ਸਫਾ ੫੮, ੫੯।

# ਪੰਥ ਦਾ ਮਹਾਂ ਵਿਦਵਾਨ

ਕੁਝ ਕਾਰਨਾਂ ਕਰ ਕੇ ਸਾਡੇ ਵਿਚ ਇਲਮ ਹਮੇਸ਼ਾਂ ਤੋਂ ਘਟ ਰਿਹਾ ਹੈ, ਤਾਂ ਵੀ ਵੇਲੇ ਵੇਲੇ ਸਿਰ, ਸਿਰ-ਕਢ ਵਿਦਵਾਨ ਹੋਂਦੇ ਰਹੇ ਹਨ। ਪਰ ਸਾਨੂੰ ਓਹਨਾਂ ਦੀ ਕਦਰ ਕਰਨੀ ਨਹੀਂ ਆਈ। ਇਸ ਘਾਟੇ ਕਰ ਕੇ ਵੀ ਸਿਖਾਂ ਵਿਚ ਵਿਦਵਾਨਾਂ ਦੀ ਔੜ ਹੀ ਰਹੀ ਹੈ, ਖੈਰ।

ਜਿਸ ਬਜ਼ੁਰਗ ਦੀ ਵਿਦਵਤਾ ਬਾਬਤ ਅੱਜ ਲਿਖਣਾ ਹੈ, ਇਸ ਬਜ਼ੁਰਗ ਦੀਆਂ ਉਪਰਲੀਆਂ ਤੇ ਹੇਠਲੀਆਂ ਪੀੜ੍ਹੀਆਂ ਵਿਚ ਇਲਮ ਰਿਹਾ ਹੈ। ਓਹ ਇਲਮ ਗੁਰਬਾਣੀ ਪ੍ਰਚਾਰ ਦਾ ਸਾਧਨ ਬਣਿਆ ਰਿਹਾ ਹੈ। ਏਹੋ ਜਿਹੀ ਮਿਸਾਲ ਪੰਥ ਵਿਚ ਘਟ ਹੀ ਮਿਲੇਗੀ ਕਿ ਜਿਸ ਵਿਚੋਂ ਪੰਜ ਛੇ ਪੀੜ੍ਹੀਆਂ ਤਕ ਕੌਮ ਲਈ ਲਗਾਤਾਰ ਇਲਮ ਦਾ ਸੋਮਾ ਵਗਦਾ ਰਿਹਾ ਹੋਵੇ।

ਭਾਈ ਸੰਤ ਸਿੰਘ ਜੀ ਗਿਆਨੀ ਏਹਨਾਂ ਪੀੜ੍ਹੀਆਂ ਦੀ ਮਾਲਾ ਦੇ ਮੇਰੂ ਮਣਕੇ ਸਨ। ਆਪ ਦੇ ਬਾਬਾ ਭਾਈ ਰਾਮ ਚੰਦ ਜੀ ਦਸਮੇਸ਼ ਜੀ ਦੀ ਸੇਵਾ ਵਿਚ ਰਹਿ ਕੇ ਪੜ੍ਹੇ ਤੇ ਅੰਮ੍ਰਿਤ ਛਕ ਕੇ ਰਾਮ ਸਿੰਘ ਸਜੇ। ਆਪ ਨੂੰ ਆਪਣੇ ਇਲਾਕੇ ਚਨਿਓਟ ਵਿਚ ਬਾਣੀ ਪੜ੍ਹਾਉਣ ਦਾ ਹੁਕਮ ਹੋਇਆ। ਰਾਮ ਸਿੰਘ ਜੀ ਨੇ ਚਨਿਓਟ ਵਿਚ ਗੁਰਬਾਣੀ-ਅਰਥ ਪ੍ਰਚਾਰ ਦੀ ਪੈਂਠ ਪਾਈ। ਆਪ ਦੇ ਸਪੁਤਰ ਦਾ ਨਾਂ ਸੂਰਤ ਸਿੰਘ ਸੀ। ਬਾਲਕ ਨੂੰ ਵਿਦਿਆ ਨਾਲ ਤਾਕ ਕੀਤਾ। ਸੂਰਤ ਸਿੰਘ ਜੀ ਨੇ ਵਡੇ ਹੋ ਕੇ ਕਥਾ ਕਰਨੀ ਅਰੰਭ ਦਿਤੀ। ਇਲਾਕੇ ਵਿਚ ਏਹਨਾਂ ਦੀ ਧੁੰਮ ਪੈ ਗਈ। ਲੋਕੀਂ ਏਹਨਾਂ ਦੇ ਖਿਆਲ ਦੇ ਬਣਨੇ ਸ਼ੁਰੂ ਹੋ ਗਏ। ਸੂਰਤ ਸਿੰਘ ਜੀ ਨਾਲ ਮੁਸਲਮਾਨ ਹਾਕਮ ਖਰਨ ਲਗ ਪਏ, ਕਿਉਂਕਿ ਆਪ ਪਾਸੋਂ



Digitized by Panjab Digital Library | www.panjabdigilib.org

ਲੋਕੀਂ ਅੰਮ੍ਰਿਤ ਛਕ ਕੇ ਸਿੰਘ ਸਜਨ ਲਗ ਪਏ ਸਨ। ਸਿੰਘ ਸਜਦਿਆਂ ਹੀ ਲੋਕਾਂ ਉਤੇ ਨਿਡਰਤਾ ਤੇ ਬੀਰਤਾ ਛਹਿਬਰ ਲਾ ਦਿੰਦੀ ਸੀ। ਮਨੁਖ ਆਪਣੀ ਜੂਨ ਪਲਟਦੀ ਦੇਖਦੇ ਸਨ। ਏਹ ਗੱਲ ਮੈਗ੍ਰੀਗਰ ਸਾਹਿਬ ਵੀ ਆਪਣੇ ਇਤਿਹਾਸ ਵਿਚ ਲਿਖਦਾ ਹੈ ਕਿ ਸਿੰਘ ਆਪਣੇ ਆਪ ਨੂੰ ਆਜ਼ਾਦੀ ਲੈਣ ਤੇ ਦਿਵਾਉਣ ਵਾਲੇ ਸਮਝਦੇ ਸਨ। ਏਸ ਲਈ ਜਿਹੜਾ ਜਨਤਾ ਦੇ ਹਕ ਖੋਹਣ ਲਈ ਚਾਮਲਦਾ, ਓਹਨੂੰ ਠਪ ਦੇਂਦੇ। ਭਾਈ ਸੂਰਤ ਸਿੰਘ ਜੀ ਨੇ ਜਾਤਾ ਕਿ ਤਲਵਾਰ ਚਲਾਉਣ ਵਾਲੇ ਤਾਂ ਬੜੇ ਹਨ, ਪਰ ਵਿਦਿਆ ਪ੍ਰੇਮੀਆਂ ਦੀ ਥੁੜ ਹੈ। ਇਲਾਕੇ ਵਿਚ ਗੜ ਬੜ ਵਧਣ ਦਾ ਖਿਆਲ ਸੀ। ਸੋਆਪ ਨੇ ਸਣੇ ਪ੍ਰਵਾਰ ਅੰਮ੍ਰਿਤਸਰ ਨੂੰ ਚਾਲੇ ਪਾ ਦਿਤੇ, ਤਾਂ ਜੋ ਓਥੇ ਗੁਰਬਾਣੀ ਦਾ ਪ੍ਰਚਾਰ ਕੀਤਾ ਜਾਵੇ। ਓਹਨੀਂ ਦਿਨੀਂ ਅੰਮ੍ਰਿਤਸਰ ਵਿਚ ਪੰਜ ਮਿਸਲਾਂ (ਰਾਮਗੜ੍ਹੀਆ; ਆਹਲੂਵਾਲੀਆ, ਭੰਗੀ, ਫੈਜ਼ੁਲਾ ਪੁਰੀਆ ਤੇ ਕਨ੍ਹੱਈਆ) ਕਾਬਜ਼ ਸਨ। ਇਕ ਤਾਂ ਸ੍ਰੀ ਅੰਮ੍ਰਿਤਸਰ ਸਿਖੀ ਦਾ ਘਰ ਸੀ, ਤੇ ਦੂਜਾ ਸਿੰਘ ਸਰਦਾਰਾਂ ਦਾ ਰਤੂ ਹੋਣ ਕਰਕੇ) ਕਿਸੇ ਓਪਰੇ ਦਾ ਤੌਖਲਾ ਨਹੀ ਸੀ। ਇਲਮ, ਅਮਨ ਵਾਲੀ ਜਗਾ ਜਲਦੀ ਵਧਦਾ ਫੁਲਦਾ ਹੈ। ਸੋ ਭਾਈ ਸੂਰਤ ਸਿੰਘ ਜੀ ਨੇ ਬੜਾ ਵਿਚਾਰ-ਭਰਿਆ ਕਦਮ ਚੁਕ ਕੇ ਅੰਮ੍ਰਿਤਸਰ ਵਿਚ ਸਦਾ ਲਈ ਡੇਰੇ ਲਾ ਲਏ। ਏਹ ਗਲ ੧੮੪੫ ਸੰਮਤ ਦੀ ਹੈ।*

ਭਾਈ ਸੂਰਤ ਸਿੰਘ ਜੀ ਸ਼ਹਾਬਾਦੀਆਂ ਦੇ ਬੁੰਗੇ ਕਥਾ ਕਰਨ ਲਗ ਪਏ। ਸਰਦਾਰਾਂ ਨੂੰ ਪਤਾ ਲਗਾ, ਹਜ਼ੂਰੀ ਤੇ ਸਿਆਣੇ ਗਿਆਨੀ ਜਾਣ ਕੇ, ਹਰਿਮੰਦਰ ਜੀ ਦੀ ਸੇਵਾ ਸਪੁਰਦ ਕਰ ਦਿਤੀ। ਵਿਦਿਆ ਦੀ ਸੁਗੰਧੀ ਨੇ ਬੀਰ-ਰਸੀਏ ਸਰਦਾਰਾਂ ਨੂੰ ਮੋਹਿਤ ਕੀਤਾ। ਸਭ ਦੇ ਬੇਨਤੀ ਕਰਨ ਉਤੇ ਆਪ ਸ੍ਰੀ ਹਰਿਮੰਦਰ ਅੰਦਰ ਕਥਾ ਕਰਨ ਲਗ ਪਏ। ਏਹਨਾਂ ਦੇ ਪਿਛੋਂ ਵਡੇ ਸਾਹਿਬਜ਼ਾਦੇ ਭਾਈ ਗੁਰਦਾਸ

---

*ਦੇਖੋ ਗਿਆਨੀ ਸੰਤ ਸਿੰਘ ਕਾ ਜੀਵਨ ਚਰਿਤ੍ਰ (ਹਿੰਦੀ) ਜੋ ਆਪ ਦੇ ਤੀਜੇ ਪੋਤੇ ਭਾਈ ਲਹਿਣਾ ਸਿੰਘ ਗਿਆਨੀ ਨੇ ਲਿਖਿਆ ਸੀ।



Digitized by Panjab Digital Library | www.panjabdigilib.org

ਸਿੰਘ ਜੀ ਨੇ ਕੰਮ ਨਿਭਾਇਆ । ਭਾਈ ਗੁਰਦਾਸ ਸਿੰਘ ਜੀ ਦੇ ਛਟੇ ਭ੍ਰਾਤਾ ਸਨ ਸੰਤ ਸਿੰਘ ਜੀ, ਜੋ ਵਿਦਿਆ ਤੇ ਸ਼ਸਤ੍ਰ ਵਿਦਿਆ ਦੇ ਬੜੇ ਸ਼ੁਕੀਨ ਸਨ। ਆਪ ਸ਼ੁਕਰਚਕੀਆ ਮਿਸਲ ਵਿਚ ਰਹੇ। ਏਸੇ ਮਿਸਲ ਵਿਚੋਂ ਰਣਜੀਤ ਸਿੰਘ ਜੀ ਦਾ ਪੈਰ ਉਚਾ ਜਾ ਰਿਹਾ ਸੀ। ਲਾਂਭ ਚਾਂਭ ਦੀ ਸਫ਼ਾਈ ਤੇ ਸੰਭਾਲ ਹੋਣ ਲਗ ਪਈ। ਝੰਗ ਵਿਚ ਨੀਲਾ ਨਾਂ ਦੇ ਕਿਲ੍ਹੇ ਉਤੇ ਮੋਰਚੇ ਲਗ ਗਏ। ਸਰਦਾਰ ਰਣਜੀਤ ਸਿੰਘ ਖਾਈ ਵਿਚ ਢਹਿ ਪਏ। ਖਾਈ ਸੁਕੀ ਪਈ ਸੀ, ਪਰ ਚੜ੍ਹ ਨਾ ਸਕੇ। ਸੰਤ ਸਿਘ ਜੀ ਨੇ ਝੱਟ ਛਾਲ ਮਾਰੀ ਤੇ ਰਣਜੀਤ ਸਿੰਘ ਜੀ ਨੂੰ ਪਿਠ ਪਿਛੇ ਬੰਨ੍ਹ ਨੇਜ਼ਾ*ਅੜਾ ਅੜਾ ਕੇ ਬਾਹਰ ਲੈ ਆਏ । ਜਦ ਵਡੇ ਭ੍ਰਾਤਾ ਕਾਲ-ਵਸ ਹਏ, ਤਾਂ ਸੰਤ ਸਿੰਘ ਜੀ ਦੀ ਕਥਾ ਕਰਨ ਦੀ ਵਾਰੀ ਆਈ।

ਮਹਾਰਾਜਾ ਰਣਜੀਤ ਸਿੰਘ ਜੀ ਨੇ ਏਹਨਾਂ ਦੀ ਮਾਰਫ਼ਤ ਹਰਿਮੰਦਰ ਜੀ ਦੀ ਸਵਰਨ ਤੇ ਸੰਗ ਮਰ ਮਰ ਦੀ ਸੇਵਾ ਕਰਾਈ। ਹੁਣ ਆਪ ਸਵਾ† ਤੇ ਕਥਾ ਵਲ ਜੁਟ ਪਏ ।

ਆਪ ਦੇ ਸਪੁੱਤਰ ਗੁਰਮੁਖ ਸਿੰਘ ਜੀ ਨੂੰ ਮਹਾਰਾਜੇ ਨੇ ਆਪਣਿਆਂ ਕੰਮਾਂ ਵਲ ਲਾ ਲਿਆ। ਗਿਆਨੀ ਸੰਤ ਸਿੰਘ ਜੀ ਦੇ ਚਲਾਣੇ ਦੇ ਸੰਮਤ ਦਾ ਝਗੜਾ ਹੈ। ਭਾਈ ਵੀਰ ਸਿੰਘ ਜੀ ਨੇ ਸੂਰਜ ਪ੍ਰਕਾਸ਼ ਦੀ ਪ੍ਰਸਤਾਵਨਾ ਵਿਚ ਬੜੀ ਖੋਜ ਤੋਂ ਬਾਅਦ ੧੮੯੯ ਸੰਮਤ ਦਿਤਾ

---

*ਵੇਖੋ 'ਜੀਵਨ ਚਰਿਤ੍ਰ ਗਿਆਨੀ ਸੰਤ ਸਿੰਘ ਕਾ' ਤੇ 'ਪੰਜਾਬ ਚੀਫਸ' ਵਿਚੋਂ ਗਿਆਨੀ ਘਰਾਣੇ ਦਾ ਹਾਲ।

†'ਹਰਿਮੰਦਰ ਸਾਹਿਬ ਦੀ ਚੜ੍ਹਦੀ ਬਾਹੀ ਦੇ ਬਾਹਰਲੇ ਬੂਹੇ ਉਤੇ ਪੱਥਰ ਵਿਚ ਉਕਰੇ ਹੋਏ ਅਖਰ ਹਨ।

ਸੇਵਾ ਗੁਰੂ ਰਾਮਦਾਸ ਜੀਕੀ ਸੂਰਣ ਕੀ ਅਰ ਸੰਗ ਸੁਪੇਦ ਕੀ ਬਡ ਭਾਗੀ ਜਾਣ ਕੇ ਸ੍ਰੀ ਮਹਾਰਾਜਾ ਰਣਜੀਤ ਸਿੰਘ ਜੀ ਸੋਂ ਕਰਾਈ ਮਾਰਫਤ ਸ੍ਰੀ ਭਾਈ ਸੰਤ ਸਿੰਘ ਗਜਾਨੀ ਜੀ ਕੀ।



Digitized by Panjab Digital Library | www.panjabdigilib.org

ਹੈ* । ਆਪ ਦੀ ਸਮਾਧ ਕੌਲਸਰ ਉਤੇ ਬਾਬਾ ਅਟਲਰਾਇ ਦੀ ਲਹਿੰਦੀ ਤਰਫ, ਭਾਈ ਗੁਰਮੁਖ ਸਿੰਘ ਨੇ ਬਣਵਾਈ ਸੀ। ਇਮਾਰਤ ਬੜੀ ਵੱਡੀ ਤੇ ਸੋਹਣੀ ਸੀ। ਏਸ ਵਿਚ ਸੰਗਮਰਮਰ ਦਾ ਥੜ੍ਹਾ ਤੇ ਉਤੇ ਬੜਾ ਆਲ੍ਹਾ, ਸੰਗ ਮਰਮਰ ਦਾ ਗੁੰਬਦ ਸੀ। ਜਦੋਂ ਕੁਝ ਅਕਾਲੀ ਸਿੰਘ ਬੇਮੁਹਾਰ ਹੋਏ, ਓਦੋਂ ਓਹਨਾਂ ਆਪਣੇ ਹਥੀਂ, ਆਪਣੇ ਲਾਸਾਨੀ ਆਲਮ ਦੀ ਯਾਦਗਾਰ ਘੜੀਆਂ ਪਲਾਂ ਵਿਚ ਢੇਹ ਕਰ ਦਿਤੀ। ਪਿਛੋਂ ਝਗੜਾ ਹੋਇਆ, ਤਾਂ ਮੁੜ ਚੂਨੇ ਗਚ ਨਿਕੀ ਜਿਹੀ ਯਾਦਗਾਰ† ਬਣਾਈ ਗਈ।

ਭਾਈ ਸੰਤ ਸਿੰਘ ਜੀ ਗਿਆਨੀ ਤੀਜੇ ਪਹਿਰ ਹਰਿਮੰਦਰ ਅੰਦਰ ਗੁਰੂ ਗ੍ਰੰਥ ਸਾਹਿਬ ਦੀ ਕਥਾ ਤਿੰਨ ਘੜੀਆਂ (ਇਕ ਘੰਟਾ ਬਾਰਾਂ ਮਿੰਟ) ਭਰ ਕਰਦੇ ਸਨ। ਗ੍ਰੰਥੀ ਸਿੰਘ ਜੀ ਪਾਠ ਕਰਦੇ ਸਨ। ਆਪ ਦੂਜਿਆਂ ਗ੍ਰੰਥਾਂ ਦੇ ਹਵਾਲੇ ਦੇ ਦੇ ਕੇ ਗੱਲ ਨੂੰ ਸਿਧ ਕਰਦੇ ਸਨ। ਫਾਰਸੀ ਵਿਚੋਂ ਮਸਨਵੀ ਮੌਲਾਨਾ ਰੂਮ ਦੇ ਸ਼ਅਰ ਕਹਿੰਦੇ ਤੇ ਸੰਸਕ੍ਰਿਤ ਦੇ ਹਰ ਗ੍ਰੰਥ ਵਿਚੋਂ ਸ਼ਲਕ ਬੋਲ ਜਾਂਦੇ ਸਨ। ਅਰਥ ਖੋਲ੍ਹਦਿਆਂ ਅਣਜਾਣ ਦੇ ਪੱਲੇ ਵੀ ਗੱਲ ਬੱਝ ਜਾਂਦੀ ਸੀ। ਕਥਾ ਸੁਣਨ ਲਈ ਆਪ ਸਰਕਾਰ, ਸਰਦਾਰ ਤੇ ਵਿਦਵਾਨ ਆਉਂਦੇ ਸਨ। ਪਹਿਲਾਂ ਝੰਡੇ ਬੁੰਗੇ ਦੀ ਚੜ੍ਹਦੀ ਬਾਹੀ ਬੁੰਗੇ ਵਿਚ (ਏਸ ਨੂੰ ਗੁਰਦਵਾਰਾ ਕਮੇਟੀ ਚਮਿਆਰੀ ਵਾਲਾ ਬੁੰਗਾ ਕਹਿੰਦੀ ਹੈ) ਕਥਾ ਕਰਦ ਸਨ। ਏਸ ਸਮੇਂ ਆਪ ਕੋਲ ਚੋਣਵੇਂ ਸ੍ਰੋਤ ਤੇ ਵਿਦਿਆਰਥੀ ਹੋਂਦੇ ਸਨ। ਮੁੜ ਏਹੋ ਕਥਾ ਦਰਬਾਰ ਸਾਹਿਬ ਵਿਚ ਕੀਤੀ ਜਾਂਦੀ ਸੀ। ਏਸ ਲਈ ਬੁੰਗ ਦਾ ਨਾਂ ਕਥਾ

---

*ਸੰਮਤ ੧੯੭੧ ਵਿਚ ਆਪਣੇ ਨਾਂ ਦਾ ਕਟੜਾ ਵੀ ਆਬਾਦ ਕੀਤਾ।

†ਇਕ ਪੁਸਤਕ ਵਿਚ ਸੰਗ ਮਰਮਰ ਦੀ ਸਮਾਧ ਲਿਖੀ ਹੈ, ਜੋ ਠੀਕ ਨਹੀਂ।

ਵਾਲਾ* ਬੁੰਗਾ ਪੈ ਗਿਆ।

ਆਪ ਬਾਰੇ ਭਾਈ ਕਾਹਨ ਸਿੰਘ ਨੇ ਮਹਾਨ ਕੋਸ਼ ਵਿਚ ਲਿਖਿਆ ਹੈ:-

"ਭਾਈ ਸੂਰਤ ਸਿੰਘ ਦਾ ਸਪੁਤ੍ਰ ਹਰਿਮੰਦਰ ਦਾ ਗਯਾਨੀ। ਇਹ ਵਡਾ ਵਿਦਵਾਨ ਹੋਇਆ ਹੈ। ਸੰਤੋਖ ਸਿੰਘ ਕਵੀ ਰਾਜ ਨੇ ਇਸ ਤੋਂ ਵਿਦਿਆ ਪੜ੍ਹੀ ਸੀ। ਗਯਾਨੀ ਸੰਤ ਸਿੰਘ ਦਾ ਦੇਹਾਂਤ ਸੰਮਤ ੧੮੮੯ ਵਿਚ ਹੋਇਆ ਹੈ। ਇਸ ਸਜਨ ਦਾ ਗਯਾਨੀ ਵੰਸ ਅਮ੍ਰਿਤਸਰ ਵਿਚ ਸਨਮਾਨ ਯਗ ਹੈ।"

ਗਿਆਨੀ ਜੀ ਦੇ ਨਾਮੀ ਸ਼ਾਗਿਰਦ ਭਾਈ ਸੰਤੋਖ ਸਿੰਘ ਸਨ, ਜੋ ਨਾਨਕ ਪ੍ਰਕਾਸ਼, ਸੂਰਜ ਪ੍ਰਕਾਸ਼, ਗਰਬ ਗੰਜਨੀ ਟੀਕਾ ਆਦਿ ਦੇ ਕਰਤਾ ਸਨ। ਏਹ ਫੁਲ ਜਿਸ ਬ੍ਰਿਛ ਨੂੰ ਲਗਣਾ ਚਾਹੀਦਾ ਸੀ, ਓਸੇ ਨੂੰ ਲਗਾ। ਏਹ ਸੂਰਜ ਜਿਥੋਂ ਚੜ੍ਹਨਾ ਸੀ, ਓਹੋ ਚੜ੍ਹਦਾ ਬੰਨਾ ਪਹਿਲਾਂ ਉਜਲਾ ਹੋ ਚੁਕਾ ਸੀ। ਗਿਆਨੀ ਜੀ ਦਾ ਭਾਈ ਸੰਤੋਖ ਸਿੰਘ ਨੂੰ ਵਿਦਵਾਨ ਬਣਾ ਕੇ ਛਡ ਜਾਣਾ ਹੀ ਆਪਣੀ ਵਿੱਦਿਆ ਦਾ ਲੋਹਿਆ ਮਨਵਾਉਣਾ ਹੈ। ਭਾਈ ਸੰਤੋਖ ਸਿੰਘ ਨੇ ਆਪ ਦਾ ਵਿਦਿਆਰਥੀ ਹੋਣਾ ਆਪਣਾ ਭਾਰੀ ਮਾਨ ਸਮਝਿਆ ਹੈ:-

ਨਿਤ ਹੀ ਭਗਤਿ ਰਤਿ ਨਾਮ ਕੀਨੋ ਬ੍ਰਿਤ ਚਿਤ,
ਸੰਤਨ ਸੋਂ ਹਿਤ ਅਤਿ ਸੰਤ ਸਿੰਘ ਨਾਮ ਹੈ।
ਸੁਜਨ ਦਯਾਲ ਧੀਰ ਧਰਮ ਬਿਸਾਲ ਧਰ,
ਜਾਸ ਬੈਸ ਬਾਲ ਹੂੰ ਤੇ ਭਜਨ ਸੋਂ ਕਾਮ ਹੈ।

---

*ਏਹ ਬੁੰਗਾ ਪ੍ਰਕਰਮਾ ਖੁਲ੍ਹੀ ਕਰਨ ਦੀ ਸਕੀਮ ਅਨੁਸਾਰ ਸਭ ਤੋਂ ਪਹਿਲਾਂ ਕਮੇਟੀ ਨੇ ਲਿਆ ਤੇ ਏਸ ਦੇ ਪਿੱਛੇ ਜਿਹੜਾ ਬੁੰਗਾ ਬਣੇਗਾ, ਓਹਦਾ ਨਾਂ ਕਥਾ ਵਾਲਾ ਬੁੰਗਾ ਹੀ ਰਖਣਾ ਪ੍ਰਵਾਨ ਕੀਤਾ ਗਿਆ।

ਦੇ ਵੀ ਦਿਆ ਕਰੇ। ਸ਼ਹੀਦ ਦੇ ਸੰਬੰਧ ਵਿਚ ਜਿਥੇ ਜਿਥੇ ਇਤਿਹਾਸ ਵਿਚ ਜ਼ਿਕਰ ਆਇਆ ਹੋਵ, ਓਹਨਾਂ ਥਾਵਾਂ ਤੇ ਨਿਸ਼ਾਨੀਆਂ ਰਖੀਆਂ ਹੋਣ, ਤਾਂ ਜੋ ਚਾਹਵਾਨ ਯਾਤਰੀ ਦੇ ਸਭ ਕੁਝ ਪਿੜ ਪੱਲੇ ਪੈ ਸਕੇ। ਸ਼ਹੀਦ ਗੰਜ ਵਿਚ ਤੌਫੀਕ ਮੁਤਾਬਿਕ ਸਾਕੇ ਦੀਆਂ ਤਸਵੀਰਾਂ ਬਣਵਾ ਕੇ ਲਟਕਾਈਆਂ ਜਾਣ ਜਾਂ ਕੰਧਾਂ ਉਤੇ ਖਿੱਚਵਾਈਆਂ ਜਾਣ। ਤਸਵੀਰਾਂ ਅਨਪੜ੍ਹਾਂ ਨੂੰ ਲੈਕਚਰਾਰਾਂ ਦਾ ਕੰਮ ਦੇ ਸਕਦੀਆਂ ਹਨ। ਤਸਵੀਰਾਂ ਤੋਂ ਸਾਡਾ ਮਨੋਰਥ ਪ੍ਰਚਾਰ ਹੋਣਾ ਚਾਹੀਦਾ ਹੈ, ਤਸਵੀਰ ਪੂਜਾ ਨਹੀਂ। ਮੂਰਤਾਂ ਬਾਲਾਂ ਉਤੇ ਕਾਫੀ ਅਸਰ ਪਾਂਦੀਆਂ ਹਨ। ਤੀਵੀਆਂ ਉਤੇ ਵੀ ਮੂਰਤ ਦਾ ਜਾਦੂ ਚੰਗਾ ਚੱਲ ਜਾਂਦਾ ਹੈ। ਜੇ ਚੰਗੇ ਹੁਨਰ ਨਾਲ ਸਜੀਆਂ ਹਈਆਂ ਹੋਣ, ਤਾਂ ਪੜ੍ਹੇ ਹੋਏ ਵੀ ਕਾਫੀ ਫਾਇਦਾ ਉਠਾ ਸਕਦੇ ਹਨ। ਤਸਵੀਰਾਂ ਰਾਹੀਂ ਸਾਡਾ ਮਇਆ ਹਇਆ ਆਰਟ, ਮੁੜ ਸੁਰਜੀਤ ਹੋ ਸਕਦਾ ਹੈ। ਜੇ ਮੂਰਤ ਪੂਜਾ ਹੋਣ ਹੀ ਲਗ ਪਵੇ, ਤਾਂ ਭਾਈ ਹੱਥ ਬੰਨ੍ਹ ਕੇ ਰੋਕੇ, ਨਿੰਮ੍ਰਤਾ ਤੋਂ ਕੰਮ ਲਵੇ, ਪ੍ਰੇਮ ਨਾਲ ਸਮਝਾਵੇ।

ਸੰਗ੍ਰਾਂਦ ਦੀ ਸੰਗ੍ਰਾਂਦ ਜਾਂ ਮੱਸਿਆ ਦੀ ਮੱਸਿਆ ਜਾਂ ਜਦੋਂ ਮਹੀਨੇ ਬਾਅਦ ਇਲਾਕਾ ਜੁੜ ਸਕਦਾ ਹੋਵੇ, ਓਦੋਂ ਸ਼ਹੀਦ ਦੀ ਸ਼ਹਾਦਤ ਉਤੇ ਵਾਰਾਂ ਪੜ੍ਹਾਈਆਂ ਜਾਣ ਤੇ ਜੇ ਹੋ ਸਕੇ ਤਾਂ ਕਵੀਆਂ ਤੋਂ ਨਵੀਆਂ ਚੀਜ਼ਾਂ ਲਿਖਵਾਈਆਂ ਜਾਣ, ਤਾਂ ਹੋਰ ਵੀ ਚੰਗਾ ਹੈ। ਜਦੋਂ ਸ਼ਹੀਦ ਦਾ ਵਰ੍ਹੇ ਪਿਛੋਂ ਦਿਨ ਆਵੇ, ਓਦੋਂ ਢਾਡੀਆਂ ਅਤੇ ਕਵੀਆਂ ਨੂੰ ਸਦਿਆ ਜਾਏ। ਇਕ ਦੋ ਚੰਗੇ ਲੈਕਚਰਾਰਾਂ ਤੋਂ ਵੀ ਦੋ ਚਾਰ ਲੈਕਚਰ ਕਰਵਾਉਣੇ ਚਾਹੀਦੇ ਹਨ। ਲੈਕਚਰਾਰ ਸ੍ਰੋਤਿਆਂ ਦੀ ਸਮਝ ਮੁਤਾਬਿਕ ਸ਼ਹੀਦ ਦੀ ਜੀਵਨੀ ਦੇ ਹਰ ਪਹਿਲੂ ਉੱਤੇ ਚਾਨਣਾ ਪਾਉਣ।

ਚਾਰ ਛਾਬੜੀਆਂ ਤੇ ਚਾਰ ਖਡੌਣਿਆਂ ਦੀਆਂ ਹੱਟੀਆਂ ਵੀ ਲਗਣ ਤੇ ਲੋਕਾਂ ਦੇ ਲੜ ਬੰਨ੍ਹ ਕੇ ਲੈ ਜਾਣ ਵਾਲੀ ਸ਼ੈ ਵਲ ਵੀ ਧਿਆਨ ਦਿਤਾ ਜਾਵੇ। ਸ਼ਹੀਦ ਗੰਜ ਬਨਾਉਣ ਦਾ ਤਾਂ ਹੀ ਫਾਇਦਾ ਹੈ, ਜੇ ਅਸੀਂ ਵੀ ਓਸ ਤੋਂ ਕੋਈ ਜੀਵਨ ਵਾਲੀ ਗੱਲ ਸਿੱਖੀਏ। ਜੇ ਸ਼ਹੀਦ ਨੂੰ ਸ਼ਸਤਰ ਪਿਆਰੇ ਸਨ, ਤਾਂ ਦੁਸਹਿਰੇ ਉੱਤੇ ਜਿਸ ਤਰ੍ਹਾਂ ਤੀਰ ਕਮਾਨ

ਉਪਰ ਲਿਖੇ ਵਿਦਵਾਨਾਂ ਤੋਂ ਛੁਟ, ਆਪ ਦੇ ਕਈ ਗੁਣੀ ਗਿਆਨੀ ਸ਼ਾਗਿਰਦ ਸਨ । ਓਦੋਂ ਸ੍ਰੀ ਅੰਮ੍ਰਿਤਸਰ ਖਾਲਸੇ ਦੀ ਕਾਂਸ਼ੀ ਸੀ ਤੇ ਕਥਾ ਵਾਲਾ ਬੁੰਗਾ ਸਮਝੋ ਪੰਥਕ ਵਿਦਿਆਲਾ। ਜਿਸ ਬਜ਼ੁਰਗ ਨੇ ਬਾਹਰਲੇ ਬੰਦੇ ਭਾਰੇ ਵਿਦਵਾਨ ਬਣਾ ਦਿਤੇ, ਓਹ ਆਪਣੇ ਇਕੋ ਇਕ ਸਪੁਤ੍ਰ ਨੂੰ ਕਿਵੇਂ ਵਿਦਿਆ ਤੋਂ ਹੀਣਾ ਰਹਿਣ

---

(ਸਫਾ ੯੭ ਦੀ ਬਾਕੀ)

ਆਪ ਦੇ ਗੁਣਾਂ ਉਤੇ ਸ਼ੇਰਿ-ਪੰਜਾਬ ਰੀਝਿਆ ਹੋਇਆ ਸੀ) ਦੇਵਤਿਆਂ ਦੇ ਗੁਰੂ ਬ੍ਰਿਹਸਪਤਿ ਸਮਾਨ ਸੋਹਣੀ ਅਕਲ ਹੈ, ਭਾਵ ਨੀਤੀ ਵੇਤਾ ਹਨ (ਸਰਕਾਰ ਮਸ਼ਵਰਾ ਲੈਂਦੇ ਸਨ ਤੇ ਸ਼ੁਕਰਚਕੀਆ ਮਿਸਲ ਵਿਚ ਵੀ ਰਾਏ ਚਲਦੀ ਸੀ) ਰਾਜ਼ਿਆਂ ਸਮਾਨ ਧਨੁਖ ਧਾਰੀ (ਸੱਤ ਸੱਤ ਤਵੇ ਤੀਰ ਨਾਲ ਵਿੰਨ੍ਹ ਦੇਂਦੇ ਸਨ) ਦੁਸ਼ਮਨਾਂ ਨਾਲ ਅੜਨ ਵਾਲੇ ਹਨ । (ਮਿਸਲ ਵਿਚ ਸਨ ਰਾਜਾ ਆਪਣਾ ਮਾਲ ਲੈਣ ਚਨਿਓਟ ਗਏ ਤਾਂ ਵੈਰੀ ਆ ਪਏ । ਏਹਨਾਂ ਓਥੇ ਹੀ ਵਿਛਾ ਦਿੱਤੇ) ਰਾਜਾ ਜਨਕ ਵਾਂਗ ਬ੍ਰਹਮ ਗਿਆਨੀ ਹਨ । ਵਿਸ਼ਵਾ ਮਿਤ੍ਰ ਵਾਂਗ ਵਡੇ (ਇਰਾਦੇ ਦੇ ਪੱਕੇ) ਹਨ । ਭੀਸ਼ਮ ਪਿਤਾਮਾ ਵਾਂਗ ਸੋਹਣਾ ਧੀਰਜ ਧਰਨ ਵਾਲੇ ਹਨ ਤੇ ਜਿਨ੍ਹਾਂ ਦਾ ਦਰਸ਼ਨ ਕਰਕੇ ਹੋਰ ਕੋਈ ਅੱਖ ਤਲੇ ਨਹੀਂ ਆਉਂਦਾ । (ਓਸ ਵੇਲੇ ਸੂਰਮੇ ਸਰਦਾਰ ਤਾਂ ਬਹੁਤ ਸਨ, ਪਰ ਵਿਦਿਆ ਤੇ ਹੋਰ ਗੁਣਾਂ ਵਾਲਾ ਕੋਈ ਘਟ ਹੀ ਸੀ । ਏਸ ਲਈ ਕਵੀ ਨਿਧੜਕ ਹੋਕੇ ਲਿਖਦਾ ਹੈ।) ਜਾਣੋਂ ਜਗ ਉਤੇ ਵਸ਼ਿਸ਼ਟ ਜੀ ਹੀ ਆਏ ਹਨ। (ਵਸ਼ਿਸ਼ਟ ਜੀ ਆਤਮ ਗਿਆਨੀ ਸਨ ਤੇ ਸ੍ਰੀ ਰਾਮ ਚੰਦਰ ਜੀ ਦੇ ਗੁਰੂ ਸਨ ਤੇ ਓਹਨਾਂ ਹੀ ਆਪ ਨੂੰ ਰਾਜ ਤਿਲਕ ਦਿਤਾ ਸੀ । ਏਸੇ ਤਰ੍ਹਾਂ ਗਿਆਨੀ ਜੀ ਤੋਂ ਮਹਾਰਾਜਾ ਰਣਜੀਤ ਸਿੰਘ ਜੀ ਕਥਾ ਸੁਣਦੇ ਸਨ ਤੇ ਏਹਨਾਂ ਨੇ ਹੀ ਮਹਾਰਾਜਾ ਹੋਣ ਦੀ ਅਰਦਾਸ ਆਦਿ ਕੀਤੀ ਸੀ)।

ਦੇਂਦਾ ? ਸੋ ਆਪ ਨੇ ਆਪਣੇ ਬੱਚੇ ਨੂੰ ਹਰ ਇਲਮ ਦੀ ਗੁੜ੍ਹਤੀ ਦਿੱਤੀ ਤੇ ਓਹ ਭਾਈ* ਗੁਰਮੁਖ ਸਿੰਘ ਜੀ ਗਿਆਨੀ ਦੇ ਨਾਂ ਤੋਂ ਰਾਜ ਦਰਬਾਰ ਵਿਚ ਪ੍ਰਸਿਧ ਹੋਇਆ। ਏਹਨਾਂ ਦੇ ਵਡੇ ਸਾਹਿਬਜ਼ਾਦੇ† ਭਾਈ ਪਰਦਮਨ ਸਿੰਘ ਜੀ ਦੀ ਕਥਾ ਹਾਲੀਂ ਵੀ ਕਿਸੇ ਕਿਸੇ ਪੁਰਾਣੇ ਸਿੰਘ ਨੂੰ ਭੁੱਲੀ ਨਹੀਂ। ਭਾ: ਸੰਤ ਸਿੰਘ ਗਿਆਨੀ ਨੇ 'ਦਸਵੇਂ ਪਾਤਸ਼ਾਹ ਕਾ ਚਰਿਤ੍ਰ ਜੋਤੀ ਜੋਤ ਸਮਾਵਨੇ ਕਾ' ਪੁਸਤਕ ਰਚੀ। ਅੰਮ੍ਰਿਤ ਬਾਰੇ ਇਕ ਨਿਕੀ ਜਿਹੀ ਪੋਥੀ ਵੀ ਲਿਖੀ। ਇਕ ਤਰ੍ਹਾਂ ਦਾ ਰਹਿਤਨਾਮਾ ਹੈ।ਏਹਦੇਅਨੁਸਾਰ ਓਹਨੀਂ ਦਿਨੀਂ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤ ਪ੍ਰਚਾਰ ਹੋਂਦਾ ਰਿਹਾ। ਗਿਆਨੀ ਜੀ ਨੇ 'ਰਾਮ ਅਸਵ ਮੇਧ' ਦਾ ਨਸਰ ਵਿਚ ਅਨੁਵਾਦ ਕੀਤਾ‡ ਆਪ ਦਾ ਸਭ ਤੋਂ ਵਡਾ ਗ੍ਰੰਥ ਤੁਲਸੀ ਰਾਮਾਇਣ ਦਾ ਟੀਕਾ ਹੈ, ਜੋ ਸੰਮਤ ੧੮੭੫ ਵਿਚ ਅਰੰਭਿਆ ਤੇ ਸੰਮਤ ੧੮੭੮ ਵਿਚ ਸਮਾਪਤ ਕੀਤਾ

---

*ਗਿਆਨੀ ਜੀ ਦਾ ਰਾਜ ਘਰਾਣੇ ਵਿਚ ਬੜਾ ਮਾਨ ਸੀ। ਜਦੋਂ ਮਹਾਰਾਜਾ ਚੜ੍ਹਾਈ ਕਰ ਗਏ ਤਾਂ ਆਪ ਜੀ ਫੁਲ ਲੈਕੇ ਹਰਿਦਵਾਰ ਗਏ। ਗਿਆਨੀਆਂ ਦੇ ਕੁਲ ਪ੍ਰੋਹਿਤ ਦੀ ਵਹੀ ਵਿਚ ਗਿਆਨੀ ਜੀ ਦੇ ਦਸਖਤ ਮੌਜੂਦ ਹਨ।

†ਆਪ ਕੰਵਰ ਨੌਨਿਹਾਲ ਸਿੰਘ ਆਦਿ ਨੂੰ ਵਿਦਿਆ ਪੜ੍ਹਾਉਂਦੇ ਸਨ।

‡ਮੇਰੇ ਪਾਸ ਓਹਨਾਂ ਦਾ ਲਿਖਿਆ ਹੋਇਆ ਰਾਮਾਇਣ ਦੇ ਟੀਕੇ ਜਿਹੀ ਬੋਲੀ ਵਿਚ ਉਪਨਿਸ਼ਦਾਂ ਦਾ ਵੀ ਅਨੁਵਾਦ ਹੈ, ਜਦ ਮਹਾਰਾਜਾ ਸ਼ੇਰ ਸਿੰਘ ਦੇ ਕਤਲ ਨਾਲ ਹੋਰ ਕਈਆਂ ਉੱਤੇ ਕਹਿਰ ਵਰਤਿਆ, ਤਾਂ ਭਾਈ ਗੁਰਮੁਖ ਸਿੰਘ ਜੀ ਵੀ ਕਤਲ ਕੀਤੇ ਗਏ। ਡੋਗਰਈ ਪੁਰਜ਼ਿਆਂ ਹੋਰ ਚੀਜ਼ਾਂ ਤੋਂ ਬਿਨਾਂ ਪੁਸਤਕਾਂ ਵੀ ਲੁੱਟੀਆਂ। ਕੁਝ ਪੁਸਤਕਾਂ ਭਾਈ ਸੰਤ ਸਿੰਘ ਜੀ ਦੇ ਖਾਸ ਮਿੱਤਰ ਭਾਈ ਚੈਨ ਸਿੰਘ ਗੰਢ ਪਾਸ ਗਈਆਂ ਹੋਈਆਂ ਸਨ, ਜੋ ਉਹਨਾਂ ਪਾਸੋਂ ਭਾਈ ਪਰਦਮਨ ਸਿੰਘ ਜੀ ਨੂੰ ਮਿਲੀਆਂ। (ਗਿਆਨੀ ਸੰਤ ਸਿੰਘ ਜੀ ਦਾਸ ਦੇ ਨਗੜਦਾਦਾ ਸਨ)

ਜਦੋਂ *ਟੀਕਾ ਮੁੱਕਾ, ਓਹ ਦੀਆਂ ਨਕਲਾਂ ਹਥੋ ਹੱਥੀ ਹੋਣ ਲਗ ਪਈਆਂ। ਗਿਆਨੀ ਜੀ ਦਾ ਨਾਂ ਦੂਰ ਦੂਰ ਪੁਜਾ। ਮਹਾਰਾਜਾ ਬਨਾਰਸ ਨੇ ਟੀਕਾ ਸੁਣਿਆ, ਤਾਂ ਏਸ ਘਰਾਣੇ ਦਾ ਪੀੜ੍ਹੀਆਂ ਤਕ ਮਾਨ ਕਰਦਾ ਰਿਹਾ। ਪੰਡਿਤਾਂ ਏਹ ਟੀਕਾ ਸਿਰ ਮੱਥੇ ਤੇ ਚੁਕਿਆ। ਏਸ ਦੀ ਬੋਲੀ ਜ਼ਿਆਦਾ ਭਾਸ਼ਾ ਹੈ ਤੇ ਕਿਤੇ ਕਿਤੇ ਪੰਜਾਬੀ ਵੀ। ਏਹ ਦਾ ਨਾਂ ਹੈ ਭਾਵ ਪ੍ਰਕਾਸ਼ਨੀ। ਗੁਣਾਂ ਮੁਤਾਬਿਕ ਨਾਂ ਸੋਲਾਂ ਆਨੇ ਠੀਕ ਹੈ। ਟੀਕਾਕਾਰ ਦਾ ਫ਼ਰਜ਼ ਹੈ, ਹਰ ਘੁੰਡੀ ਨੂੰ ਖੋਲ੍ਹੇ। ਗਿਆਨੀ ਜੀ ਆਪੇ ਸਵਾਲ ਕਰਦੇ ਹਨ ਤੇ ਓਸ ਵੇਲੇ ਦਿਲ ਮੰਨ ਜਾਂਦਾ ਹੈ ਪਈ ਏਹਦਾ ਉਤਰ ਨਹੀਂ ਹੋ ਸਕਦਾ। ਜਿਸ ਵੇਲੇ ਜਵਾਬ ਪੜ੍ਹੀਦਾ ਹੈ, ਓਸ ਵਕਤ ਬਹੁ ਲਗਦਾ ਹੈ ਕਿ ਏਹੋ ਹੀ ਜਵਾਬ ਹੈ। ਜਦ ਅਗੇ ਹੋਰ ਜਵਾਬ ਲਿਖਦੇ ਹਨ, ਤਾਂ ਹੈਰਾਨ ਰਹਿ ਜਾਈਦਾ ਹੈ, ਤਦ ਸਮਝੀਦਾ ਹੈ ਪਈ ਬਸ ਦੋ ਜਵਾਬ ਠੀਕ ਹਨ। ਜਾਂ ਤੀਸਰਾ ਉਤਰ ਪੜ੍ਹੀਦਾ ਹੈ ਤਾਂ ਨਿਸਚਾ ਹੋ ਜਾਂਦਾ ਹੈ ਕਿ ਟੀਕਾਕਾਰ ਦੇ ਦਰ ਉਤੇ ਦਲੀਲਾਂ ਹੱਥ ਬੰਨ੍ਹੀਂ ਖੜੀਆਂ ਹਨ। ਜਦੋ ਚੌਥਾ ਤੇ ਪੰਜਵਾਂ ਉਤਰ ਪੜ੍ਹੀਦਾ ਹੈ, ਤਦੋਂ ਬਿਹਾਰੀ ਦੀ ਤੁਕ ਯਾਦ ਆਉਂਦੀ ਹੈ:—

ਜਿਉਂ ਜਿਉਂ ਭੀਜੈ ਸ਼ਾਮ ਰੰਗ, ਤਿਉਂ ਤਿਉਂ ਉਜਲ ਹੋਇ ॥

ਗਿਆਨੀ ਸਾਹਿਬ ਆਪਣੇ ਆਪ ਨੂੰ ਘੁੰਡੀਆਂ ਵਿਚ ਪਾਂਦੇ ਹਨ, ਫੇਰ ਓਹ ਆਪਣੇ ਆਪ ਹੀ ਖੁਲ੍ਹਦੀਆਂ ਜਾਂਦੀਆਂ ਹਨ।

ਟੀਕਾਕਾਰ ਮੂਲ ਲੇਖਕ ਦੇ ਇਸ਼ਟ ਨੂੰ ਚੰਗ ਤਰ੍ਹਾਂ ਜਾਣਦਾ ਤੇ ਓਸ ਦੇ ਧਾਰਮਿਕ ਜਜ਼ਬਾਤ ਦੀ ਪੂਰੀ ਕਦਰ ਕਰਦਾ ਹੋਇਆ, ਮੂਲ ਦੇ ਗੂੜ ਭਾਵ ਨੂੰ ਖੋਲ੍ਹੇ ਤਾਂ ਸਵਾਦ ਹੈ। ਟੀਕਾਕਾਰ ਲਈ ਏਹ ਔਖੀ ਘਾਟੀ ਹੋਂਦੀ ਹੈ, ਕਿਉਂਕਿ ਆਪਣੇ ਧਾਰਮਿਕ ਭਾਵ ਨੂੰ ਬਦੋ ਬਦੀ

---

*ਏ ਗ੍ਰੰਥ ਖੜਗ ਵਿਲਾਸ ਪ੍ਰੈਸ ਬਾਂਕੀ ਪੁਰ ਪਟਨਾ ਵਿਚੋਂ ਸੰਮਤ ੧੯੫੪ ਵਿਚ ਪ੍ਰਕਾਸ਼ਿਤ ਹੋਇਆ। ਗੁਰਮੁਖੀ ਵਿਚ ਵੀ ਛਪਿਆ ਸੀ।

ਲਿਆ ਘੁਸੇੜਦਾ ਹੈ। ਇਉਂ ਅਣਜਾਣ ਜਾਂ ਕੱਟੜ ਟੀਕਾਕਾਰ ਮੂਲ ਲਖਕ ਦੇ ਭਾਵ ਦਾ ਮੂੰਹ ਮੱਥਾ ਵਲੂੰਦਰ ਦੇਂਦਾ ਹੈ। ਟੀਕਾਕਾਰ ਦੀ ਵਡੀ ਸਿਫਤ ਏਹ ਹੈ ਕਿ ਓਹ ਈਮਾਨਦਾਰੀ ਨਾਲ ਗ੍ਰੰਥ ਕਰਤਾ ਦੇ ਭਾਵ ਨੂੰ ਦੱਸੇ। ਸੋ ਗਿਆਨੀ ਜੀ ਨੇ ਏਹ ਖੂਬੀ ਤੋੜ ਤਕ ਪੁਚਾ ਛੱਡੀ ਹੈ, ਮਹਾਂ ਕਵੀ ਗੋਸਾਈਂ ਤੁਲਸੀ ਦਾਸ ਜੀ ਸੀ ਰਾਮ ਚੰਦਰ ਮਹਾਰਾਜ ਦੇ ਪੱਕੇ ਭਗਤ ਸਨ ਤੇ ਓਹਨਾਂ ਨੂੰ ਪੂਰਨ ਬ੍ਰਹਮ ਕਹਿੰਦੇ ਸਨ। ਗਿਆਨੀ ਜੀ ਨੇ ਏਸੇ ਭਾਵ ਨੂੰ ਮੁਖ ਰਖ ਕੇ ਟੀਕਾ ਕੀਤਾ ਹੈ। ਪੜ੍ਹਿਆਂ ਨਿਸਚਾ ਹੋ ਜਾਂਦਾ ਹੈ ਪਈ ਤੁਲਸੀ ਦਾਸ ਜੀ ਨੇ ਆਪ ਹੀ ਅਰਥ ਕੀਤੇ ਹਨ। ਸਿਖਾਂ ਵਿਚ ਗੁਰੂ ਘਰ ਬਾਰੇ ਲਿਖਣ ਵਾਲੇ ਵਿਦਵਾਨ ਤਾਂ ਹੋਏ ਹਨ ਤੇ ਸੰਸਕ੍ਰਿਤ ਗ੍ਰੰਥਾਂ ਨੂੰ ਭਾਸ਼ਾ ਵਿਚ ਉਲਟਾਉਣ ਵਾਲੇ ਵੀ ਕੁਝ ਸੱਜਣ ਗਿਣਾਏ ਜਾ ਸਕਦੇ ਹਨ, ਪਰ ਸਿਖਾਂ ਵਿਚ ਗਿਆਨੀ ਸੰਤ ਸਿੰਘ ਜਿਹਾ ਵਿਦਵਾਨ ਮੁਸ਼ਕਲ ਹੀ ਲੱਭੇਗਾ, ਜਿਸ ਨੇ ਗੈਰ ਮਤ ਦੇ ਮਸ਼ਹੂਰ ਗ੍ਰੰਥ ਦੇ ਉਤੇ ਸੁਖਾਲੇ ਤੇ ਮਿਠੇ ਲਹਿਜੇ ਨਾਲ ਹਿੰਦੂਆਂ ਤਾਂ ਵਧ ਕੇ ਭਾਵ ਦਸੇ ਹੋਣ। ਗਿਆਨੀ ਜੀ ਨੇ ਤੁਲਸੀ ਰਾਮਾਇਨ ਉਤੇ ਕਲਮ ਚੁਕ ਕੇ ਸਿੱਖਾਂ ਦਾ ਵਿਦਿਆ ਪ੍ਰੇਮ ਹਿੰਦੂ ਭਾਈਆਂ ਦੇ ਦਿਲਾਂ ਉਤੇ ਉਕਰ ਦਿਤਾ ਹੈ। ਰਾਮਾਵਤਾਰ ਉਤੇ ਹੋਣ ਵਾਲਿਆਂ ਹਮਲਿਆਂ ਦੇ ਤੁਲਸੀ ਜੀ ਦੇ ਮਤ ਅਨੁਸਾਰ ਉਤਰ ਦਿਤੇ ਹਨ। ਭਾਵ ਪ੍ਰਕਾਸ਼ਨੀ ਗ੍ਰੰਥ ਹਿੰਦੂ ਸਮਾਜ ਉਤੇ ਸਿਖਾਂ ਦਾ ਉਪਕਾਰ ਹੈ। ਹਿੰਦੂ ਵੀਰ ਮੰਨਦੇ ਵੀ ਹਨ। ਵੈਰਾਗੀ ਵੀਰ ਰਾਮ ਜੀ ਦੇ ਕਟੜ ਉਪਾਸ਼ਕ ਹੋਂਦੇ ਹਨ। ਓਹਨਾਂ ਦਾ ਰਾਮਾਇਣ ਗ੍ਰੰਥ ਪੰਜਵਾਂ ਵੇਦ ਹੈ। ਜਦੋਂ ਕੋਈ ਧਾਰਮਿਕ-ਅੜਿੱਕਾ ਪੈ ਜਾਵੇ ਤਾਂ ਭਾਵ ਪ੍ਰਕਾਸ਼ਨੀ ਟੀਕੇ ਨੂੰ ਆਦਰ ਨਾਲ ਖੋਲ੍ਹ ਕੇ ਕਹਿੰਦੇ ਹਨ, 'ਪੰਜਾਬੀ ਬਾਵਾ ਐਸੇ ਕਹਿਤਾ ਹੈ।" ਗਿਆਨੀ ਜੀ ਦਾ ਟੀਕਾ ਝਗੜੇ ਨਿਬੇੜਨ ਲਈ ਸਾਲਸ ਹੋਂਦਾ ਹੈ। ਜਦ ਤਕ ਤੁਲਸੀ ਰਾਮਾਇਣ ਦਾ ਬੋਲ ਬਾਲਾ ਰਹੇਗਾ, ਤਦ ਤਕ ਗਿਆਨੀ ਜੀ ਵਿਦਵਾਨਾਂ ਨੂੰ ਯਾਦ ਰਹਿਣਗੇ। ਮਾਨਸ ਪੀਊਸ਼ ਨਾਂ

ਦੇ ਵਡੇ ਸਾਰੇ ਗ੍ਰੰਥ ਵਿਚ ਅੱਜ ਤਕ ਜਿੰਨੇ ਟੀਕੇ ਰਾਮਾਇਣ ਦੇ ਹੋਏ ਹਨ, ਓਹਨਾਂ ਸਾਰਿਆਂ ਦੇ ਚੋਣਵੇਂ ਭਾਵ ਦਿਤੇ ਹੋਏ ਹਨ ।

ਪੰਜਾਬੀ ਜੀ (ਗਿਆਨੀ ਜੀ) ਦੇ ਬਹੁਤ ਸਾਰੇ ਪ੍ਰਸ਼ਨ ਤੇ ਉਤਰ ਹੂ ਬਹੂ ਉਤਾਰੇ ਹੋਏ ਹਨ। ਗਿਆਨੀ ਜੀ ਤੋਂ ਪਿਛਲੇ ਰਾਮਾਇਨੀ ਟੀਕਾਕਾਰਾਂ ਨੇ ਭਾਵ ਪ੍ਰਕਾਸ਼ਨੀ ਟੀਕੇ ਦੀ ਛਾਵੇਂ ਬਹਿਕੇ, ਕਲਮੀ ਜੌਹਰ ਦਿਖਾਏ ਹਨ।

ਏਸ ਟੀਕੇ ਉੱਤੇ, ਪੰਥ ਦੀ ਵਿਦਵਾਨ ਮੰਡਲੀ (ਨਿਰਮਲ ਸੰਪ੍ਰਦਾਇ) ਮਸਤ ਹੈ, ਟੀਕੇ ਵਿਚੋਂ ਫਲਾਸਫੀ, ਲੌਜਿਕ, ਗਿਆਨ, ਸਭਿਤਾ, ਪੁਰਾਣ, ਇਤਿਹਾਸ ਤੇ ਕਾਵਿ ਆਦਿ ਦੀ ਸੋਝੀ ਪੈ ਜਾਂਦੀ ਹੈ, ਏਸ ਟੀਕੇ ਦੀ ਇਕ ਖੂਬੀ ਇਹ ਵੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਮਾਨ ਆਉਂਦੇ ਹਨ। ਜਿਹੜੇ ਪੰਡਤ ਗੁਰਬਾਣੀ ਤੋਂ ਅਣਜਾਣ ਹੋਂਦੇ ਹਨ, ਓਹਨਾਂ ਨੂੰ ਗੁਰਬਾਣੀ ਦਾ ਚਮਤਕਾਰਾ ਵਿਖਾ ਜਾਂਦੇ ਹਨ। ਥਾਂ ਦੀ ਥੁੜ ਕਰਕੇ ਟੀਕੇ ਦੀ ਵੰਨਗੀ ਨਹੀਂ ਦੇ ਸਕਿਆ ਤੇ ਨਾ ਹੀ ਗਵਾਲ ਕਵੀ ਤੇ ਪਟਨੇ ਸਾਹਿਬ ਦੇ ਮਹੰਤ ਅਤੇ ਪ੍ਰਸਿਧ ਵਿਦਵਾਨ ਬਾਬਾ ਸੁਮੇਰ ਸਿੰਘ* ਜੀ ਦੀਆਂ ਛੰਦਾਬੰਦੀ ਵਿਚ ਰਾਵਾਂ ਹੀ ਦੇ ਸਕਿਆ ਹਾਂ।

---

*ਆਪ ਵਰਤਮਾਨ ਸਮੇਂ ਦੇ ਹਿੰਦੀ ਦੇ ਮਹਾਂ ਕਵੀ ਪੰਡਿਤ ਅਜੁਧਿਆ ਸਿੰਘ ਉਪਾਧਿਆਏ ਦੇ ਕਾਵਜ ਗੁਰੂ ਸਨ।



Digitized by Panjab Digital Library | www.panjabdigilib.org

# ਚਲੋ ਪੰਜਾਬੋਂ ਬਾਹਰ

ਅਰਦਾਸ ਵਿਚ, ਸਿਖ ਹਰ ਰੋਜ਼ ਸਰਬੱਤ ਦਾ ਭਲਾ ਮੰਗਦਾ ਹੈ, ਏਸੇ ਖਿਆਲ ਨੂੰ ਹਰ ਥਾਂ ਤੇ ਪ੍ਰਚਾਰਨਾ ਚਾਹੁੰਦਾ ਹੈ ਪਰ ਸਿਖ ਹਰ ਥਾਂ ਪੰਜਾਬ ਦੇ ਕੁਝ ਜ਼ਿਲੇ ਹੀ ਸਮਝੀ ਬੈਠਾ ਹੈ। ਏਸੇ ਲਈ ਪਹਿਲੀਬੋਲੀ ਨਾਲ ਹੀ ਓਹਦਾ ਵਾਸਤਾ ਹੈ, ਜੇ ਓਹ ਹੋਰ ਸੂਬਿਆਂ ਜਾਂ ਪਰਦੇਸਾਂ ਵਿਚ ਜਾ ਕੇ ਹੀ ਪ੍ਰਚਾਰ ਦੀ ਖਾਹਸ਼ ਕਰੇ ਤਾਂ ਛਤੀਰਾਂ ਨੂੰ ਜੱਫੇ ਮਾਰਨ ਵਾਲੀ ਗੱਲ ਹੈ। ਪ੍ਰਚਾਰ ਏਹੋ ਹੀ ਨਹੀਂ ਕਿ ਅਗਲੇ ਨੂੰ ਤੇਗ ਦੇ ਜ਼ੋਰ ਜਾਂ ਲਬ ਲਾਲਚ ਨਾਲ ਸਿਖ ਬਣਾ ਲਈਏ। ਪ੍ਰਚਾਰ ਏਹ ਵੀ ਹੈ ਕਿ ਅਗਲਿਆਂ ਨੂੰ ਆਪਣਿਆਂ ਸੁਨਹਿਰੀ ਅਸੂਲਾਂ ਤੋਂ ਜਾਣੂ ਕਰਾ ਦੇਈਏ। ਸਵਾਲ ਫੇਰ ਓਹੋ ਉਠਦਾ ਹੈ ਪਈ ਜਾਣੂ ਕਿਵੇਂ ਕਰਾਈਏ ? ਅਸੀਂ ਤਾਂ ਖੂਹ ਦੇ ਡੱਡੂ ਬਣੇ ਹੋਏ ਹਾਂ। ਆਪਣੀ ਛੋਟੀ ਜਿੰਨੀ ਧਰਮਸਾਲਾ ਵਿਚ ਲੈਕਚਰ ਕਰਾ ਦੇਣਾ ਤੇ ਢੋਲਕੀਆਂ ਛੈਣਿਆਂ ਨੂੰ ਕੁੱਟਣਾ ਹੀ ਕੁੱਪੀ ਫੰਡਣਾ ਸਮਝੀ ਬੈਠੇ ਹਾਂ। ਅਸੀਂ ਹੋਰਨਾਂ ਦੇਸ਼ਾਂ ਵਿਚ ਜਾਂਦੇ ਹਾਂ ਪਰ ਗੁਰੂ ਨਾਨਕ ਦੀ ਆਵਾਜ਼ ਜਾਂ ਮਨੁਖਤਾ ਦੀ ਆਵਾਜ਼ ਸੁਣਾਉਣ ਲਈ ਨਹੀਂ ਸਿਰਫ ਪੇਟ ਲਈ ਬਦੇਸ਼ਾਂ ਵਿਚ ਮਾਰੇ ਮਾਰੇ ਫਿਰਦੇ ਹਾਂ। ਏਹ ਗੱਲਾਂ ਕਿਉਂ ਕਰਦੇ ਹਾਂ ? ਕਿਉਂਕਿ ਅਸੀਂ ਕਰਮ ਯੋਗੀ ਰਹੇ ਨਹੀਂ। ਆਪਣੇ ਘਰ ਦੀ ਖੋਜ ਨਹੀਂ ਕਰਦੇ ਤੇ ਬਾਹਰਵਾਰ ਝਾਤੀ ਮਾਰਨ ਦੀ ਲੋੜ ਨਹੀਂ ਸਮਝਦੇ।

ਸਾਡੇ ਕੁਝ ਸਿਆਸੀ ਲੀਡਰ ਜਿਹੜੇ ਧਾਰਮਿਕ ਹੋਣ ਦਾ ਵੀ ਦਾਅਵਾ ਕਰਦੇ ਹਨ ਓਹ ਜਟ ਗ਼ੈਰ ਜੱਟ ਦੀ ਢੁੱਚਰ ਡਾਹ ਕੇ ਆਪਣੀਆਂ ਗ਼ਰਜ਼ਾਂ ਪੂਰੀਆਂ ਕਰਦੇ ਹਨ। ਚੌਧਰ-ਹੂਰ ਦੇ ਆਸ਼ਿਕ, ਗੁਰੂ ਦੇ



Digitized by Panjab Digital Library | www.panjabdigilib.org

ਮਿਸ਼ਨ ਤੋਂ ਡਿਗ ਕੇ ਕੋਝਾ ਰਾਹ ਫੜ ਲੈਂਦੇ ਹਨ ਤੇ ਮੂੰਹੋਂ ਰਟੀ ਜਾਂਦੇ ਹਨ, 'ਗੁਰੂ ਨਾਨਕ ਦਾ ਮਿਸ਼ਨ ਹੈ ਸਭ ਨੂੰ ਇਕ ਜਾਣਨਾ ਤੇ ਸਭ ਦਾ ਭਲਾ ਚਾਹੁਣਾ। ਬੇ-ਸਮਝ ਜਨਤਾ ਰੀਝ ਪੈਂਦੀ ਹੈ।

ਏਹ ਸਜਣ ਆਪਣੇ ਹੀ ਇਲਾਕੇ ਵਿਚ ਇਕ ਦੋ ਛੋਟੇ ਮੋਟੇ ਚਲੰਤ ਦੀਵਾਨ ਕਰਾ ਕੇ ਖਲਕਤ ਨੂੰ ਪਰਚਾ ਛਡਦੇ ਹਨ। ਕਿਉਂਕਿ ਆਪਣੇ ਇਲਾਕੇ ਵਿਚੋਂ ਅਲੈਕਸ਼ਨਾਂ ਲੜਨੀਆਂ ਹੋਂਦੀਆਂ ਹਨ। ਏਸ ਲਈ ਕੁਝ ਕਰਨਾ ਪੈਂਦਾ ਹੈ। ਪਿਟਣਾ ਤਾਂ ਮੈਂਬਰੀ ਦਾ ਹੈ। ਤੌਂਖਲਾ ਤਾਂ ਲੀਡਰੀ ਦਾ ਹੋਂਦਾ ਹੈ। ਏਸ ਲਈ ਥੋੜੀ ਥਾਂ ਵਿਚ ਹੀ ਚੱਕੂ ਚਲਾਉਣਾ ਪੈਂਦਾ ਹੈ। ਏਥੇ ਏਨੀ ਗਲ ਧਿਆਨ ਰਖਨ ਵਾਲੀ ਹੈ ਕਿ ਕਈ ਵਾਰੀ ਅਸੀਂ ਸੱਚੇ ਦਿਲੋਂ ਵੀ ਇਲਾਕੇ ਵਿਚ ਇਕ ਅਧਾ ਧਾਰਮਿਕ ਅਕੱਠ ਕਰ ਕੇ ਪਰਸੰਨ ਹੋ ਜਾਂਦੇ ਹਾਂ। ਏਹ ਪ੍ਰਸੰਨਤਾ ਸਾਡੀ ਵਿਦਿਆ ਤੇ ਸੂਝ ਨਾ ਹੋਣ ਕਰਕੇ ਹੋਂਦੀ ਹੈ। ਕਿਉਂਕਿ ਆਲਸਾਂ ਤੇ ਗਰਜਾਂ ਨੇ ਸਾਡਾ ਘੇਰਾ ਸਉੜਾ ਕੀਤਾ ਹੋਇਆ ਹੈ। ਅਸੀਂ ਬਾਹਰ ਨਹੀਂ ਜਾਂਦੇ। ਸਾਡੇ ਬਹੁਤੇ ਗੁਰੂ ਸਾਹਿਬਾਨ ਬਾਹਰ ਜਾਂਦੇ ਤੇ ਸਿੱਖਾਂ ਨੂੰ ਪਰਦੇਸੀਂ ਘਲਦੇ ਰਹੇ। ਭਾਈ ਗੁਰਦਾਸ ਜੀ ਆਗਰੇ ਤੇ ਕਾਂਸ਼ੀ ਵਿਚ ਪ੍ਰਚਾਰ ਕਰਦੇ ਰਹੇ। ਏਸੇ ਕਰ ਕੇ ਕਬਿੱਤ ਸ੍ਵੈਆਂ ਦੀ ਬੋਲੀ ਓਧਰ ਦੀ ਹੈ। ਨਾਮੀ ਤੀਰਥਾਂ ਉਤੇ ਸਾਡਾ ਨਿਸ਼ਾਨ ਝੁਲ ਗਿਆ ਸੀ। ਵਡਿਆਂ ਸ਼ਹਿਰਾਂ ਵਿਚ ਸੰਗਤਾ ਕਾਇਮ ਹੋ ਗਈਆਂ ਸਨ। ਬਾਹਰਲਿਆਂ ਸੂਬਿਆਂ ਦੇ ਕਈ ਸਿਖ ਮਸ਼ਹੂਰ ਹੋ ਗੁਜ਼ਰੇ ਹਨ। ਦੂਰ ਕੀ ਜਾਣਾ ਹੈ ਪੰਜਾਂ ਪਿਆਰਿਆਂ ਵਿਚ ਵੀ ਬਾਹਰਲਾ ਸਿਖ ਸੀ।

ਜੇ ਅਸੀਂ ਪਰਦੇਸਾਂ ਵਿਚ ਕੰਮ ਧੰਦੇ ਲਈ ਜਾਈਏ ਤਾਂ ਇਕ ਨਿਕਾ ਜਿਹਾ ਗੁਰਦਵਾਰਾ ਬਣਾ ਕੇ ਬਹਿ ਜਾਂਦੇ ਹਾਂ। ਗਵਾਂਢੀਆਂ ਨੂੰ ਪਤਾ ਨਹੀਂ ਲਗਦਾ ਕਿ ਏਹ ਕੌਣ ਹਨ ਜਾਂ ਕੀ ਕਰਦੇ ਹਨ? ਪਰਦੇਸਾਂ ਵਿਚ ਓਪਰੇ ਓਪਰੇ ਇਉਂ ਰਹਿੰਦੇ ਹਾਂ ਜਿਵੇਂ ਨਾਮ ਦੇਵ ਜੀ ਸਾਨੂੰ ਹੀ ਕਹਿ ਰਹੇ ਹਨ:—

"ਦਵਾਰਕਾ ਨਗਰੀ ਕਾਹੇ ਕੇ ਮਗੋਲ"

ਹੋਰ ਤਾਂ ਛਡਿਆ ਸਾਡੇ ਵਿਚ ਹਿੰਦੀ ਤੇ ਉਰਦੂ ਪੜ੍ਹੇ ਵੀ ਬਹੁਤ ਥੋੜ ਹਨ। ਕੁਝ ਆਪਾ ਘਟਾਊ ਬਿਰਤੀ ਵੀ ਹੈ। ਉਰਦੂ ਫਾਰਸੀ ਦੀਆਂ ਡਿਗਰੀਆ ਲੈ ਕੇ ਵੀ ਉਰਦੂ ਫ਼ਾਰਸੀ ਵਿਚ ਗਲ ਕਰਨੋ ਝੇਪਦੇ ਹਾਂ। ਦੂਜਿਆਂ ਦਾ ਪਰਭਾਵ ਆਪਣੇ ਉਤੇ ਪਵਾ ਲੈਂਦੇ ਹਾਂ ਜਾਂ ਓਹਨਾਂ ਨੂੰ ਮਿਲਣੋਂ ਗਿਲਣੋਂ ਕੰਨੀ ਕਤਰਾਉਂਦੇ ਹਾਂ ਤੇ ਅਗਲੇ ਤਾਈ ਆਵਾਜ਼ ਕਿਸ ਤਰ੍ਹਾਂ ਪੁਚਾਉਣੀ ਹੋਈ?

ਗੁਰੂ ਨਾਨਕ ਦੀ ਕਰਨੀ ਤੋਂ ਹਿੰਦਵਾਸੀ ਇਨਕਾਰੀ ਨਹੀਂ। ਏਹ ਨਾਂ ਹੀ ਧੂਹਾਂ ਪਾਉਣ ਵਾਲਾ ਹੈ। ਬਸ ਮਸਾਲਾ ਤਿਆਰ ਹੈ। ਅਫਸੋਸ ਕਿ ਸਾਨੂੰ ਇਮਾਰਤ ਬਣਾਉਣ ਦਾ ਚੱਜ ਨਹੀਂ ਆਉਂਦਾ। ਡਾਕਟਰ ਅੰਬੇਦਕਾਰ ਦੇ ਸਾਥੀ ਅਛੂਤ ਭਾਈਆਂ ਵਿਚ ਪ੍ਰਚਾਰ ਕੀਤਾ, ਮਦਰਾਸ ਤਕ ਲੈਕਚਰ ਜਾ ਦਿੱਤੇ, ਬੰਬਈ ਵਿਚ ਕਾਲਜ ਖੋਲ੍ਹ ਕੇ ਨਿੱਗਰ ਕੰਮ ਨ ਹੋਇਆ। ਅਸੀਂ ਪਹਿਲਾਂ ਹੀ ਸਿੰਘ ਸਜਾਣ ਲਗ ਜਾਂਦੇ ਹਾਂ। ਵੇਲਾ ਹੈ ਗੁਰ ਨਾਨਕ ਸਾਹਿਬ ਦੇ ਖਿਆਲ ਪ੍ਰਗਟਾਣ ਦਾ ਹਰ ਇਕ ਨੂੰ ਇਨਸਾਨ ਸਮਝਣ ਦਾ। ਸਿੰਘ ਤਾਂ ਸਿਰ ਲੱਥ ਖੁਦਾਈ ਖਿਦਮਤਗਾਰ ਦਾ ਨਾਂ ਹੈ। ਓਹ ਬਹੁਤੀ ਔਖੀ ਸਟੇਜ ਹੈ। ਬੰਬਈ ਆਦਿ ਵਿਚ ਅਸਾਂ ਜ਼ਮੀਨ ਤਿਆਰ ਨਹੀਂ ਸੀ ਕੀਤੀ ਬੂਟੇ ਉਗਾਉਨੇ ਚਾਹੀਏ, ਨਤੀਜੇ ਵਜੋਂ ਕਾਫੀ ਨਿਰਾਸਤਾ ਦਾ ਮੂੰਹ ਤੱਕਣਾ ਪਿਆ। ਇੱਕ ਗਲ ਹੋਰ ਵੀ ਸੀ ਅੰਗਰੇਜ਼ੀ ਪੜ੍ਹੇ ਪ੍ਰਚਾਰਕ ਥੋੜੇ ਸਨ ਜੋ ਹੈ ਸਨ ਓਹਨਾਂ ਨੂੰ ਆਪਣੇ ਘਰ ਦੀ ਵਾਕਫੀ ਘੱਟ ਸੀ। ਕੁਝ ਸਾਲ ਹੋਏ, ਯੂ. ਪੀ. ਵਿਚ ਅੰਮ੍ਰਿਤ ਪ੍ਰਚਾਰ ਵੀ ਕਾਮਯਾਬ ਹੋਇਆ। ਸਬੱਬ ਸੀ ਕਿ ਓਥੋਂ ਦੀਆਂ ਨੀਵੀਆਂ ਜ਼ਾਤਾਂ ਨੇ ਭਗਤ ਸ੍ਰੀ ਕਬੀਰ, ਰਵਿਦਾਸ ਜੀ ਵਗੈਰਾ ਦੀ ਬਾਣੀ ਦੇ ਗੁਰੂ ਗ੍ਰੰਥ ਸਾਹਿਬ ਵਿਚੋਂ ਹਵਾਲੇ ਸੁਣੇ। ਜੁਲਾਹਿਆਂ ਚਮਾਰਾਂ ਨੇ ਦੇਖਿਆ ਕਿ ਸਿੱਖਾਂ ਨਾਲ ਸੰਬੰਧ ਤਾਂ ਸਦੀਆਂ ਤੋਂ ਚਲਾ ਆਉਂਦਾ ਹੈ। ਸਿੰਘ ਬਣ ਗਏ। ਏਥੇ ਜ਼ਮੀਨ ਤਿਆਰ ਹੈ ਹੋਰ ਵੀ ਪ੍ਰਚਾਰ ਹੋ ਸਕਦਾ ਹੈ। ਗਲ ਕੀ ਪਹਿਲਾਂ ਤਾਂ, ਸਿੱਖੀ ਦਾ ਇਨਸਾਨੀਅਤ ਨਾਲ ਸੰਬੰਧ ਦਸਣਾ



Digitized by Panjab Digital Library | www.panjabdigilib.org

ਪੈਣਾ ਹੈ ਫੇਰ ਅਗਲਾ ਪੜਾ ਅੰਮ੍ਰਿਤ ਦਾ ਹੈ ।

ਗੁਰੂ ਸਾਹਿਬਾਨ ਵੇਲੇ ਮੁਸਲਿਮ ਵੀਰ ਵੀ ਉਪਦੇਸ਼ ਲੈਂਦੇ ਸਨ । ਪਾਤਸ਼ਾਹ ਜਹਾਂਗੀਰ ਏਹ ਗਲ ਮੰਨਦਾ ਹੈ । ਹੁਣ ਅਸੀਂ ਸਿਰਫ ਅੰਮ੍ਰਿਤ ਉੱਤੇ ਜ਼ੋਰ ਦੇਦੇ ਹਾਂ ਤੇ ਲੋਕ ਤ੍ਰਹਿਕਦੇ ਹਨ । ਮੁਸਲਮਾਨਾਂ ਵਿਚ ਪਹਿਲਾਂ ਗੁਰੂ ਨਾਨਕ ਦੇ ਅਸੂਲਾਂ ਦਾ ਪ੍ਰਚਾਰ ਕਰਨਾ ਪਵੇਗਾ । ਹਿੰਦੂ ਖੁਲ੍ਹ ਦਿਲੇ ਹੋਂਦੇ ਹਨ ਤਾਂ ਹਰ ਗਲ ਨੂੰ ਸੁਣਨਾ ਚਾਹੁੰਦੇ ਹਨ । ਮਿਸਾਲ ਵਜੋਂ ਮਹਾਂ ਕਵੀ ਟੈਗੋਰ, ਡਾਕਟਰ ਇਕਬਾਲ ਨਾਲੋਂ ਸ਼ਾਇਦ ਸ਼ਾਇਰਨਾ ਗੁਣ ਵਿਚ ਵਧ ਨਹੀਂ ਸਨ, ਪਰ ਓਹ ਖੁਲ੍ਹ ਦਿਲੇ ਵਧੇਰੇ ਸਨ । ਖੁਲ੍ਹ ਦਿਲਾ ਦਲੀਲ ਦੀ ਗਲ ਜਲਦੀ ਮੰਨ ਸਕਦਾ ਹੈ । ਸਾਨੂੰ ਵਕਤ, ਤੇ ਦੇਸ਼ ਦਾ ਖਿਆਲ ਰਖਦਿਆਂ ਹੋਇਆ ਆਪਣਾ ਪ੍ਰਚਾਰ ਕਰਣਾ ਪੈਣਾ ਹੈ । ਮਨ ਘੜਤ ਹਿੱਤਾਂ ਬਹਿਤਾਂ ਛਡਣੀਆਂ ਪੈਣੀਆਂ ਹਨ । ਏਸ ਤਰ੍ਹਾਂ ਹਿੰਦੂ ਤੇ ਮੁਸਲਮਾਨ ਕਦਰ ਕਰਨਗੇ । ਸਾਡਾ ਸਦਕਾ ਬਾਲਾ ਤੇ ਮਰਦਾਨਾ ਅਕੱਠੇ ਬਹਿਣੇ ਹਨ ਤੇ ਮਲਿਕ ਭਾਗੋ ਪਛਤਾਵਾ ਕਰ ਸਕਦਾ ਤੇ ਲਾਲੋ ਪ੍ਰਧਾਨ ਬਣ ਸਕਦਾ ਹੈ ।

----



Digitized by Panjab Digital Library | www.panjabdigilib.org

# ਅਰਦਾਸ

ਸਾਡੀ ਅਰਦਾਸ ਭਗਉਤੀ ਲਫ਼ਜ਼ ਤੋਂ ਚਲਦੀ ਹੈ। ਭਗਉਤੀ ਤਲਵਾਰ ਦਾ ਨਾਂ ਹੈ, ਸਿਖ ਸਾਹਿਤ ਵਿਚ ਭਗਉਤੀ ਦਾ ਅਰਥ ਤਲਵਾਰ ਹੀ ਹੋ ਗਿਆ ਹੈ। ਇਹ ਅਰਥ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਹੀ ਨਹੀਂ ਪ੍ਰਚੱਲਤ ਹੋਇਆ ਸਗੋਂ ਭਾਈ ਗੁਰਦਾਸ ਨੇ ਵੀ ਲਿਖਿਆ ਹੈ—

ਨਾਉਂ ਭਗਉਤੀ ਲੋਹ ਘੜ੍ਹਾਇਆ।

ਹੁਣ ਦੇਖਣਾ ਇਹ ਹੈ ਪਈ ਸਭ ਤੋਂ ਪਹਿਲਾਂ ਤਲਵਾਰਾਂ ਨੂੰ ਕਿਉਂ ਧਿਆਇਆ ਤੇ ਇਹ ਤਲਵਾਰ ਕੇਹੜੀ ਹੈ? ਬਾਬੇ ਬੰਦੇ ਜੀ ਵੇਲੇ ਜਿੱਤਾਂ ਹੋਈਆਂ, ਥਾਵਾਂ ਮੱਲੀਆਂ, ਗੜ੍ਹ ਉਸਰੇ ਨਿਸ਼ਾਨ ਝੂਲੇ ਤੇ ਸਿੱਕੇ ਚਲੇ। ਓਹਨਾਂ ਸਿੱਕਿਆਂ ਉਤੇ ਉਕਰਿਆ ਗਿਆ—

*ਦੇਗੋ ਤੇਗੋ ਫਤਹ ਨੁਸਰਤ ਬੇਦਰੰਗ।
ਯਾਫਤ ਅਜ਼ ਨਾਨਕੇ ਗੁਰੂ ਗੋਬਿੰਦ ਸਿੰਘ।

ਦੇਗ ਦੇ ਬੜੇ ਖੁਲ੍ਹੇ ਅਰਥ ਹੋਏ, ਗੁਰੂ ਨਾਨਕ ਨੇ ਦੇਗ ਚਲਾਈ

---

*ਮਹਾਰਾਜਾ ਰਣਜੀਤ ਸਿੰਘ ਦੇ ਸਿੱਕੇ ਤੇ ਵੀ ਇਹੋ ਅੱਖਰ ਸਨ।



Digitized by Panjab Digital Library | www.panjabdigilib.org

ਲੰਗਰ ਲਗਾਉਣ ਦੀ ਪਿਰਤ ਪਾਈ ਦੂਜੇ ਤੀਜੇ ਗੁਰੂ ਨੇ ਲੰਗਰ ਲਾ ਕੇ ਵਰਣ ਭੇਦ ਦਾ ਵਹਿਮ ਗਵਾਇਆ। ਅਕੱਠਿਆਂ ਬਹਿਣ ਤੇ ਵੰਡ ਕੇ ਖਾਣ ਦਾ ਵੱਲ ਸਿਖਾਇਆ। ਇਸ ਤਰ੍ਹਾਂ ਸਾਂਝੀਵਾਲਤਾ ਦਾ ਪੂਰਨਾ ਪਾਇਆ। ਸੋ ਦੇਗ ਪਦ ਸਜੀਵਲਤਾ ਦਾ ਰੰਗ ਲਈ ਬਣਾ ਹੈ। ਦੇਗ ਦੇ ਨਾਲ ਹੈ ਤੇਗ। ਗੁਰੂ ਨਾਨਕ ਦੀ ਦੇਗ ਚਲਾਈ ਹੋਈ ਤਾਂ ਦਸਵੇਂ ਸਾਹਿਬ ਪਾਸ ਆਈ ਪਰ ਸਿਕੇ ਦੀ ਮੋਹਰ ਕਹਿੰਦੀ ਹੈ ਤੇਗ ਵੀ ਪਹਿਲੇ ਤੋਂ ਦਸਵੇਂ ਗੁਰਦੇਵ ਨੇ ਲਈ। ਮੋਹਰ ਵਿਚ ਵੀ ਤੇਗ ਦਾ ਅਰਥ ਭਗਉਤੀ ਹੋਇਆ ਹੈ ਤੇ ਏਸੇ ਤਲਵਾਰ ਵਿਚ ਜੀਵਨ ਦਾ ਜੌਹਰ ਦਿਖਾਉਣ ਵਾਲੇ ਅਰਥ ਰਖੇ ਗਏ ਹਨ। ਗੁਰੂ ਨਾਨਕ ਜੀ ਨੇ ਬਾਬਰੀ ਦਗੜ ਦਗੜ ਨੂੰ ਬਹੁਤ ਬੁਰਾ ਜਾਤਾ। ਸ਼ਹਿਰਾਂ ਦੇ ਮਸਾਣ ਬਣਦਿਆਂ ਦੇਖ ਕੇ ਚਮਕ ਕੇ ਬੋਲੇ। ਆਪ ਨੂੰ ਗ੍ਰਿਫਤਾਰ ਕੀਤਾ ਗਿਆ। ਸ਼ਾਹ ਕੋਲੋਂ ਡਰਿਆਂ ਕੇ ਮੁਆਫ਼ੀ ਨਹੀ ਮੰਗੀ। ਲੋਕਾਂ ਦੀ ਕਾਇਰਤਾ ਦੇਖ ਕੇ ਦਿਲ ਨ ਛੱਡਿਆ ਸਗੋਂ ਜਨਤਾ ਨੂੰ ਬਹਾਦੁਰ ਬਣਾਉਣ ਲਈ ਲੱਕ ਬੰਨ੍ਹ ਲਿਆ। ਗੁਰੂ ਦੇਵ ਜ਼ਾਹਰਾ ਨ ਸਿਪਾਹੀ ਨਹੀਂ ਬਣਏ, ਸਗੋਂ ਅਜਿਹੇ ਸਿਪਾਹੀ ਤਿਆਰ ਕੀਤੇ ਜਿਹੜੇ ਸ਼ਸਤ੍ਰਧਾਰੀਆਂ ਤੋਂ ਵੀ ਵਡੇ ਦਿਲ ਵਾਲੇ ਸਨ। ਆਪ ਨੇ ਜਿਗਰੇ ਤੇ ਹੌਸਲੇ ਦੀ ਭਗਉਤੀ ਚੁੱਕੀ ਤੇ ਦਸਮੇਸ਼ ਜੀ ਨੇ ਇਸਦਾ ਸਦਕਾ ਹੱਥ ਵਿਚ ਤਲਵਾਰ ਲੈ ਲਈ। ਮੁਕਦੀ ਗਲ ਪਹਿਲੇ ਗੁਰੂ ਜੀ ਨੇ ਵੀ ਤਲਵਾਰ ਦੀ ਲੋੜ ਸਮਝੀ ਹੋਈ ਸੀ। ਮੋਹਰਾਂ ਬਣਾਉਣ ਵਾਲਿਆਂ ਗੁਰੂ ਦੀ ਸਹੀ ਸਪਿਰਟ ਨੂੰ ਲੈ ਲਿਆ ਸੀ। ਗੁਰੂ ਸਾਹਿਬਾਨ ਨੇ ਇਤਿਹਾਸਾਂ ਦੀ ਸਟੱਡੀ ਕੀਤੀ ਹੋਈ ਸੀ ਓਹਨਾਂ ਤਤ ਕਢ ਲਿਆ ਸੀ ਕਿ ਨੇਕੀ ਨੂੰ ਵੀ ਬਦੀ ਦੀ ਤਲਵਾਰ ਕੁਝ ਚਿਰ ਲਈ ਦਬਾ ਜਾਂਦੀ ਹੈ ਤੇ ਚੰਗੀ ਗਲ ਵੀ ਤਲਵਾਰ ਜਾਂ ਤਾਕਤ ਵਾਲੇ ਤੋਂ ਜਲਦੀ ਫੈਲਦੀ ਹੈ। ਬੁੱਧ ਮਤ ਜਲਦੀ ਫੈਲਿਆ ਸੀ ਕਿਉਂਕਿ ਰਾਜਿਆਂ ਨੇ ਮਤ ਕਬੂਲ ਲਿਆ ਸੀ। ਬਾਹਮਣਾਂ ਨੇ ਹੱਥ ਵਿਚ ਤਾਕਤ ਲੈਣੀ ਸ਼ੁਰੂ ਕੀਤੀ ਤਾਂ ਬੁੱਧ ਮਤ ਵੀ ਢਲਣਾ ਸ਼ੁਰੂ ਹੋ ਗਿਆ।



Digitized by Panjab Digital Library | www.panjabdigilib.org

ਜਦ ਦਸਵੇਂ ਗੁਰੂ ਨੇ ਡਿੱਠਾ ਕਿ ਔਰੰਗਜ਼ੇਬ ਭਗਉਤੀ ਦੀ ਰਾਹੀਂ ਮਨਮਰਜ਼ੀ ਕਰ ਰਿਹਾ ਹੈ ਤਾਂ ਓਹਨਾਂ ਚੰਡੀ ਨੂੰ ਹਥ ਵਿਚ ਲਿਆ। ਓਧਰ ਇਤਿਹਾਸ ਨੇ ਆਪਣੇ ਆਪ ਨੂੰ ਦੁਹਰਾਇਆ। ਏਧਰ ਗੁਰੂ ਸਾਹਿਬ ਨੇ ਧੱਕਾ ਜ਼ੋਰੀ ਰੋਕਣ ਦਾ ਅਖੀਰੀ ਉਪਾ ਕੀਤਾ। ਕਿਉਂਕਿ ਏਸ ਉਪਾ ਨੂੰ ਸ਼ਰਧਾ ਤੇ ਦਿਲ ਨਾਲ ਕਰਨਾ ਸੀ ਏਸ ਲਈ ਹਜ਼ੂਰ ਨੇ ਓਸੇ ਨੂੰ ਪਹਿਲਾਂ ਸਿਮਰਿਆ। ਜਿਸ ਨੂੰ ਗੁਰੂ ਸਿਮਰਨ ਲਗ ਪਵੇ ਤੇ ਓਸ ਤੋਂ ਸਿਖਾਂ ਕਿਵੇਂ ਮੂੰਹ ਮੋੜਨਾ ਸੀ? ਬਸ ਏਸੇ ਕਰ ਕੇ ਸਿਖ ਲੜੇ ਤੇ ਲੜੇ ਵੀ ਭੁਖਿਆਂ ਸ਼ੇਰਾਂ ਵਾਂਗ। ਓਹ ਲੱਖਾਂ ਕਸ਼ਟ ਸਹਿ ਕੇ ਏਸੇ ਲਈ ਲੜੇ ਕਿ ਓਹਨਾਂ ਦੀ ਹਥਿਆਰ ਉੱਤੇ ਸ਼ਰਧਾ ਬੜੀ ਵਿਚਾਰ ਨਾਲ ਕਰਾਈ ਗਈ ਸੀ।

ਅਰਦਾਸ ਵਿਚ ਨੌਵਾਂ ਗੁਰੂਆਂ ਦੇ ਨਾਵਾਂ ਤੋਂ ਬਾਅਦ ਅਸੀਂ ਵੇਲੇ ਮੁਤਾਬਿਕ ਬਣਾਉਂਦੇ ਗਏ ਤੇ ਇਵੇਂ ਦੁਮਿੰਟੀ ਤਵਾਰੀਖ ਬਣਾ ਲਈ ਹੈ। ਸਾਹਿਬਜ਼ਾਦਿਆਂ ਤੇ ਹੋਰ ਸਿੰਘਾਂ ਦੀ ਯਾਦ ਹੀ ਨਹੀਂ ਸਗੋਂ ਓਹਨਾਂ ਦੀ ਕਰਨੀ ਦੀ ਦਾਦ ਦੇ ਕੇ ਆਪਣੇ ਆਪ ਨੂੰ ਓਹਨਾਂ ਪਿਛੇ ਤੁਰਨ ਦੀ ਚਾਹ ਉਪਜਾਉਂਦੇ ਹਾਂ।

ਬਾਬੇ ਬੰਦੇ ਪਿਛੋਂ ਸੂਬੇ ਨੇ ਕਹਿਰੀ ਚੱਕ੍ਰ ਚਲਾਇਆ। ਸਿੰਘ ਵੇਲੇ ਦੀ ਭਾੜ ਵਿਚ ਕਾਹਨੂੰਵਾਲ ਦੇ ਛੰਬ ਤੇ ਬੀਕਾ ਨੇਰ ਵਿਚ ਝਟ ਲੰਘਾਉਣ ਲੱਗੇ। ਓਦੋਂ ਇਕ ਦੂਜੇ ਦਾ ਹਿਤ ਸੀ, ਈਰਖਾ ਦਾ ਨਾਂ ਨਹੀਂ ਸੀ। ਅਰਦਾਸ ਵਿਚ ਆਪਣਾ ਕਾਲਜਾ ਰਖ ਦਿਤਾ "ਜਹਾਂ ਜਹਾਂ ਖਾਲਿਸਾ ਜੀ ਸਾਹਿਬ ਤਹਾਂ ਤਹਾਂ ਰਛਿਆ ਰਿਆਇਤ।"

ਸਿੰਘਾਂ ਦਾ ਹਰਿਮੰਦਰ ਜਾਣਾ ਬੰਦ ਤੇ ਸ੍ਰੋਵਰ ਵਿਚ ਇਸ਼ਨਾਨ ਕਰਨਾ ਰੋਕਿਆ ਗਿਆ। ਗੁਰੂ ਦੇ ਸਿਖਾਂ ਸ੍ਰੀ ਅੰਮ੍ਰਿਤਸਰ ਦੇ ਇਸ਼ਨਾਨ ਕਰਨ ਦਾ ਇਰਾਦਾ ਤੇ ਨਿਕੰਮੇ ਹੁਕਮ ਨੂੰ ਤੋੜਨਦਾਪ੍ਰਣ ਕੀਤਾ ਤੇ ਅਗਲਿਆਂ ਲਈ ਮਿਸਾਲ ਕਾਇਮ ਕੀਤੀ। ਹਾਕਮਾਂ ਖਿਝ ਕੇ ਹਰਿਮੰਦਰ ਢਾਇਆ ਰੋਜ਼ ਪ੍ਰਣ ਕਰਨ ਵਾਲਿਆਂ ਮੰਦਰ ਉਸਾਰ ਕੇ ਰਖ ਦਿਤਾ। ਏਹ ਗੱਲਾਂ ਸ੍ਰੀ



Digitized by Panjab Digital Library | www.panjabdigilib.org

ਸਾਹਿਬ ਦੀ ਸਹਾਇਤਾ ਨਾਲ ਹੋਈਆਂ। ਏਹ ਓਹੋ ਸ੍ਰੀ ਸਾਹਿਬ ਜਿਸ ਨੂੰ ਪਹਿਲਾਂ ਧਿਆਇਆ ਸੀ।

ਅਰਦਾਸ ਵਿਚ ਹੌਂਸਲੇ ਦੀ ਸਪਿਰਟ ਪੂਰਣ ਤੇ ਅਮਨ ਸ਼ਾਂਤੀ ਲਈ ਅਰਜੋਈ ਤਾਂ ਹੈ ਪਰ ਨਿਰਾ ਹਾੜ੍ਹਾ ਤੇ ਤਰਲਾ ਹੀ ਨਹੀਂ। ਏਸ ਵਿਲਕਣੀ ਵਿਚ ਤਲਵਾਰ ਦੀ ਝਣਕਾਰ ਹੈ। ਅਰਦਾਸ ਵਿਅੰਗ ਵਾਲੀ ਕਵਿਤਾ ਹੈ ਜਿਸ ਵਿਚ ਬੀਰਤਾ ਨਾਲ ਖੁਦਾਈ ਖਿਦਮਤਗਾਰ ਹੋਣ ਦਾ ਭਾਵ ਹੈ। ਕਿਉਂਕਿ ਆ ਦਾ ਮੁਕਾਮ ਸਰਬੱਤ ਦੇ ਭਲੇ ਉਤੇ ਹੈ।

---



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1552

Digitized by Panjab Digital Library | www.panjabdigilib.org

# ਸਾਡੀਆਂ ਛਪੀਆਂ ਵਧੀਆ ਪੁਸਤਕਾਂ

### ਧਾਰਮਿਕ

ਲੈਕਚਰ ਮਹਾਂ ਚਾਨਣ ੫)
ਪ੍ਰਿੰਸੀਪਲ ਗੰਗਾ ਸਿੰਘ
ਸਿਖ ਧਰਮ ਫ਼ਿਲਾਸਫ਼ੀ
ਪ੍ਰਿੰਸੀਪਲ ਗੰਗਾ ਸਿੰਘ ੫)
ਪੂਰੇ ਗੁਰ ਕੀ ਵਡਿਆਈ ੩)
ਅਣਖੀਲਾ ਜਰਨੈਲ
ਸਰਦਾਰ ਹਰੀ ਸਿੰਘ ਨਲੂਆ ੨॥)
ਭਗਤ ਸਿੰਘ ਸ਼ਹੀਦ ੩)
ਜਲਾਵਤਨ ਮਹਾਰਾਜਾ
ਦਲੀਪ ਸਿੰਘ ੨॥)
ਸਰਦਾਰਨੀ ਸਦਾ ਕੌਰ ੨)

### ਵਧੀਆ ਨਾਵਲ

(ਗਿਆਨੀ ਤ੍ਰਿਲੋਕ ਸਿੰਘ)

ਖ਼ੂਨ ਕਿਸ ਕੀਤਾ ੨)
ਬਾਗ਼ੀ ਸੁੰਦਰੀ ੨)
ਪ੍ਰੀਤ ਅਧਵਾਟੇ ੨)
ਸੁੰਦਰਤਾ ਦੀ ਦੇਵੀ ੧॥)
ਸਮਾਜ ਦੇ ਆਗੂ ੨)
ਉਡੀਕ ਦਾ ਅੰਤ ੧॥)
ਬਾਗ਼ੀ ਹੁਸੀਨਾ ੨)

### ਧਾਰਮਿਕ ਕਵਿਤਾ

ਅਣਿਆਲੇ ਤੀਰ ੩॥)
ਅਰਸ਼ੀ ਚਾਨਣ ੨॥)
ਨਿਰੰਕਾਰੀ ਜੋਤਾਂ ੩)
ਸ਼ਹੀਦੀ ਜੋਤਾਂ ੨)
ਪ੍ਰੀਤ ਮੰਦਰ ੩)
ਪਰਮਾਰਥ ੩)
ਅੰਮ੍ਰਿਤਧਾਰਾਂ ੧॥)
ਉਪਕਾਰ ਦਰਸ਼ਨ ੨)
ਸ਼ਹਿਨਸ਼ਾਹੀਆਂ ੨।)

### ਸਾਹਿਤਕ ਕਵਿਤਾ

ਝੁਕੀਆਂ ਪਲਕਾਂ ੨)
ਕੋਈ ਯਾਦ ਕਰੇਗਾ ੧॥)
ਦੋਨੋਂ ਹੀ ਹੈਰਾਨ ੧॥)
ਪੰਜਾਬਣਾਂ ਦੇ ਗੀਤ ੨)
ਕਾਫ਼ੀਆਂ ਬੁਲ੍ਹੇ ਸ਼ਾਹ ੧॥)

ਸ: ਨਿਧਾਨ ਸਿੰਘ ਜੀ 'ਆਲਮ'
ਚਿਮਟੇ ਨਾਲ ਕੀਰਤਨ ਕਰਨ ਵਾਲੇ

ਆਲਮ ਝਲਕਾਰੇ ੧॥)
ਆਲਮ ਉਡਾਰੀਆਂ ੧॥)
ਆਲਮ ਤਰਾਨੇ ੧॥)
ਆਲਮ ਕਿਰਣਾਂ ੧॥)

### ਆਮ ਵਾਕਫ਼ੀ

ਨਵੀਨ ਰਸੋਈ ਸਿਖਿਆ ੩॥)
ਸੁਹਾਗ ਸੁਖ ੨)
ਬਿਜਲੀ ਮਾਸਟਰ ੬)
ਇੰਗਲਿਸ਼ ਟੀਚਰ ੪)
ਸੇਹਤ ਖ਼ੁਰਾਕ ਤੇ ਸੁੰਦਰਤਾ ੨॥)

ਇਹ ਅਤੇ ਹੋਰ ਹਰ ਪਰਕਾਰ ਦੀਆਂ ਪੁਸਤਕਾਂ ਮਿਲਣ ਦਾ ਪਤਾ—

## ਭਾਈ ਮੇਹਰ ਸਿੰਘ ਐਂਡ ਸੰਨਜ਼ ਪੁਸਤਕਾਂ ਵਾਲੇ

ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

Digitized by Panjab Digital Library | www.panjabdigilib.org